RNI No. - PUNPUN/2022/82997

ISSN : 2584-1211

# ਆਪਣੀ ਆਵਾਜ਼

## अपनी आवाज़ APNI AAWAAZ


| | | | | | | |
|---|---|---|---|---|---|---|
| Vol. 4 | Issue 1 | August 2025 | Punjabi Monthly | Published at Jalandhar | Price : Your Love & Affection | Page : 66 |
| ਸਾਲ 4 | ਅੰਕ 1 | ਅਗਸਤ 2025 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 66 |




ਫੋਟੋ : ਨੱਕਾਸ਼ ਚਿੱਤੇਆਣੀ

| ਸਾਲ 4 | Vol. 4 | ਅੰਕ 1 | Issue 1 | ਮਾਸਿਕ | Monthly | ਅਗਸਤ 2025 | August 2025 |
|---|---|---|---|---|---|---|---|

# Apni Aawaaz
Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਸੰਪਾਦਕੀ – ਸਫ਼ਰ ਜਾਰੀ ਰਹੇ.. | ਡਾ. ਰਾਮ ਮੂਰਤੀ | 3 |
| 2. ਸਪਤਾਹ | ਸੁਰਿੰਦਰ ਸਿੰਘ ਸੁੰਨੜ | 4 |
| 3. ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ | ਕਿਸ਼ਨ ਸਨਮੁੱਖ ਦਾਸ ਭਾਵਨਾਨੀ | 6 |
| 4. ਧਰਤੀ 'ਤੇ ਸਵਰਗੀ ਅਵਸਥਾ ਦਾ ਨਾਮ ਪਿਆਰ ਹੈ | ਜ਼ਫਰ ਇਕਬਾਲ ਜ਼ਫਰ | 9 |
| 5. 'ਹਾਰਟ ਲੈਂਪ' ਨੂੰ ਬੁਕਰ ਪ੍ਰਾਈਜ਼ | ਪ੍ਰੋ. ਨਵ ਸੰਗੀਤ ਸਿੰਘ | 11 |
| 6. ਬਰਸਾਤਾਂ ਤੋਂ ਪਹਿਲਾਂ ਕੋਠੇ ਲਿੱਪਣੇ | ਜ਼ੈਲਦਾਰ ਸਿੰਘ ਹੱਸਮੁਖ | 14 |
| 7. ਪੰਜਾਬ ਦੀ ਖੇਤੀ ਲਈ ਨਵਾਂ ਮਾਡਲ ਤਿਆਰ ਕਰਨ ਦੀ ਲੋੜ | ਅਮਰਜੀਤ ਟਾਂਡਾ | 15 |
| 8. ਤੇ ਉਹ ਦੌੜਦਾ ਗਿਆ | ਅਮਰਜੀਤ ਟਾਂਡਾ | 17 |
| 9. ਆਓ ਹੱਸੇ ਲੱਭ ਲਿਆਈਏ | ਜਸਪ੍ਰੀਤ ਕੌਰ ਸੰਘਾ | 18 |
| 10. ਪੰਜਾਬੀ ਦੀ ਪ੍ਰਸਿੱਧ ਚਰਚਿਤ ਲੇਖਿਕਾ ਕਮਲ ਗਿੱਲ ਯੂ.ਕੇ. ... | | 20 |
| 11. ਤਿੰਨ ਗਜ਼ਲਾਂ | ਕੁਲਬੀਰ ਸਿੰਘ ਕੰਵਲ | 21 |
| 12. ਤ੍ਰਿਕੂਟੀ | ਬਲਜਿੰਦਰ ਮਾਨ | 22 |
| 13. ਸੁਰਜੀਤ ਪਾਤਰ ਦੇ ਪ੍ਰਗੀਤਕ ਕਾਵਿ ਦਾ ਚਿਹਨ-ਸੰਸਾਰ | ਡਾ. ਸੰਦੀਪ | 24 |
| 14. ਰਾਜਿੰਦਰ ਰਾਜ਼ ਸਵੱਦੀ ਦੀ ਪੁਸਤਕ 'ਜ਼ਿੰਦਗੀ ਵਿਕਦੀ ਨਹੀ'.. | ਉਜਾਗਰ ਸਿੰਘ | 30 |
| 15. ਕਿੱਸਾ ਹੀਰ ਰਾਂਝਾ ਵਾਰਿਸ ਸ਼ਾਹ : ਅਧਿਆਤਮਕ ਪਰਿਪੇਖ | ਡਾ. ਰਾਮ ਮੂਰਤੀ | 32 |
| 16. ਵਿਕਾਸ ਵਿੱਚ ਵਿਨਾਸ਼ ਦਾ ਖੋਰਾ | ਪ੍ਰੋਮਿਲਾ ਅਰੋੜਾ | 37 |
| 17. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆਂ | 39 |
| 18. ਯੁੱਧ ਕੀਹਦੇ ਨਾਲ ਲੜੀਏ | ਲਖਵਿੰਦਰ ਸਿੰਘ ਬਾਜਵਾ | 43 |
| 19. ਸੰਤ ਸੰਧੂ ਦੀ ਇਨਕਲਾਬੀ ਚੇਤਨਾ | ਹਰਨੇਕ ਸਿੰਘ | 44 |
| 20. ਚਰਚਿਤ ਫਿਲਮ ਲੇਖਿਕਾ ਸਿੰਮੀਪ੍ਰੀਤ ਕੌਰ ਨੇ ਸੰਗੀਤਕ... | ਸ਼ਿਵਨਾਥ ਦਰਦੀ | 50 |
| 21. ਮਿੰਨੀ ਕਹਾਣੀਆਂ-ਡੱਕਾ ਨਹੀਂ ਤੋੜਨਾ | ਅਨੁਰਾਗ ਸ਼ਰਮਾ | 51 |
| 22 ਗਿਰਗਿਟ, ਖੁਸ਼ੀ | | 52 |
| 23. ਅਜੋਕੇ ਹਾਲਾਤ ਨੇ ਅੰਦਰੋਂ ਅੰਦਰੀਂ ਖ਼ਤਮ ਕੀਤਾ ਮਨੁੱਖ | ਸੰਜੀਵ ਸਿੰਘ ਸੈਣੀ | 53 |
| 24. ਰਾਮਗੜ੍ਹੀਆ ਐਸ਼ਵਰਯ ਦੀਆਂ ਝਲਕਾਂ | ਚੇਤਨ ਸਿੰਘ | 55 |
| 25. ਏ.ਆਈ. ਭਾਵ ਮਸ਼ੀਨੀ ਬੁੱਧੀ ਕੀ ਹੁੰਦੀ ਹੈ? | ਰਾਜਪਾਲ ਸਿੰਘ | 58 |
| 26. 'ਗੁਲਾਬੀ ਤਿਕੋਣ' ਕਹਾਣੀ ਸੰਗ੍ਰਹਿ ਵਿਚ ਪੇਸ਼ ਪ੍ਰਮੁੱਖ ਸਰੋਕਾਰ | | 61 |
| 27. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।

**ਆਪਣੀ ਆਵਾਜ਼**

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**

693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ



# ਸਫ਼ਰ ਜਾਰੀ ਰਹੇ ...

ਆਪਣੀ ਆਵਾਜ਼ ਮੈਗਜੀਨ ਪਿਛਲੇ 27 ਸਾਲਾਂ ਤੋਂ ਲਗਾਤਾਰ ਛਪ ਰਿਹਾ ਹੈ। ਇੱਕ ਮਾਸਿਕ ਸਾਹਿਤਿਕ ਰਸਾਲਾ ਕੱਢਣਾ ਆਪਣੇ ਆਪ ਵਿੱਚ ਇੱਕ ਵੱਡੀ ਚੁਣੌਤੀ ਹੈ ਜਿਸ ਨੂੰ ਸ. ਸੁਰਿੰਦਰ ਸਿੰਘ ਸੁੰਨੜ ਹੋਣਾ ਨੇ ਪਿਛਲੇ ਢਾਈ ਦਹਾਕਿਆਂ ਤੋਂ ਸਵੀਕਾਰ ਕੀਤਾ ਹੋਇਆ ਹੈ। ਆਪਣੀ ਆਵਾਜ਼ ਮੈਗਜੀਨ ਉਹਨਾਂ ਦੀ ਮਿਹਨਤ ਲਗਨ ਤੇ ਸਿਰੜ ਸਦਕਾ ਅੱਜ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਹੈ। ਇਹ ਮੈਗਜ਼ੀਨ ਅਮਰੀਕਾ ਤੋਂ ਵੀ ਪ੍ਰਕਾਸ਼ਿਤ ਹੁੰਦਾ ਰਿਹਾ, ਲਾਹੌਰ ਤੋਂ ਵੀ ਤੇ ਅੱਜ ਭਾਰਤੀ ਪੰਜਾਬ ਦੀ ਧਰਤੀ ਤੋਂ ਇਹ ਲਗਾਤਾਰ ਛਪ ਰਿਹਾ ਹੈ। ਇਸ ਰਸਾਲੇ ਨੇ ਪੰਜਾਬ ਦੇ ਸਾਹਿਤਿਕ ਹਲਕਿਆਂ ਵਿੱਚ ਆਪਣੀ ਇੱਕ ਵੱਖਰੀ ਪਛਾਣ ਬਣਾ ਲਈ ਹੈ। ਦੁਨੀਆ ਭਰ ਵਿੱਚ ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਲੇਖਕ ਹੋਵੇ ਜਿਹੜਾ ਇਸ ਰਸਾਲੇ ਦੇ ਨਾਂ ਤੋਂ ਵਾਕਿਫ਼ ਨਾ ਹੋਵੇ। ਅੱਜ ਇਸ ਰਸਾਲੇ ਵਿੱਚ ਛਪਣ ਵੇਲੇ ਹਰ ਪੰਜਾਬੀ ਲੇਖਕ ਬੜਾ ਮਾਣ ਮਹਿਸੂਸ ਕਰਦਾ ਹੈ। ਅੱਜ ਜੇਕਰ ਅਜੋਕੀ ਪੰਜਾਬੀ ਕਵਿਤਾ ਦਾ ਅਧਿਅਨ ਕਰਦਾ ਹੋਵੇ, ਅਜੋਕੀ ਪੰਜਾਬੀ ਵਾਰਤਕ ਦੀ ਪੁਣ-ਛਾਣ ਕਰਨੀ ਹੋਵੇ, ਅਜੋਕੇ ਪੰਜਾਬੀ ਚਿੰਤਨ ਵਿੱਚ ਦੀ ਗੁਜ਼ਰਨਾ ਹੋਵੇ ਤਾਂ ਇਸ ਰਸਾਲੇ ਦੀਆਂ ਛੱਪ ਚੁੱਕੀਆਂ ਪ੍ਰਤੀਆਂ ਦਾ ਅਧਿਐਨ ਕਰਨਾ ਆਪਣੇ ਆਪ ਵਿੱਚ ਬੜਾ ਸਾਰਥਕ ਸਿੱਧ ਹੋਵੇਗਾ।

ਸ. ਸੁਰਿੰਦਰ ਸਿੰਘ ਸੁੰਨੜ ਹੋਣਾਂ ਦੀ ਗੱਲ ਕਰੀਏ ਤਾਂ ਉਹ ਪੰਜਾਬੀਅਤ ਨੂੰ ਅੰਤਾਂ ਦਾ ਮੋਹ ਕਰਨ ਵਾਲੇ ਇਨਸਾਨ ਹਨ। ਗੁਰਬਾਣੀ ਦੇ ਰਸੀਏ ਹਨ ਅਤੇ ਬਹੁਤ ਸਾਰੀ ਬਾਣੀ ਉਹਨਾਂ ਨੂੰ ਜੁਬਾਨੀ ਕੰਠ ਵੀ ਹੈ। ਪੰਜਾਬੀ ਮਾਂ ਬੋਲੀ ਨੂੰ ਅੰਤਰਰਾਸ਼ਟਰੀ ਪੱਧਰ ਤੇ ਵਿਕਸਿਤ ਹੋਈ ਵੇਖਣਾ ਚਾਹੁੰਦੇ ਹਨ ਤੇ ਇਸ ਰਸਾਲੇ ਰਾਹੀਂ ਆਪਣਾ ਵੱਡਾ ਯੋਗਦਾਨ ਵੀ ਪਾ ਰਹੇ ਹਨ। ਇਸ ਰਸਾਲੇ ਦੇ ਮਾਲਕ ਤੇ ਮੁੱਖ ਸੰਪਾਦਕ ਹੋਣ ਦੇ ਨਾਤੇ ਉਹ ਚਾਹੁੰਦੇ ਹਨ ਕਿ ਆਪਣੀ ਆਵਾਜ਼ ਮੈਗਜ਼ੀਨ ਦੀ ਲਗਾਤਾਰਤਾ ਵਿੱਚ ਕਿਸੇ ਕਿਸਮ ਦੀ ਕੋਈ ਵੀ ਕਮੀ ਪੇਸ਼ੀ ਨਹੀਂ ਆਉਣੀ ਚਾਹੀਦੀ। ਮੈਂ ਉਹਨਾਂ ਦੇ ਇਸ ਅਕੀਦੇ ਨੂੰ ਸਲਾਮ ਕਰਦਾ ਹਾਂ।

ਹੁਣ ਤਕ ਇੱਕ ਤੋਂ ਵੱਧ ਸੰਪਾਦਕਾਂ ਨੇ ਇਸ ਰਸਾਲੇ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਇਆ ਹੈ। ਉਹ ਸਾਰੇ ਹੀ ਵਧਾਈ ਦੇ ਪਾਤਰ ਹਨ ਪਰ ਇਸ ਰਸਾਲੇ ਦੀ ਜੋ ਛਵੀ ਡਾ. ਲਖਵਿੰਦਰ ਸਿੰਘ ਜੌਹਲ ਹੁਣਾਂ ਨੇ ਬਣਾਈ ਹੈ ਆਪਣੇ ਆਪ ਵਿੱਚ ਲਾਸਾਨੀ ਹੈ। ਇਸ ਮਾਸਕ ਰਸਾਲੇ ਦੇ ਸੰਪਾਦਕ ਹੁੰਦਿਆਂ ਉਹਨਾਂ ਨੇ ਇਸ ਦੇ ਮਿਆਰ ਨੂੰ ਉਚਾਈਆਂ ਤੇ ਪਹੁੰਚਾਇਆ ਤੇ ਇਸ ਨੂੰ ਆਪਣੇ ਯਤਨਾਂ ਨਾਲ ਇਕ ਨਵੀਂ ਦਿੱਖ ਪ੍ਰਧਾਨ ਕੀਤੀ। ਇਸ ਲਈ ਉਹ ਵੀ ਵਧਾਈ ਦੇ ਪਾਤਰ ਹਨ ਤੇ ਉਹਨਾਂ ਦਾ ਧੰਨਵਾਦ ਵੀ ਹੈ ਕਿ ਉਹਨਾਂ ਨੇ ਪੰਜਾਬੀ ਦੇ ਇਸ ਰਸਾਲੇ ਨੂੰ ਆਪਣੀਆਂ ਕੀਮਤੀ ਸੇਵਾਵਾਂ ਪ੍ਰਦਾਨ ਕੀਤੀਆਂ। ਸਾਡੀ ਕੋਸ਼ਿਸ਼ ਹੋਵੇਗੀ ਕਿ ਜਿਸ ਤਰ੍ਹਾਂ ਦਾ ਪੱਧਰ ਉਹਨਾਂ ਨੇ ਇਸ ਰਸਾਲੇ ਨੂੰ ਪ੍ਰਦਾਨ ਕੀਤਾ ਅਸੀਂ ਉਸ ਪੱਧਰ ਨੂੰ ਬਰਕਰਾਰ ਜਰੂਰ ਰੱਖ ਸਕੀਏ ਭਾਵੇਂ ਕਿ ਸਾਡੇ ਵਰਗੇ ਸਿੱਖਾਂਦਰੂਆਂ ਵਾਸਤੇ ਆਪਣੇ ਆਪ ਵਿੱਚ ਇਹ ਇੱਕ ਵੱਡੀ ਚੁਣੌਤੀ ਵੀ ਹੋਵੇਗੀ। ਮੈਂ ਸ. ਸੁਰਿੰਦਰ ਸਿੰਘ ਸੁੰਨੜ ਹੋਣਾਂ ਦਾ ਵੀ ਇੱਥੇ ਧੰਨਵਾਦੀ ਹਾਂ ਕਿ ਉਹਨਾਂ ਨੇ ਸੰਪਾਦਕ ਦੀ ਜਿੰਮੇਵਾਰੀ ਲਈ ਮੇਰੀ ਚੋਣ ਕੀਤੀ। ਮੇਰੀ ਪੰਜਾਬੀ ਲੇਖਕਾਂ, ਪਾਠਕਾਂ ਤੇ ਚਿੰਤਕਾਂ ਨੂੰ ਇਹ ਬੇਨਤੀ ਹੈ ਕਿ ਤੁਹਾਡੇ ਸਹਿਯੋਗ ਤੋਂ ਬਿਨਾਂ ਅਸੀਂ ਇਸ ਮੈਗਜ਼ੀਨ ਨੂੰ ਉਚਾਈਆਂ ਤੇ ਨਹੀਂ ਲੈ ਜਾ ਸਕਦੇ। ਇਸ ਲਈ ਤੁਹਾਡਾ ਸਹਿਯੋਗ ਬਹੁਤ ਬਹੁਤ ਜ਼ਰੂਰੀ ਹੈ। ਮੈਂ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਪਹਿਲਾਂ ਪੰਜਾਬੀ ਲੇਖਕ ਪਾਠਕ ਤੇ ਚਿੰਤਕ ਇਸ ਰਸਾਲੇ ਨੂੰ ਸਹਿਯੋਗ ਦਿੰਦੇ ਰਹੇ ਹਨ ਉਹਨਾਂ ਦਾ ਇਹ ਸਹਿਯੋਗ ਪਹਿਲਾਂ ਵਾਂਗ ਹੀ ਜਾਰੀ ਰਹੇਗਾ।

ਧੰਨਵਾਦ ਸਾਹਿਤ, ਤੁਹਾਡਾ ਆਪਣਾ!

**-ਡਾ. ਰਾਮ ਮੂਰਤੀ**

# ਸਪਤਾਹ



## ਸੋਮਵਾਰ

ਸੁਰਿੰਦਰ ਸਿੰਘ ਸੁੰਨੜ

ਸੋਮਵਾਰ ਸੰਪੂਰਨ ਸੱਚਖੰਡ ਸਤਿਗੁਰ ਸੁੰਨ ਸਿਰਜਾਵੰਦਿਆਂ,
ਧਰਤ ਅਕਾਸ਼ ਪਤਾਲ ਨਹੀਂ ਸੀ, ਨਾ ਕੋ ਆਵਣ ਜਾਵੰਦਿਆਂ।

ਬ੍ਰਹਮਾਂ, ਵਿਸ਼ਨ, ਮਹੇਸ਼ ਨਹੀਂ ਸੀ, ਸ੍ਰਿਸਟੀ ਦੁਨੀਆ ਦੇਸ਼ ਨਹੀਂ ਸੀ,
ਅਲਫ਼ ਨਹੀਂ ਸੀ ਊੜਾ ਨਹੀਂ ਸੀ, ਨਾ ਕੋ ਪੜ੍ਹਨ ਪੜ੍ਹਾਵੰਦਿਆਂ।

ਪਵਨ ਨਹੀਂ ਸੀ, ਪਾਣੀ ਨਹੀਂ ਸੀ, ਖਾਣੀ ਨਹੀਂ ਸੀ, ਬਾਣੀ ਨਹੀਂ ਸੀ,
ਚਾਰ-ਚੁਫੇਰੇ ਧੰਦੂਕਾਰਾ, ਸੁੰਨ ਸਮਾਧੀ ਲਾਵੰਦਿਆਂ।

ਚੰਦ ਸੂਰਜ ਦਿਨ ਰਾਤ ਨਹੀਂ ਸੀ, ਨਰਕ ਸੁਰਗ ਦੀ ਬਾਤ ਨਹੀਂ ਸੀ,
ਨਾ ਹੀ ਧਰਮ ਨਾ ਹੀ ਧਰਮੀ, ਕਰਮੀਂ ਕਰਮ ਕਮਾਵੰਦਿਆਂ।

ਗਿਆਨ ਨਹੀਂ ਸੀ ਗਣਤ ਨਹੀਂ ਸੀ, ਜੱਗ ਤੀਰਥ ਦੀ ਬਣਤ ਨਹੀਂ ਸੀ,
ਨਾ ਹੀ ਰਾਜ ਭਾਗ ਨਾ ਰਾਜਾ ਬੈਠਾ ਹੁਕਮ ਚਲਾਵੰਦਿਆਂ।

ਨਾ ਹੀ ਸ਼ੇਖ ਨਾ ਗੁਰ ਗੋਬਿੰਦਾ, ਨਾ ਹੀ ਗੋਰਖ ਨਾ ਮਾਛਿੰਦਾ,
ਮਾਤ ਪਿਤਾ ਤੱਤ ਧਾਤ ਨਹੀਂ ਸੀ, ਸੋਮਵਾਰ ਸੱਚ ਪਾਵੰਦਿਆਂ।

## ਮੰਗਲਵਾਰ

ਤਿਸ ਭਾਵੇ ਤਾਂ ਜਗਤ ਉਪਾਵੇ, ਪੰਜ ਤੱਤ ਆਪੇ ਉਪਜਾਵੇ,
ਖੰਡ ਬ੍ਰਹਿਮੰਡ ਪਾਤਾਲ ਅਰੰਭੇ, ਮਮਤਾ ਮੋਹ ਉਪਜਾਂਵੰਦਿਆਂ।

ਬਣ ਰਾਜਾ ਧਰਤੀ ਤੇ ਆਵੇ, ਰਾਮ ਰਾਜ ਦੀ ਗੱਲ ਚਲਾਵੇ,
ਸਮਰੱਥ ਮੂਰਖ ਰਾਵਣ ਆਪਣੇ ਹੱਥੀਂ ਮਾਰ ਮੁਕਾਵੰਦਿਆਂ।

ਆਓ ਸਖੀ ਰਲ ਮੰਗਲ ਗਾਵੋ, ਮੰਗਲਵਾਰ ਸੱਚ ਚਿੱਤ ਲਾਵੋ,
ਸਚਿਆਰੇ ਬਣ ਸਕਦੇ ਸਾਰੇ ਸੱਚਾ ਨਾਮ ਧਿਆਵੰਦਿਆਂ।

ਸੱਚ ਰਸਤੇ ਜੇ ਰਾਮ ਵੀ ਜਾਵੇ, ਰਸਤੇ ਵਿੱਚ ਮੁਸੀਬਤ ਪਾਵੇ,
ਸਾਫ਼ ਸਵਿੱਤਰੀ ਸੀਤਾ ਨੂੰ ਵੀ ਅਗਨ ਪ੍ਰੀਖਿਆ ਲਾਵੰਦਿਆਂ।

ਸੱਚ ਮਾਰਗ ਤਾਂ ਕਠਨ ਬੜਾ ਹੈ, ਹਰ ਰਸਤੇ ਤੇ ਝੂਠ ਖੜ੍ਹਾ ਹੈ,
ਰਾਮ ਨੇ ਵੀ ਬਾਲੀ ਵੱਤ ਕੀਤਾ ਲੁਕ ਕੇ ਤੀਰ ਚਲਾਵੰਦਿਆਂ।

ਮੰਗਲਵਾਰ ਮਹਾਂਸੁਖ ਪਾਵੇ, ਸੱਚੇ ਨਾਲ ਜੋ ਪ੍ਰੀਤ ਲਗਾਵੇ,
ਪਰ ਬਨਵਾਸ ਵੀ ਕੱਟਣਾਂ ਪੈਂਦਾ ਰਾਮ ਦਾ ਸਾਥ ਨਿਭਾਵੰਦਿਆਂ।

## ਬੁੱਧਵਾਰ

ਬੁੱਧਵਾਰ ਕੰਮ ਸ਼ੁੱਧ ਹੋ ਜਾਵੇ, ਜੇ ਜੱਗ ਸੱਚ ਦੀ ਬੋਲੀ ਪਾਵੇ,
ਦੁਖ ਸੁਖ ਤਾਂ ਵਸਤਰ ਨੇ ਸਾਡੇ, ਲੰਘਦੀ ਉਮਰ ਹੰਢਾਵੰਦਿਆਂ।

ਪੁੱਤਰ ਮੋਹ ਵਿੱਚ ਅੰਨ੍ਹਾਂ ਹੋਵੇ, ਸਾਰੇ ਪੁੱਤ ਮਰਵਾ ਕੇ ਰੋਵੇ,
ਖਾਲੀ ਹੱਥ ਰਥਵਾਨ ਜੇ ਗੋਬਿੰਦ ਕਿਉਂ ਲੜਨਾ ਘਬਰਾਵੰਦਿਆਂ।

ਸਿੱਧੀ ਉਂਗਲੀ ਘਿਓ ਨਹੀਂ ਕੱਢਦੀ, ਲੋਹੇ ਦੀ ਛੈਣੀਂ ਲੋਹਾ ਵੱਢਦੀ,
ਧਰਮਰਾਜ ਨੇ ਝੂਠ ਬੋਲਿਆ ਦਰੋਣਾਚਾਰ ਮਰਾਵੰਦਿਆਂ।

ਸਚਿਆਰੇ ਨੇ ਸੱਚ ਕਮਾਉਣਾ, ਝੂਠ ਨਾਲ ਹੈ ਆਢ੍ਹਾ ਲਾਉਣਾ,
ਪੰਚਾਲੀ ਨੂੰ ਕ੍ਰਿਸ਼ਨ ਬਚਾਵੇ ਵਸਤਰਹੀਣ ਹੋ ਜਾਵੰਦਿਆਂ।

ਅੱਧੇ ਅੱਧ ਜਦ ਝੂਠੇ ਸੱਚੇ, ਸਭ ਤੋਂ ਵੱਧ ਚੜਗਿੱਲੀ ਮੱਚੇ,
ਸਭ ਤੋਂ ਵੱਡਾ ਯੁੱਧ ਕਰਵਾਇਆ, ਕਰਣ ਤੋਂ ਸੱਚ ਲੁਕਾਵੰਦਿਆਂ।

ਬੁੱਧਵਾਰ ਕੰਮ ਸ਼ੁੱਧ ਹੋ ਗਿਆ, ਸੱਚ ਝੂਠ ਦਾ ਯੁੱਧ ਹੋ ਗਿਆ,
ਕਰੇ ਕਰਾਵੇ ਕ੍ਰਿਸ਼ਨ ਮੁਰਾਰੀ ਸੱਚ ਤੋਂ ਝੂਠ ਮਰਵਾਵੰਦਿਆਂ।

## ਵੀਰਵਾਰ

ਚੌਥਾ ਦਿਨ ਚੌਥਾ ਯੁੱਗ ਆਇਆ ਕਲਯੁੱਗ ਨੇ ਪਰਚਮ ਲਹਿਰਾਇਆ,
ਝੂਠ ਨੇ ਸੱਚ ਦਾ ਤਖ਼ਤ ਹਿਲਾਇਆ ਝੂਠੀ ਜੂਹ ਵਧਾਵੰਦਿਆਂ।

ਵੀਰਵਾਰ ਦਾ ਅਜਬ ਪਸਾਰਾ, ਚਾਰੀਂ ਕੂਟੀਂ ਹੈ ਅੰਧਿਆਰਾ।
ਟਾਵਾਂ ਟਾਵਾਂ ਸੱਚ ਪਰਸਤੀ ਕਿਤੇ ਲੱਭਦਾ ਸੱਚ ਸਮਝਾਵੰਦਿਆਂ।

ਨਾ ਅਨਕ ਨਾਨਕ ਪਰਮਾਤਮ, ਦੱਸਿਆ ਸੱਚ ਦਾ ਕੀ ਮਹਾਤਮ,
ਚਾਰ ਉਦਾਸੀਆਂ ਚਾਰ ਦਿਸ਼ਾਵਾਂ ਧੁਰ ਕੀ ਬਾਣੀ ਗਾਵੰਦਿਆਂ।

ਸ਼ੇਖ ਫ਼ਰੀਦ ਨੇ ਅਲਖ ਉਚਾਰੀ, ਸੱਚਪ੍ਰਸਤਾਂ ਖੇਲੀ ਪਾਰੀ,
ਨਾਮਦੇਵ ਰਵਿਦਾਸ ਕਬੀਰਾ, ਧੰਨਾ ਜੱਟ ਧਿਆਨ ਲਗਾਵੰਦਿਆਂ।

ਤੱਤੀ ਤਵੀ 'ਤੇ ਗੁਰੂ ਪਿਆਰੇ, ਸੱਚ ਤੇ ਜ਼ੁਲਮ ਕਰਨ ਹਤਿਆਰੇ,
ਚਾਰੇ ਪੁੱਤਰ ਸੱਚ ਨੇ ਵਾਰੇ, ਸਿਰ ਵਾਰ ਕੇ ਧਰਮ ਬਚਾਵੰਦਿਆਂ।

ਸੱਚ ਸੰਜਮ ਸਹਿਜ ਸੰਤੋਖ, ਦਿਨ ਵੀਰਵਾਰ ਹੋ ਰਹੇ ਅਲੋਪ,
ਸੱਚ ਨੂੰ ਸੱਚ ਵੀ ਮੰਨਦੇ ਰਹੇ, ਸਭ ਜ਼ੁਲਮੀਂ ਜ਼ੁਲਮ ਕਮਾਂਵਦਿਆਂ।

## ਸ਼ੁੱਕਰਵਾਰ

ਸ਼ੁੱਕਰਵਾਰ ਸ਼ੁਕਰ ਬੇਅੰਤਾ, ਰਹਿਮ ਕਰੀਂ ਸਤਿਗੁਰ ਭਗਵੰਤਾ,
ਸ਼ਬਦ ਗੁਰੂ ਦੀ ਉਂਗਲੀ ਫੜ ਕੇ ਭਵਸਾਗਰ ਲੰਘਜਾਵੰਦਿਆਂ।

ਪੰਚਮ ਗੁਰੂ ਸ਼ਬਦ ਲੜ ਲਾਇਆ, ਭਗਤਾਂ ਤੇ ਭੱਟਾਂ ਹਿੱਸਾ ਪਾਇਆ,
ਸ਼ਬਦ ਗੁਰੂ ਸੰਪੂਰਨ ਸਤਿਗੁਰ ਬੇੜਾ ਪਾਰ ਲੰਘਾਵੰਦਿਆਂ।

ਸਮਰੱਥ ਗੁਰੂ ਸ਼ਬਦ ਅਵਤਾਰਾ, ਪਰਮੇਸ਼ਰ ਪੂਰਨ ਨਿਰੰਕਾਰਾ,
ਸੱਚ ਸ਼ਬਦ ਲੜ ਲੱਗ ਕੇ ਤਰਦੇ, ਜੱਗ ਵਿੱਚ ਸੋਭਾ ਪਾਵੰਦਿਆਂ।

ਸ਼ਬਦਾਂ ਵਿੱਚੋਂ ਰੱਬ ਮਿਲ ਜਾਵੇ, ਗ਼ਲਤ ਸ਼ਬਦ ਸਭ ਕੁਝ ਗਵਾਵੇ,
ਸ਼ਬਦ ਬਿਨਾਂ ਤਾਂ ਤਰਕ ਨਹੀਂ, ਸਾਨੂੰ ਇਨਸਾਨ ਕਹਾਂਵਦਿਆਂ।

ਮਾਨਵਤਾ ਦੀ ਸ਼ਬਦ ਹੈ ਸ਼ਕਤੀ, ਸ਼ਬਦਾਂ ਬਿਨ ਕੀ ਕਰੇ ਵਿਅਕਤੀ,
ਸ਼ਬਦਾਂ ਬਿਨ ਨਾ ਪਾਰ ਉਤਾਰਾ ਰੱਬ ਨੂੰ ਮੂੰਹ ਦਿਖਾਵੰਦਿਆਂ।

ਪੰਜਵਾਂ ਯੁੱਗ ਸ਼ਬਦ ਯੁੱਗ ਹੋਸੀ, ਮਨ ਦੀ ਮੈਲ ਸ਼ਬਦ ਨਾਲ ਧੋਸੀ,
ਸ਼ਬਦਜੋਤ ਮਨ ਮੰਦਰ ਅੰਦਰ ਸ਼ਰਧਾ ਸਹਿਤ ਜਗਾਵੰਦਿਆਂ।

## ਸਨਿੱਚਰਵਾਰ

ਸ਼ਨੀਵਾਰ ਸੋਚ ਨਾ ਕਰਨਾ ਮਨ ਤਨ ਗੁਰ ਚਰਨਾਂ ਵਿੱਚ ਧਰਨਾ,
ਸ਼ਨੀ ਗ੍ਰਹਿ ਵੀ ਸੰਗ ਜਾਊ ਸਚਿਆਰਿਆਂ ਨੂੰ ਅਜਮਾਵੰਦਿਆਂ।

ਦਿਨ ਰਾਤ ਹੈ ਹੁਕਮ ਖੁਦਾ ਦਾ, ਥਹੁ ਨਹੀਂ ਲਗਦਾ ਰਾਮ ਰਜ਼ਾ ਦਾ
ਦੁਖ ਸੁਖ ਤਾਂ ਵਸਤਰ ਸਾਡੇ ਜੋ ਮਿਲਦਾ ਓਹੀ ਹੰਢਾਵੰਦਿਆਂ।

ਸੁਣਨਾ ਮੰਨਣਾ ਗਾਉਣਾ ਸਾਡਾ, ਦੁਨੀਆ ਦੇ ਵਿੱਚ ਆਉਣਾ ਸਾਡਾ,
ਜੀਣਾ ਮਰਨਾ ਨਿਰਭਰ ਸਾਡੇ ਸਾਹ ਦੇ ਆਉਂਦੇ ਜਾਵੰਦਿਆਂ।

ਹੁਕਮੀਂ ਮਾਣਸ ਦੇਹੀ ਪਾਵੇ, ਹੁਕਮੀਂ ਉੱਤਮ ਨੀਚ ਕਹਾਵੇ,
ਹੁਕਮ ਬਿਨਾਂ ਪੱਤਾ ਨਹੀਂ ਹਿਲਦਾ, ਸਭ ਹੁਕਮੀਂ ਹੁਕਮ ਚਲਾਵੰਦਿਆਂ।

ਰਾਮ ਰਜ਼ਾ ਵਿੱਚ ਰਹਿਣਾ ਆਵੇ, ਹੁਕਮੀਂ ਦੁਖ ਸੁਖ ਸਹਿਣਾ ਆਵੇ,
ਦਿਨ ਹਫ਼ਤੇ, ਸਾਲ ਸਦੀਆਂ ਯੁੱਗ ਲੰਘਦੇ ਗੁਣ ਗਾਵੰਦਿਆਂ।

ਸ਼ਨੀਵਾਰ ਜੋ ਜੋ ਸਚਿਆਰਾ, ਪਰਮ ਪੁਰਖ ਨੂੰ ਉਹ ਹੀ ਪਿਆਰਾ,
ਝੂਠ ਤੋਂ ਛੁਟਕਾਰਾ ਮਿਲਦਾ ਹੈ, ਸੱਚ ਨਾਲ ਲਿਵ ਲਾਵੰਦਿਆਂ।

## ਆਦਤਵਾਰ

ਸੋਚ ਜੇਕਰ ਆਦਤ ਬਣ ਜਾਵੇ, ਹਰ ਪ੍ਰਾਣੀਂ ਜੇ ਨਾਮ ਧਿਆਵੇ,
ਸੱਚ ਖੰਡ ਬਣ ਜਾਵੇ ਦੁਨੀਆ ਮਾਨਵਤਾ ਅਪਣਾਵੰਦਿਆਂ।

ਕਰਮ ਖੰਡ ਵੀ ਕਰਮ ਹੈ ਸਾਡਾ, ਸੁਥਰੀ ਕਿਰਤ ਧਰਮ ਹੈ ਸਾਡਾ,
ਸੁਥਰੇ ਅਖਵਾਉਂਦੇ ਜੋ ਦਿਸਦੇ ਸੁਥਰੇ ਰਸਤੇ ਜਾਵੰਦਿਆਂ।

ਗਿਆਨ ਪ੍ਰਾਪਤ ਵੀ ਕਰਨਾ ਹੈ, ਖਾਲੀ ਬਰਤਨ ਵੀ ਭਰਨਾ ਹੈ,
ਭਰਿਆ ਕਦੇ ਨਾ ਡੋਲੇ, ਦੇਖੋ ਖ਼ਾਲੀ ਨੂੰ ਟਣਕਾਵੰਦਿਆਂ।

ਧਰਮ ਖੰਡ ਵਿੱਚ ਧਰਮੀਂ ਹੋਵੇ, ਧਰਮ ਨੂੰ ਜੀਵਨ ਵਿੱਚ ਪ੍ਰੋਵੇ,
ਪਰ ਧਰਮੀਂ ਦਾ ਹੰਕਾਰ ਰੁਕਾਵਟ, ਧੁਰ ਟਿਕਾਣੇ ਲਾਵੰਦਿਆਂ।

ਪੰਜ ਤੱਤ ਪੰਜੇ ਪਰਮੇਸ਼ਰ, ਦਿਵਸ ਰਾਤ ਸਭ ਬ੍ਰਹਮ ਮਹੇਸ਼ਰ,
ਰਚਨਾ ਸਾਰੀ ਸਹਿਰ ਮੇਲਾ ਜੱਗ ਜਾਦੂਗਰੀ ਦਿਖਾਵੰਦਿਆਂ

ਸੱਤ ਰੰਗ ਸਪਤਾਹ ਹੈ ਸਾਰਾ, ਸੱਤ ਸੁਰਾਂ ਦਾ ਸਗਲ ਪਸਾਰਾ,
ਸੱਤ ਸਮੁੰਦਰ ਸੱਤ ਅਸਮਾਨ, ਸ਼ਬਦ ਗੁਰੂ ਸਮਝਾਵੰਦਿਆਂ।

# ਦਿਮਾ.ਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ



**ਕਿਸ਼ਨ ਸਨਮੁੱਖ ਦਾਸ ਭਾਵਨਾਨੀ**



**ਦਿਮਾ.ਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ।**

**ਵਿਸ਼ਵ ਦਿਮਾਗ ਦਿਵਸ 22 ਜੁਲਾਈ 2025- ਇੱਕ ਸਿਹਤਮੰਦ ਦਿਮਾਗ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ**

**ਬਹੁਤ ਸਾਰੇ ਦਿਮਾਗੀ ਰੋਗਾਂ ਨੂੰ ਜਾਗਰੂਕਤਾ ਮੁਹਿੰਮਾਂ ਚਲਾ ਕੇ ਰੋਕਿਆ ਜਾ ਸਕਦਾ ਹੈ ਜੋ ਮਾਨਸਿਕ, ਸਮਾਜਿਕ ਅਤੇ ਸਰੀਰਕ ਸਿਹਤ ਲਈ ਮਹੱਤਵਪੂਰਨ ਹਨ - ਐਡਵੋਕੇਟ ਕਿਸ਼ਨ ਸਨਮੁਖਦਾਸ ਭਾਵਨਾਨੀ ਗੋਂਡੀਆ ਮਹਾਰਾਸ਼ਟਰ**

ਭਾਵੇਂ ਬ੍ਰਹਿਮੰਡ ਦੇ ਸਿਰਜਣਹਾਰ ਨੇ ਬ੍ਰਹਿਮੰਡ ਦੀਆਂ 84 ਲੱਖ ਪ੍ਰਜਾਤੀਆਂ ਵਿੱਚ ਹਰ ਕਿਸੇ ਨੂੰ ਦਿਮਾਗ ਦਿੱਤਾ ਹੈ, ਮਨੁੱਖੀ ਪ੍ਰਜਾਤੀ ਵਿੱਚ ਬਣਾਇਆ ਗਿਆ ਦਿਮਾਗ ਨਾ ਸਿਰਫ ਕਲਾ ਦਾ ਇੱਕ ਸ਼ਾਨਦਾਰ ਕੰਮ ਹੈ ਬਲਕਿ ਇਸਦੇ ਨਤੀਜਿਆਂ ਵਿੱਚੋਂ ਇੱਕ ਹੈ, ਇਹ ਦਿਮਾਗ ਦੀ ਤਾਕਤ ਨਾਲ ਹੀ ਮਨੁੱਖ ਚੰਦਰਮਾ ਤੱਕ ਪਹੁੰਚਿਆ ਹੈ, ਅਤੇ ਸੂਰਜ, ਚੰਦਰਮਾ, ਧਰਤੀ ਸਮੇਤ ਕਈ ਕੁਦਰਤੀ ਰਚਨਾਵਾਂ ਨੂੰ ਨਕਲੀ ਬਣਾ ਕੇ, ਉਨ੍ਹਾਂ ਨਾਲ ਮੇਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹੁਣ ਮਨੁੱਖੀ ਸਰੀਰ ਵਿੱਚ ਕੀ ਦਾਖਲ ਹੁੰਦਾ ਹੈ ਅਤੇ ਕੀ ਬਾਹਰ ਜਾਂਦਾ ਹੈ ਜੋ ਮਨੁੱਖ ਨੂੰ ਜੀਵਨ ਅਤੇ ਮੌਤ ਦੇ ਚੱਕਰ ਵਿੱਚ ਪਾਉਂਦਾ ਹੈ, ਇਸ 'ਤੇ ਖੋਜ ਚੱਲ ਰਹੀ ਹੈ ਜਿਸ ਵਿੱਚ ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ, ਮੰਨਦਾ ਹਾਂ ਕਿ ਮਨੁੱਖ ਕਦੇ ਵੀ ਸਫਲ ਨਹੀਂ ਹੋਵੇਗਾ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ 22 ਜੁਲਾਈ 2025 ਨੂੰ ਵਿਸ਼ਵ ਦਿਮਾਗ ਦਿਵਸ ਮਨਾਇਆ ਜਾ ਰਿਹਾ ਹੈ। ਵਿਸ਼ਵ ਦਿਮਾਗ ਦਿਵਸ ਇੱਕ ਵਿਸ਼ਵਵਿਆਪੀ ਲਹਿਰ ਹੈ ਜੋ ਦਿਮਾਗ ਦੀ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਤੁਹਾਡੇ ਦਿਮਾਗ ਨੂੰ ਜੀਵਨ ਭਰ ਸਿਹਤਮੰਦ ਰੱਖਣ ਦੇ ਤਰੀਕਿਆਂ ਨੂੰ ਸਾਂਝਾ ਕਰਨ ਲਈ ਸਮਰਪਿਤ ਹੈ। ਇਹ ਯਾਦ ਰੱਖਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿ ਦਿਮਾਗ ਦੀ ਸਿਹਤ ਸਿਰਫ਼ ਬਜ਼ੁਰਗਾਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ, ਸਗੋਂ ਇਹ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ। ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। ਖਾਸ ਕਰਕੇ ਭਾਰਤ ਲਈ, ਜਿੱਥੇ 65% ਤੋਂ ਵੱਧ ਨੌਜਵਾਨ ਰਹਿੰਦੇ ਹਨ, ਸਾਡੇ ਸਾਹਮਣੇ ਵਿਜ਼ਨ 2047 ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਲੇਖ ਰਾਹੀਂ ਚਰਚਾ ਕਰਾਂਗੇ।

ਜੇਕਰ ਅਸੀਂ ਦਿਮਾਗ ਦੀ ਸਿਹਤ ਨੂੰ ਸਮਝਣ ਬਾਰੇ ਗੱਲ ਕਰੀਏ, ਤਾਂ ਦਿਮਾਗ ਦੀ ਸਿਹਤ ਦਾ ਅਰਥ ਹੈ ਸਾਡੇ ਦਿਮਾਗ ਨੂੰ ਸਕਾਰਾਤਮਕ, ਲਚਕਦਾਰ ਅਤੇ ਕਿਰਿਆਸ਼ੀਲ ਰੱਖਣਾ। ਇਹ ਸਾਡੇ ਸੋਚਣ, ਸਿੱਖਣ, ਯਾਦ ਰੱਖਣ ਅਤੇ ਤਣਾਅ ਨਾਲ ਨਜਿੱਠਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਦਾ ਹੈ। ਇੱਕ ਸਿਹਤਮੰਦ ਦਿਮਾਗ ਹੋਣਾ ਸਮੁੱਚੀ ਸਿਹਤ, ਸਫਲ ਸਬੰਧਾਂ ਅਤੇ ਜੀਵਨ ਭਰ ਆਜ਼ਾਦੀ ਦਾ ਆਧਾਰ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਦਿਮਾਗ ਦੀ ਸਿਹਤ ਬੋਧਾਤਮਕ, ਭਾਵਨਾਤਮਕ, ਸੰਵੇਦੀ ਅਤੇ ਸਰੀਰਕ ਖੇਤਰਾਂ ਵਿੱਚ ਸੁਚਾਰੂ ਢੰਗ ਨਾਲ ਕੰਮ ਕਰਨ ਦੀ ਯੋਗਤਾ ਹੈ – ਜੋ ਵਿਅਕਤੀਆਂ ਨੂੰ ਸਿਹਤ ਸਥਿਤੀਆਂ ਦਾ ਪ੍ਰਬੰਧਨ ਕਰਦੇ ਹੋਏ ਇੱਕ ਸੰਪੂਰਨ, ਸੁਤੰਤਰ ਜੀਵਨ ਜਿਉਣ ਦੇ ਯੋਗ ਬਣਾਉਂਦੀ ਹੈ। ਦਿਮਾਗ ਦੀ ਸਿਹਤ ਲਈ ਤੁਹਾਡੇ ਜੀਵਨ ਦੇ ਸਰੀਰਕ, ਵਾਤਾਵਰਣ ਅਤੇ ਸਮਾਜਿਕ ਪਹਿਲੂਆਂ ਦਾ ਪ੍ਰਬੰਧਨ ਕਰਨ ਦੀ ਲੋੜ ਹੁੰਦੀ ਹੈ, ਜੋ ਨਾ ਸਿਰਫ਼ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਬਿਹਤਰ ਬਣਾਉਂਦਾ ਹੈ, ਸਗੋਂ ਸਮਾਜਿਕ ਅਤੇ ਆਰਥਿਕ ਖੁਸ਼ਹਾਲੀ ਨੂੰ ਵੀ ਬਿਹਤਰ ਬਣਾਉਂਦਾ ਹੈ।


ਵਿਸ਼ਵ ਦਿਮਾਗ ਦਿਵਸ ਮਨਾਉਣ ਦੀ ਗੱਲ ਕਰੀਏ ਤਾਂ, ਵਿਸ਼ਵ ਦਿਮਾਗ ਦਿਵਸ ਇੱਕ ਵਿਸ਼ਵਵਿਆਪੀ ਲਹਿਰ ਹੈ ਜੋ ਦਿਮਾਗ ਦੀ ਸਿਹਤ ਬਾਰੇ ਜਾਗਰੂਕਤਾ ਵਧਾਉਣ ਅਤੇ ਜੀਵਨ ਭਰ ਤੁਹਾਡੇ ਦਿਮਾਗ ਨੂੰ ਸਿਹਤਮੰਦ ਰੱਖਣ ਦੇ ਤਰੀਕਿਆਂ ਨੂੰ ਸਾਂਝਾ ਕਰਨ ਲਈ ਸਮਰਪਿਤ ਹੈ। ਇਹ ਯਾਦ ਰੱਖਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿ ਦਿਮਾਗ ਦੀ ਸਿਹਤ ਸਿਰਫ਼ ਬਜ਼ੁਰਗਾਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ, ਸਗੋਂ ਇਹ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ। ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। 2014 ਤੋਂ, ਵਿਸ਼ਵ ਦਿਮਾਗ ਦਿਵਸ ਇੱਕ ਪ੍ਰਮੁੱਖ ਜਾਗਰੂਕਤਾ ਸਮਾਗਮ ਰਿਹਾ ਹੈ, ਜਿਸਦੀ ਅਗਵਾਈ ਵਿਸ਼ਵ ਫੈਡਰੇਸ਼ਨ ਆਫ਼ ਨਿਊਰੋਲੋਜੀ ਦੁਆਰਾ ਕੀਤੀ ਜਾਂਦੀ ਹੈ, ਜਿਸਨੂੰ ਪ੍ਰਮੁੱਖ ਨਿਊਰੋਲੋਜੀਕਲ ਸੰਗਠਨਾਂ ਦੁਆਰਾ ਸਮਰਥਨ ਪ੍ਰਾਪਤ ਹੈ। ਹਰ ਸਾਲ ਦਿਮਾਗ ਦੀ ਸਿਹਤ ਦੀ ਮਹੱਤਤਾ ਵੱਲ ਧਿਆਨ ਖਿੱਚਣ ਅਤੇ ਚੰਗੇ ਕੰਮਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਮੁੱਖ ਥੀਮ ਸਮੂਹਿਕ ਤੌਰ 'ਤੇ ਚੁਣਿਆ ਜਾਂਦਾ ਹੈ। ਸਾਲ 2025 ਦਾ ਥੀਮ ਵਿਸ਼ਵ ਸਿਹਤ ਸੰਗਠਨ ਦੇ ਦਿਮਾਗੀ ਸਿਹਤ, ਸ਼ੁਰੂਆਤੀ ਖੋਜ ਅਤੇ ਸਾਰੇ ਉਮਰ ਸਮੂਹਾਂ ਲਈ ਵਿਆਪਕ ਤੰਤੂ ਵਿਗਿਆਨਕ ਦੇਖਭਾਲ ਦੁਆਰਾ ਅਪੰਗਤਾ ਨੂੰ ਖਤਮ ਕਰਨ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ।



ਜੇਕਰ ਅਸੀਂ ਦਿਮਾਗ ਨੂੰ ਸਿਹਤਮੰਦ ਰੱਖਣ ਦੀ ਗੱਲ ਕਰੀਏ, ਤਾਂ ਦਿਮਾਗ ਦੀ ਸਿਹਤ ਦਾ ਧਿਆਨ ਰੱਖਣ ਲਈ ਵੱਡੀਆਂ ਤਬਦੀਲੀਆਂ ਦੀ ਲੋੜ ਨਹੀਂ ਹੈ। ਸਾਦੀਆਂ ਰੋਜ਼ਾਨਾ ਆਦਤਾਂ ਵੀ ਵੱਡਾ ਫ਼ਰਕ ਪਾ ਸਕਦੀਆਂ ਹਨ। ਇਹ ਸਿਹਤਮੰਦ ਜੀਵਨ ਸ਼ੈਲੀ ਦੀਆਂ ਚੋਣਾਂ ਯਾਦਦਾਸ਼ਤ, ਇਕਾਗਰਤਾ, ਮੂਡ ਅਤੇ ਲੰਬੇ ਸਮੇਂ ਲਈ ਦਿਮਾਗੀ ਕਾਰਜ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀਆਂ ਹਨ। ਦਿਮਾਗ ਨੂੰ ਸਿਹਤਮੰਦ ਰੱਖਣ ਦੇ ਕੁਝ ਪ੍ਰਭਾਵਸ਼ਾਲੀ ਤਰੀਕੇ ਇਹ ਹਨ :

(1) **ਸੰਤੁਲਿਤ ਖੁਰਾਕ ਖਾਓ** : ਐਂਟੀਆਕਸੀਡੈਂਟਸ, ਸਿਹਤਮੰਦ ਚਰਬੀ ਅਤੇ ਵਿਟਾਮਿਨਾਂ ਨਾਲ ਭਰਪੂਰ ਭੋਜਨ ਸ਼ਾਮਲ ਕਰੋ – ਜਿਵੇਂ ਕਿ ਪੱਤੇਦਾਰ ਸਾਗ, ਬੇਰੀਆਂ, ਗਿਰੀਦਾਰ, ਬੀਜ ਅਤੇ ਸਾਬਤ ਅਨਾਜ।

(2) **ਨਿਯਮਤ ਸਰੀਰਕ ਗਤੀਵਿਧੀ ਪ੍ਰਾਪਤ ਕਰੋ** : ਕਸਰਤ




ਦਿਮਾਗ ਵਿੱਚ ਖੂਨ ਦਾ ਪ੍ਰਵਾਹ ਵਧਾਉਂਦੀ ਹੈ ਅਤੇ ਯਾਦਦਾਸ਼ਤ ਦੇ ਨੁਕਸਾਨ ਅਤੇ ਮੂਡ ਵਿਕਾਰ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ।

**ਨੀਂਦ ਨੂੰ ਤਰਜੀਹ ਦਿਓ** : ਦਿਮਾਗ਼ ਨੂੰ ਆਰਾਮ ਕਰਨ, ਮੁਰੰਮਤ ਕਰਨ ਅਤੇ ਜਾਣਕਾਰੀ ਦੀ ਪ੍ਰਕਿਰਿਆ ਕਰਨ ਲਈ ਹਰ।

(4) ਰਾਤ ਨੂੰ 7-9 ਘੰਟੇ ਦੀ ਗੁਣਵੱਤਾ ਵਾਲੀ ਨੀਂਦ ਦਾ ਟੀਚਾ ਰੱਖੋ।

(5) **ਮਾਨਸਿਕ ਤੌਰ 'ਤੇ ਸਰਗਰਮ ਰਹੋ** : ਦਿਮਾਗ ਨੂੰ ਪੜ੍ਹਨ, ਪਹੇਲੀਆਂ ਹੱਲ ਕਰਨ, ਨਵਾਂ ਹੁਨਰ ਸਿੱਖਣ ਜਾਂ ਯਾਦਦਾਸ਼ਤ ਦੀਆਂ ਖੇਡਾਂ ਖੇਡਣ ਦੁਆਰਾ ਰੁੱਝੇ ਰੱਖੋ।

(6) **ਤਣਾਅ ਦਾ ਪ੍ਰਬੰਧਨ ਕਰੋ** : ਲੰਬੇ ਸਮੇਂ ਲਈ।

(7) ਤਣਾਅ ਸਮੇਂ ਦੇ ਨਾਲ ਦਿਮਾਗ ਦੇ ਕੰਮਕਾਜ ਨੂੰ ਪ੍ਰਭਾਵਤ ਕਰ ਸਕਦਾ ਹੈ। ਆਰਾਮਦਾਇਕ ਤਕਨੀਕਾਂ ਜਿਵੇਂ ਕਿ ਡੂੰਘਾ ਸਾਹ ਲੈਣਾ, ਧਿਆਨ ਜਾਂ ਯੋਗਾ ਕਰਨਾ ਦਾ ਅਭਿਆਸ ਕਰੋ।

(8) **ਸਿਗਰਟਨੋਸ਼ੀ ਤੋਂ ਬਚੋ ਅਤੇ ਸ਼ਰਾਬ ਦੀ ਖਪਤ ਨੂੰ ਸੀਮਤ ਕਰੋ**: ਇਹ ਪਦਾਰਥ ਦਿਮਾਗ਼ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਤੰਤੂ ਵਿਗਿਆਨ ਸੰਬੰਧੀ ਵਿਕਾਰਾਂ ਦੇ ਜੋਖਮ ਨੂੰ ਵਧਾ ਸਕਦੇ ਹਨ।

(9) **ਨਿਯਮਤ ਸਿਹਤ ਜਾਂਚ ਕਰਵਾਓ** : ਬੋਧਾਤਮਕ ਸਿਹਤ ਲਈ ਸ਼ੁਰੂਆਤੀ ਜਾਂਚ ਸਮੱਸਿਆਵਾਂ ਦੇ ਗੰਭੀਰ ਹੋਣ ਤੋਂ ਪਹਿਲਾਂ ਉਹਨਾਂ ਦਾ ਪਤਾ ਲਗਾਉਣ ਵਿੱਚ ਮਦਦ ਕਰ ਸਕਦੀ ਹੈ। ਦਿਮਾਗ ਮਨੁੱਖੀ ਸਰੀਰ ਦਾ ਨਿਯੰਤਰਣ ਕੇਂਦਰ ਹੈ, ਜੋ ਕਿ ਗਤੀ, ਯਾਦਦਾਸ਼ਤ, ਸੋਚ, ਭਾਵਨਾਵਾਂ ਅਤੇ ਤਾਲਮੇਲ ਲਈ ਜ਼ਿੰਮੇਵਾਰ ਹੈ। ਇਸਦੀ ਮਹੱਤਤਾ ਦੇ ਬਾਵਜੂਦ, ਦਿਮਾਗ ਦੀ ਸਿਹਤ ਨੂੰ ਅਕਸਰ ਉਦੋਂ ਤੱਕ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਜਦੋਂ ਤੱਕ ਕੋਈ ਸਮੱਸਿਆ ਪੈਦਾ ਨਹੀਂ ਹੁੰਦੀ। ਦੁਨੀਆ ਭਰ ਦੇ ਲੱਖਾਂ ਲੋਕ ਦਿਮਾਗ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਸ਼ੁਰੂਆਤੀ ਜਾਗਰੂਕਤਾ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਨਾਲ ਰੋਕਿਆ ਜਾਂ ਬਿਹਤਰ ਢੰਗ ਨਾਲ ਪ੍ਰਬੰਧਿਤ ਕੀਤਾ ਜਾ ਸਕਦਾ ਹੈ।

ਇਸ ਲਈ ਜੇਕਰ ਅਸੀਂ ਵਰਤੋਂ ਦੇ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। ਵਿਸ਼ਵ ਦਿਮਾਗ਼ ਦਿਵਸ 22 ਜੁਲਾਈ 2025- ਦਿਮਾਗ ਦੀ ਸਿਹਤ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ। ਮਾਨਸਿਕ, ਸਮਾਜਿਕ ਅਤੇ ਸਰੀਰਕ ਸਿਹਤ ਲਈ ਮਹੱਤਵਪੂਰਨ ਜਾਗਰੂਕਤਾ ਮੁਹਿੰਮਾਂ ਚਲਾ ਕੇ ਦਿਮਾਗ਼ ਦੀਆਂ ਕਈ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ।

# ਧਰਤੀ 'ਤੇ ਸਵਰਗੀ ਅਵਸਥਾ ਦਾ ਨਾਮ ਪਿਆਰ ਹੈ



ਲੇਖਕ : ਜ਼ਫ਼ਰ ਇਕਬਾਲ ਜ਼ਫ਼ਰ

ਪਿਆਰ ਦੇ ਉਤਰਨ ਨਾਲ ਹੀ ਦਿਲ ਦੀਆਂ ਅੱਖਾਂ ਖੁੱਲ੍ਹਦੀਆਂ ਹਨ। ਦੋ ਦਿਲਾਂ ਵਿਚਕਾਰ ਭਾਵਨਾਵਾਂ ਅਤੇ ਭਾਵਨਾਵਾਂ ਦਾ ਆਦਾਨ-ਪ੍ਰਦਾਨ ਪਿਆਰ ਤੋਂ ਬਿਨਾਂ ਸੰਭਵ ਨਹੀਂ ਹੈ, ਪਰ ਉਹ ਪਿਆਰ ਜੋ ਇੱਜ਼ਤ ਨੂੰ ਤਬਾਹ ਕਰਦਾ ਹੈ, ਆਤਮਾ ਤੋਂ ਅਪਮਾਨ ਦਾ ਜਾਲ ਹੈ। ਸਮਾਜ ਵਿੱਚ ਪੱਥਰ ਵਾਂਗ ਠੋਸ ਕਿਸੇ ਸਵਰਗੀ ਚੀਜ਼ ਤੋਂ ਬਿਨਾਂ ਦਰਾੜ ਪੈਦਾ ਕਰਨਾ ਸੰਭਵ ਨਹੀਂ ਹੈ। ਜੇਕਰ ਇਸ ਧਰਤੀ 'ਤੇ ਕੁਝ ਸਵਰਗੀ ਹੈ, ਤਾਂ ਉਹ ਪਿਆਰ ਹੈ। ਸਵਰਗੀ ਪਿਆਰ ਸਿਰਫ਼ ਉਨ੍ਹਾਂ ਦਿਲਾਂ 'ਤੇ ਉਤਰਦਾ ਹੈ ਜਿਨ੍ਹਾਂ ਨੂੰ ਸਵਰਗ ਵਿੱਚ ਰਹਿਣ ਵਾਲੇ ਦੁਆਰਾ ਪਿਆਰ ਕੀਤਾ ਜਾਂਦਾ ਹੈ, ਜੋ ਪਿਆਰ ਦੀ ਵੰਡ ਨਾਲ ਇੰਨੇ ਨਸ਼ੇੜੀ ਹੋ ਜਾਂਦੇ ਹਨ ਕਿ ਉਹ ਧਰਤੀ ਨੂੰ ਅਸਮਾਨ ਨਾਲੋਂ ਵੱਧ ਪਿਆਰ ਕਰਨ ਲੱਗ ਪੈਂਦੇ ਹਨ। ਆਪਣੇ ਪਿਆਰ ਦੀ ਤੀਬਰਤਾ ਅਤੇ ਪਵਿੱਤਰਤਾ ਨੂੰ ਦੇਖ ਕੇ, ਸਵਰਗ ਦੇ ਲੋਕ ਵੀ ਆਪਣੇ ਪਿਆਰ ਨਾਲ ਪਿਆਰ ਵਿੱਚ ਪੈ ਜਾਂਦੇ ਹਨ।

ਜੋ ਲੋਕ ਦੁਨਿਆਵੀ ਇੱਛਾਵਾਂ ਦੇ ਗਧੇ 'ਤੇ ਸਵਾਰ ਹੋ ਕੇ ਜੀਵਨ ਦੀ ਦੂਰੀ ਤੈਅ ਕਰਦੇ ਹਨ ਅਤੇ ਮੌਤ ਦੀ ਮੰਜ਼ਿਲ 'ਤੇ ਪਹੁੰਚਦੇ ਹਨ, ਉਹ ਸਵਰਗੀ ਪਿਆਰ ਦੀ ਕਮਾਈ ਤੋਂ ਵਾਂਝੇ ਰਹਿ ਜਾਂਦੇ ਹਨ। ਪਿਆਰ ਪ੍ਰਭਾਵਸ਼ਾਲੀ ਹੁੰਦਾ ਹੈ ਭਾਵੇਂ ਇਹ ਇੱਕ ਵਿਅਕਤੀ ਤੱਕ ਸੀਮਤ ਹੋਵੇ। ਇਹ ਉਸ ਨੂੰ ਸਰਾਪ ਨਹੀਂ ਦਿੰਦਾ ਜੋ ਇਸਨੂੰ ਛੱਡ ਦਿੰਦਾ ਹੈ। ਪਰ ਸਰਾਪ ਸਿਰਫ਼ ਉੱਚੇ ਹੱਥਾਂ ਨਾਲ ਕਹੇ ਗਏ ਸ਼ਬਦਾਂ ਦਾ ਸੰਗ੍ਰਹਿ ਨਹੀਂ ਹੈ ਜੋ ਦਿੱਤੇ ਜਾਣ 'ਤੇ ਲਾਗੂ ਕੀਤੇ ਜਾਣਗੇ। ਅਮੀਰ ਲੋਕ ਜਾਣਦੇ ਹਨ ਕਿ ਪਿਆਰ ਦੇ ਬੇਵਫ਼ਾ ਲੋਕਾਂ ਦੁਆਰਾ ਦਿੱਤੇ ਗਏ ਬੇਚੈਨੀ, ਦੁੱਖ, ਦਰਦ ਵਿੱਚ



ਕੈਦ ਆਤਮਾ ਅਤੇ ਸਬਰ ਵਿੱਚ ਕੈਦ ਸਰੀਰ ਵੀ ਸਰਾਪ ਹਨ ਜੋ ਆਪਣੇ ਆਪ ਲਾਗੂ ਹੋ ਜਾਣਗੇ।

ਜੋ ਲੋਕ ਗੰਭੀਰ ਅਤੇ ਇਮਾਨਦਾਰ ਲੋਕਾਂ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾਉਂਦੇ ਹਨ, ਉਨ੍ਹਾਂ ਦੇ ਪਿਆਰ ਅਤੇ ਸ਼ਰਧਾ ਦਾ ਮਜ਼ਾਕ ਉਡਾਉਂਦੇ ਹਨ। ਉਹ ਬੇਵੱਸੀ ਦੀ ਬਿਮਾਰੀ ਵਿੱਚ ਇਕੱਲਤਾ ਦੇ ਬਿਸਤਰੇ 'ਤੇ ਬੰਨ੍ਹੇ ਹੋਏ ਹਨ, ਫਿਰ ਉਹ ਹੰਝੂਆਂ ਨਾਲ ਗੱਲਾਂ ਕਰਨ ਲੱਗ ਪੈਂਦੇ ਹਨ। ਉਹ ਆਪਣੀ ਅਕ੍ਰਿਤਘਣਤਾ ਲਈ ਮੁਆਫ਼ੀ ਮੰਗਦੇ ਹਨ। ਜਿੱਥੇ ਪਿਆਰ ਆਪਣੇ ਅਪਰਾਧੀਆਂ ਨੂੰ ਜਵਾਬਦੇਹ ਠਹਿਰਾਉਂਦਾ ਹੈ, ਉੱਥੇ ਇਹ ਆਪਣੇ ਇਮਾਨਦਾਰ ਲੋਕਾਂ ਨੂੰ ਅਸੀਸਾਂ ਵੀ ਦਿੰਦਾ ਹੈ। ਪਿਆਰ ਦੀ ਚੋਣ ਗਲਤ ਹੋ ਸਕਦੀ ਹੈ, ਪਰ ਪਿਆਰ ਆਪਣੇ ਆਪ ਵਿੱਚ ਕਦੇ ਗਲਤ ਨਹੀਂ ਹੁੰਦਾ।

ਅਣਜਾਣ ਲੋਕਾਂ ਕਾਰਨ ਪਿਆਰ ਬਾਰੇ ਮਾੜੀ ਰਾਏ ਨਹੀਂ ਬਣਾਉਣੀ ਚਾਹੀਦੀ। ਜਿਵੇਂ ਜਦੋਂ ਕਿਸੇ ਧਾਰਮਿਕ ਸਥਾਨ ਦੇ ਸੇਵਕ ਆਪਣੀ ਅਗਿਆਨਤਾ ਕਾਰਨ ਧਾਰਮਿਕ ਸਥਾਨ ਨਾਲ ਪਿਆਰ ਕਰਨ ਵਾਲੇ ਸ਼ਰਧਾਲੂ ਨੂੰ ਝਿੜਕਦੇ ਹਨ, ਤਾਂ ਪਿਆਰ ਅਤੇ ਪਿਆਰ ਦੇ ਮਾਲਕ ਦਾ ਕੋਈ ਕਸੂਰ ਨਹੀਂ ਹੁੰਦਾ। ਜੋ ਲੋਕ ਨਫ਼ਰਤ ਨਾਲ ਛੁਰਾ ਮਾਰਨ ਤੋਂ ਬਾਅਦ ਵੀ ਪਿਆਰ ਦੇ ਲੰਗਰ ਨੂੰ ਸਾਂਝਾ ਕਰਨਾ ਬੰਦ ਨਹੀਂ ਕਰਦੇ, ਉਹ ਸਮੁੰਦਰ ਤੋਂ ਵੀ ਡੂੰਘੇ ਪਿਆਰ ਦੇ ਹੱਕਦਾਰ ਹਨ। ਪਿਆਰ ਧੋਖਾ ਨਹੀਂ ਦਿੰਦਾ ਅਤੇ ਕਦੇ ਨਹੀਂ ਬਦਲਦਾ। ਲੋਕ ਬਦਲਦੇ ਹਨ। ਜਿੱਥੇ ਬਹੁਗਿਣਤੀ ਭਰੋਸੇਯੋਗ ਨਹੀਂ ਹੁੰਦੀ, ਉੱਥੇ ਪਿਆਰ ਦੇ ਕੁਝ ਰਾਜਦੂਤ ਹੁੰਦੇ ਹਨ ਜਿਨ੍ਹਾਂ ਦੇ ਮਹਾਨ ਕਿਰਦਾਰ ਹੁੰਦੇ ਹਨ, ਜਿਨ੍ਹਾਂ 'ਤੇ ਕੁਦਰਤ ਦੇ ਵਿਚਾਰ ਮਾਣ ਕਰਦੇ ਹਨ। ਇਨ੍ਹਾਂ ਸੁੰਦਰ ਲੋਕਾਂ ਨੂੰ ਅੰਦਰੋਂ ਪ੍ਰਗਟ ਕਰਨ ਲਈ, ਕੁਦਰਤ ਸੁੰਦਰ ਬਾਹਰੀ ਦ੍ਰਿਸ਼ ਬਣਾ ਕੇ ਆਪਣੀ ਪ੍ਰਸ਼ੰਸਾ ਦਾ ਕਾਰਨ ਬਣਾਉਂਦੀ ਹੈ। ਜਿਸ ਤਰ੍ਹਾਂ ਸਰੀਰ ਦੇ ਸਿਧਾਂਤ ਆਤਮਾ 'ਤੇ ਲਾਗੂ ਨਹੀਂ ਹੁੰਦੇ, ਉਸੇ ਤਰ੍ਹਾਂ ਨਫ਼ਰਤ ਪਿਆਰ ਦੀ ਹੋਂਦ ਨੂੰ ਪ੍ਰਭਾਵਤ ਨਹੀਂ ਕਰਦੀ।

ਕੁਦਰਤ ਸਭ ਤੋਂ ਕੀਮਤੀ ਚੀਜ਼ ਹੈ ਕਿਉਂਕਿ ਇਹ ਹਰ ਚੀਜ਼ ਨਾਲੋਂ ਮਹਿੰਗੀ ਹੈ ਅਤੇ ਆਜ਼ਾਦ ਰਹਿੰਦੀ ਹੈ। ਇਸ ਸੁਭਾਅ ਦੇ ਲੋਕ ਬਹੁਤ ਘੱਟ ਹੁੰਦੇ ਹਨ, ਜਿਨ੍ਹਾਂ ਦਾ ਪਿਆਰ ਲੱਭਣਾ ਮੁਸ਼ਕਲ ਹੁੰਦਾ ਹੈ, ਅਤੇ ਜਿਨ੍ਹਾਂ ਦਾ ਪਿਆਰ ਇੱਕ ਬੋਝ ਹੁੰਦਾ ਹੈ। ਉਹ ਲੋਕ ਜੋ ਸ਼ਾਂਤ, ਖੁਸ਼ ਅਤੇ ਭਾਵਨਾਵਾਂ ਨਾਲ ਭਰਪੂਰ ਹੁੰਦੇ ਹਨ। ਜੋ ਲੋਕ ਦੁਨੀਆਂ ਤੋਂ ਝੂਠੇ ਪਿਆਰ ਦੁਆਰਾ ਲਗਾਏ ਗਏ ਜ਼ਖ਼ਮਾਂ 'ਤੇ ਸਵਰਗੀ ਪਿਆਰ ਦਾ ਮਲਮ ਲਗਾਉਂਦੇ ਹਨ, ਫਿਰ ਇਲਾਜ ਸਾਰੀ ਹੋਂਦ ਨੂੰ ਆਪਣੇ ਕਬਜ਼ੇ ਵਿੱਚ ਲੈ ਲੈਂਦਾ ਹੈ। ਜੇਕਰ ਕੋਈ ਵਿਅਕਤੀ ਸਵਰਗੀ ਪਿਆਰ ਵਿੱਚ ਫਸਿਆ ਨਹੀਂ ਹੈ, ਤਾਂ ਜੀਵਨ ਭਰ ਦੀਆਂ ਯਾਤਰਾਵਾਂ ਦੇ ਬਾਵਜੂਦ, ਉਹ ਪਰਮਾਤਮਾ ਨੂੰ ਆਪਣੀ ਗਲੇ ਦੀ ਨਾੜੀ ਦੇ ਨੇੜੇ ਨਹੀਂ ਲੱਭ ਸਕਦਾ। ਪਿਆਰ ਵਿੱਚ ਸ਼ਕਤੀ ਹੈ ਕਿ ਉਹ ਤੁਹਾਨੂੰ ਖੁੱਲ੍ਹੀਆਂ ਅੱਖਾਂ ਨਾਲ ਆਪਣੇ ਅੰਦਰ ਪਰਮਾਤਮਾ ਨੂੰ ਮਿਲਣ ਦਾ ਚਮਤਕਾਰ ਦਿਖਾਵੇ।

***

## ਚਰਾ.ਗ ਉਲ.ਫ਼ਤ ਦੇ

ਮਾਰੇ ਹਾਂ ਅਸੀਂ ਦੁੱਖ ਦੇ ਇੰਝ ਮਾਰ ਨਾ ਸਾਨੂੰ ਤੂੰ।
ਜੇ ਪਿਆਰ ਨਹੀਂ ਦੇਣਾ ਦੁਰਕਾਰ ਨਾ ਸਾਨੂੰ ਤੂੰ।

ਤੂੰ ਗੱਜ ਹੀ ਸਕਨਾ ਏਂ, ਬਰਸਣ ਨੂੰ ਅਸੀਂ ਹੀ ਹਾਂ,
ਬਰਸੇ ਤਾਂ ਰੁਆਦਾਂਗੇ, ਦੇ ਖ਼ਾਰ ਨਾ ਸਾਨੂੰ ਤੂੰ।

ਰਹਿ ਦੂਰ ਜ਼ਰਾ ਸਾਥੋਂ ਮੌਸਮ ਹੈ ਬਹਾਰਾਂ ਦਾ,
ਗੁਲ ਕੋਈ ਨਾ ਖਿਲ ਜਾਏ, ਪੁਚਕਾਰ ਨਾ ਸਾਨੂੰ ਤੂੰ।

ਆਉਣਾ ਜਾਂ ਬਹਾਰਾਂ ਨੇ, ਹਰ ਸ਼ੈਅ 'ਤੇ ਬਹਾਰ ਆਉ,
ਇਹ ਝੂਠੀ ਤਸੱਲੀ ਹੈ, ਦੇ ਯਾਰ ਨਾ ਸਾਨੂੰ ਤੂੰ।

ਕਲੀਆਂ ਨੂੰ ਖੁਸ਼ੀ ਬਖ਼ਸ਼ੇਂ, ਫੁੱਲਾਂ ਨੂੰ ਦਏਂ ਖੇੜੇ,
ਨੀ ਰੁੱਤ ਬਸੰਤੜੀਏ, ਦੇ ਖ਼ਾਰ ਨਾ ਸਾਨੂੰ ਤੂੰ।

**ਅਮਰ ਨਾਥ ਕੌਸਤੁਭ**

# 'ਹਾਰਟ ਲੈਂਪ' ਨੂੰ ਬੁਕਰ ਪ੍ਰਾਈਜ਼



ਪ੍ਰੋ. ਨਵ ਸੰਗੀਤ ਸਿੰਘ

ਸਾਹਿਤ ਸਿਰਫ਼ ਇੱਕ ਕਲਪਨਾ ਜਾਂ ਫੈਂਟੇਸੀ ਨਹੀਂ ਹੈ। ਸਾਹਿਤ ਜੀਵਨ ਦਾ ਯਥਾਰਥ ਹੈ ਅਤੇ ਹਰ ਸਾਹ ਵਿੱਚ ਰਚਿਆ-ਵੱਸਿਆ ਹੈ। ਕੰਨੜ ਲੇਖਕਾ ਅਤੇ ਸਮਾਜਿਕ ਕਾਰਕੁਨ, ਵਕੀਲ ਬਾਨੂ ਮੁਸ਼ਤਾਕ ਦੀ ਅੰਗਰੇਜ਼ੀ ਵਿੱਚ ਅਨੁਵਾਦਿਤ ਪੁਸਤਕ 'ਹਾਰਟ ਲੈਂਪ' ਨੂੰ ਬੁਕਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਭਾਰਤੀ ਭਾਸ਼ਾ ਤੇ ਸਾਹਿਤ ਲਈ ਬਹੁਤ ਮਾਣ ਅਤੇ ਸ਼ਾਨ ਦੀ ਗੱਲ ਹੈ। ਇਸਤੋਂ ਸਾਬਤ ਹੁੰਦਾ ਹੈ ਕਿ ਲੇਖਨ ਕਿਸੇ ਧਰਮ, ਭਾਸ਼ਾ, ਜਾਤ ਜਾਂ ਸੀਮਾ ਨਾਲ ਬੱਝਿਆ ਨਹੀਂ ਹੁੰਦਾ। ਆਮ ਤੌਰ 'ਤੇ ਪ੍ਰੋਲੇਤਾਰੀ ਵਰਗ ਦਾ ਦੁਖ ਇੱਕੋ ਜਿਹਾ ਹੁੰਦਾ ਹੈ, ਉਨ੍ਹਾਂ ਦੀ ਜਾਤ ਜਾਂ ਧਰਮ ਕੋਈ ਵੀ ਹੋਵੇ। ਇਹ ਪੁਰਸਕਾਰ ਭਾਰਤੀ ਭਾਸ਼ਾਵਾਂ ਲਈ ਇੱਕ ਸੰਜੀਵਨੀ ਹੈ। ਬੁਕਰ ਪੁਰਸਕਾਰ ਭਾਸ਼ਾ ਦੇ ਨਾਮ 'ਤੇ ਲੜਨ ਵਾਲੇ ਇੱਕ ਸੱਭਿਅ ਸਮਾਜ ਲਈ ਇੱਕ ਸਪਸ਼ਟ ਸੰਦੇਸ਼ ਹੈ। ਜੇਕਰ ਭਾਸ਼ਾ ਦਾ ਮਸਲਾ ਹੁੰਦਾ ਤਾਂ ਦੀਪਾ ਭਸਥੀ ਦੁਆਰਾ ਕੰਨੜ ਤੋਂ ਅਨੁਵਾਦ ਕੀਤੇ ਗਏ ਬਾਨੂ ਮੁਸ਼ਤਾਕ ਦੀਆਂ ਸਿਰਫ਼ ਬਾਰਾਂ ਮਿੰਨੀ ਕਹਾਣੀਆਂ ਦੇ ਸੰਗ੍ਰਹਿ 'ਹਾਰਟ ਲੈਂਪ' ਨੂੰ ਬੁਕਰ ਪੁਰਸਕਾਰ ਨਾ ਮਿਲਦਾ। ਭਾਸ਼ਾ ਅਤੇ ਸਾਹਿਤ ਸੀਮਾਵਾਂ ਤੋਂ



ਬਹੁਤ ਪਾਰ ਹਨ। ਹੁਣ ਤੱਕ, ਇਹ ਅੰਤਰਰਾਸ਼ਟਰੀ ਪੁਰਸਕਾਰ ਛੇ ਭਾਰਤੀ ਲੇਖਕਾਂ ਨੂੰ ਦਿੱਤਾ ਜਾ ਚੁੱਕਾ ਹੈ। ਇਹਦੇ ਲਈ ਬਾਨੂ ਮੁਸ਼ਤਾਕ ਦੇ ਨਾਲ ਨਾਲ ਦੀਪਾ ਵੀ ਵਧਾਈ ਦੀ ਹੱਕਦਾਰ ਹੈ। ਕਿਉਂਕਿ ਇਹ ਉਹਦੀ ਪਹਿਲੀ ਅਨੁਵਾਦਿਤ ਰਚਨਾ ਹੈ, ਜਿਸਨੂੰ ਇਹ ਸਨਮਾਨ ਮਿਲਿਆ ਹੈ।

ਬਾਨੂ ਮੁਸ਼ਤਾਕ ਇੱਕ ਦੱਖਣੀ ਭਾਰਤੀ ਲੇਖਕਾ ਹੈ। ਉਹ ਮੁੱਖ ਤੌਰ 'ਤੇ ਕੰਨੜ ਭਾਸ਼ਾ ਵਿੱਚ ਲਿਖਦੀ ਹੈ। ਬਾਨੂ ਨੂੰ ਜੋ ਬੁਕਰ ਪੁਰਸਕਾਰ ਮਿਲਿਆ ਹੈ, ਉਹ ਕੰਨੜ ਵਿੱਚ ਲਿਖੇ ਗਏ ਉਸਦੇ ਮਿੰਨੀ ਕਹਾਣੀ ਸੰਗ੍ਰਹਿ ਵਿੱਚੋਂ ਕੁਝ ਚੁਣੀਆਂ ਹੋਈਆਂ ਮਿੰਨੀ ਕਹਾਣੀਆਂ ਦੇ ਅੰਗਰੇਜ਼ੀ ਅਨੁਵਾਦ ਲਈ ਦਿੱਤਾ ਗਿਆ ਹੈ। ਉਸਨੇ ਕੁੱਲ ਛੇ ਮਿੰਨੀ ਕਹਾਣੀ ਸੰਗ੍ਰਹਿ, ਇੱਕ ਨਾਵਲ, ਇੱਕ ਲੇਖ ਸੰਗ੍ਰਹਿ ਅਤੇ ਇੱਕ ਕਾਵਿ ਸੰਗ੍ਰਹਿ ਦੀ ਰਚਨਾ ਕੀਤੀ ਹੈ। ਉਸ ਦੀਆਂ ਰਚਨਾਵਾਂ ਦਾ ਅਨੁਵਾਦ ਹਿੰਦੀ, ਤਮਿਲ, ਮਲਿਆਲਮ ਅਤੇ ਉਰਦੂ ਵਿੱਚ ਹੋ ਚੁੱਕਾ ਹੈ। ਇਸ ਤੋਂ ਇਲਾਵਾ ਉਸਨੂੰ ਕਈ ਹੋਰ ਸਾਹਿਤਕ ਪੁਰਸਕਾਰ ਵੀ ਮਿਲੇ ਹਨ। ਸਾਹਿਤ ਵਿੱਚ ਸਭ ਤੋਂ ਮਹੱਤਵਪੂਰਨ ਸਵਾਲ ਹੈ ਕਿ ਤੁਸੀਂ ਕਿੰਨਾ ਲਿਖ ਰਹੇ ਹੋ - ਇਹ ਮਾਇਨੇ ਨਹੀਂ ਰੱਖਦਾ। ਮਹੱਤਵਪੂਰਣ ਇਹ ਹੈ ਕਿ ਤੁਸੀਂ ਕੀ ਲਿਖ ਰਹੇ ਹੋ। ਲਿਖਿਆ ਤਾਂ ਬਹੁਤ ਕੁਝ ਜਾ ਰਿਹਾ ਹੈ ਜਾਂ ਬਹੁਤ ਕੁਝ ਲਿਖਿਆ ਗਿਆ ਹੈ, ਪਰ ਹਰ ਕਿਸੇ ਨੂੰ ਬੁਕਰ ਪ੍ਰਾਈਜ਼ ਨਹੀਂ ਮਿਲਿਆ। ਬੁਕਰ ਨੂੰ ਧਿਆਨ ਵਿੱਚ ਰੱਖ ਕੇ ਲਿਖਣਾ ਵੀ ਸੰਭਵ ਨਹੀਂ ਹੈ। ਕਿਉਂਕਿ ਸਾਹਿਤ ਕੋਈ ਤਕਨੀਕ ਨਹੀਂ, ਇੱਕ ਜਿਉਂਦੀ-ਜਾਗਦੀ ਕਲਾ ਹੈ, ਜੋ ਜ਼ਿੰਦਗੀ ਤੋਂ ਬਿਨਾਂ ਜ਼ਿੰਦਾ ਨਹੀਂ ਹੋ ਸਕਦੀ। ਬਾਨੂ 'ਲੰਕੇਸ਼ ਪੱਤ੍ਰਿਕਾ' ਨਾਲ ਵੀ ਜੁੜੀ ਹੋਈ ਸੀ ਅਤੇ ਉਹਨੇ ਬੈਂਗਲੁਰੂ ਆਲ ਇੰਡੀਆ ਰੇਡੀਓ ਵਿੱਚ ਵੀ ਕੰਮ ਕੀਤਾ ਹੈ।

ਬਾਨੂ ਮੁਸ਼ਤਾਕ (77) ਦੀ ਸਕੂਲੀ ਪੜ੍ਹਾਈ ਵੀ ਬੜੀਆਂ ਮੁਸ਼ਕਿਲ ਚੁਣੌਤੀਆਂ ਨਾਲ ਸ਼ੁਰੂ ਹੋਈ ਅਤੇ ਇਹੋ ਉਹਦੀ ਲੇਖਨ-ਜੀਵਨ ਦੀ ਚੁਣੌਤੀ ਬਣੀ। ਉਸਦਾ ਜਨਮ 1948 ਵਿੱਚ ਕਰਨਾਟਕ ਦੇ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ। ਉਸਦੇ ਪਿਤਾ ਦੀਆਂ ਬਹੁਤ ਕੋਸ਼ਿਸ਼ਾਂ ਤੋਂ ਬਾਅਦ, ਉਸਨੂੰ ਅੱਠ ਸਾਲ ਦੀ ਉਮਰ ਵਿੱਚ ਸ਼ਿਵਮੋਗਾ ਦੇ ਕੰਨੜ ਮਿਸ਼ਨਰੀ ਸਕੂਲ ਵਿੱਚ ਇਸ ਸ਼ਰਤ 'ਤੇ ਦਾਖਲ ਕਰਵਾਇਆ ਗਿਆ ਕਿ ਉਸਨੂੰ ਛੇ ਮਹੀਨਿਆਂ ਵਿੱਚ ਕੰਨੜ ਭਾਸ਼ਾ ਪੜ੍ਹਨਾ ਅਤੇ ਲਿਖਣਾ ਸਿੱਖਣਾ ਪਵੇਗਾ, ਨਹੀਂ ਤਾਂ ਉਸਨੂੰ ਸਕੂਲ ਛੱਡਣਾ ਪਵੇਗਾ। ਕਿਉਂਕਿ ਬਾਨੂ ਇੱਕ ਮੁਸਲਿਮ ਪਰਿਵਾਰ ਨਾਲ ਸਬੰਧਤ ਸੀ, ਜਿੱਥੇ ਸਕੂਲ ਦੀ ਸ਼ਰਤ ਉਸਦੇ ਲਈ ਇੱਕ ਚੁਣੌਤੀ ਸੀ, ਪਰ ਉਸਨੇ ਇਹ ਕਰ ਵਿਖਾਇਆ। ਮੁਸ਼ਤਾਕ ਨੇ 1980 ਵਿੱਚ ਮੁਸਲਿਮ ਸਮਾਜ ਵਿੱਚ ਕੱਟੜਤਾ ਨੂੰ ਘਟਾਉਣ ਲਈ ਕੰਮ ਕੀਤਾ। ਉਸਨੇ ਮਸਜਿਦਾਂ ਵਿੱਚ ਵੀ ਮੁਸਲਿਮ ਔਰਤਾਂ ਦੇ ਦਾਖਲੇ ਦੀ ਵਕਾਲਤ ਕੀਤੀ, ਜਿਸ ਕਾਰਨ ਉਸਦੇ ਪਰਿਵਾਰ ਦਾ ਸਮਾਜਿਕ ਬਾਈਕਾਟ ਵੀ ਕੀਤਾ ਗਿਆ। ਉਸਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲੀਆਂ। ਹਾਲਾਂਕਿ, ਉਸਨੇ ਸਕੂਲਾਂ ਵਿੱਚ ਮੁਸਲਿਮ ਕੁੜੀਆਂ ਦਾ ਬੁਰਕਾ ਪਹਿਨਣ ਦਾ ਸਮਰਥਨ ਕੀਤਾ, ਜਿਸਦਾ ਵਿਵਾਦ ਕਰਨਾਟਕ ਦੇ ਵਿਦਿਅਕ ਅਦਾਰਿਆਂ ਵਿੱਚ ਅਜੇ ਵੀ ਇੱਕ ਮੁੱਦਾ ਹੈ।

ਬਾਨੂ ਮੁਸ਼ਤਾਕ ਨੇ ਮੁਸਲਿਮ ਸਮਾਜ ਵਿੱਚ ਔਰਤਾਂ ਅਤੇ ਹੋਰ ਸਮੱਸਿਆਵਾਂ ਦਾ ਬਹੁਤ ਡੂੰਘਾਈ ਨਾਲ ਅਧਿਐਨ ਕੀਤਾ। ਅਜਿਹੀਆਂ ਸਮੱਸਿਆਵਾਂ ਨੇ ਉਹਨੂੰ ਪ੍ਰਭਾਵਿਤ ਕੀਤਾ, ਜਿਸਨੂੰ ਉਹਨੇ ਆਪਣੀ ਕਹਾਣੀ ਜਾਂ ਮਿੰਨੀ ਕਹਾਣੀ ਦਾ ਆਧਾਰ ਬਣਾਇਆ। ਉਹਨੂੰ ਬਚਪਨ ਤੋਂ ਹੀ ਲਿਖਣ ਦਾ ਸ਼ੌਕ ਸੀ। ਉਸ ਦੀ ਪਹਿਲੀ ਕਹਾਣੀ 26 ਸਾਲ ਦੀ ਉਮਰ ਵਿੱਚ 'ਪ੍ਰਜਾਮਾਤਾ' ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਤੋਂ ਬਾਅਦ ਉਸਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। 'ਹਾਰਟ ਲੈਂਪ', ਜਿਸ ਲਈ ਉਹਨੂੰ ਅੰਤਰਰਾਸ਼ਟਰੀ ਬੁਕਰ ਪੁਰਸਕਾਰ ਮਿਲਿਆ ਹੈ, ਵਿੱਚ 1990 ਤੋਂ 2023 ਤੱਕ ਦੀਆਂ ਮਿੰਨੀ ਕਹਾਣੀਆਂ ਹਨ, ਜਿਨ੍ਹਾਂ ਵਿੱਚ ਮੁਸਲਿਮ ਸਮਾਜ ਦੀਆਂ ਔਰਤਾਂ ਦੇ ਸੰਘਰਸ਼ ਨੂੰ ਦਰਸਾਇਆ ਗਿਆ ਹੈ। ਅਨੁਵਾਦਕ ਦੀਪਾ ਭਸਥੀ ਵੀ ਇਹ ਸਨਮਾਨ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਹੈ।

ਮੁਸ਼ਤਾਕ ਦੀਆਂ ਕਹਾਣੀਆਂ ਦਾ ਅੰਗਰੇਜ਼ੀ ਵਿੱਚ ਪਹਿਲੀ ਵਾਰ ਅਨੁਵਾਦ ਸਾਲ 2022 ਵਿੱਚ ਦੀਪਾ ਭਾਸਥੀ ਨੇ ਕੀਤਾ ਸੀ। ਜਿਸ ਵਿੱਚੋਂ ਉਸਨੇ ਕੰਨੜ ਤੋਂ ਕੁਝ ਚੁਣੀਆਂ ਕਹਾਣੀਆਂ ਦਾ ਅੰਗਰੇਜ਼ੀ ਵਿੱਚ ਅਨੁਵਾਦ 'ਹਾਰਟ ਲੈਂਪ' ਨਾਂ ਹੇਠ ਕੀਤਾ, ਜਿਸਨੂੰ ਬੁਕਰ ਪੁਰਸਕਾਰ 2025 ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਪੁਰਸਕਾਰ ਵਿੱਚ ਲੇਖਕ ਨੂੰ 50 ਹਜ਼ਾਰ ਪੌਂਡ ਦੀ ਰਕਮ ਮਿਲਦੀ ਹੈ। ਜਿਸ ਵਿੱਚੋਂ ਅੱਧੀ ਰਕਮ ਅੰਗਰੇਜ਼ੀ ਅਨੁਵਾਦਕ ਨੂੰ ਜਾਂਦੀ ਹੈ। ਕਿਉਂਕਿ ਬੁਕਰ ਪੁਰਸਕਾਰ ਸਿਰਫ਼ ਅੰਗਰੇਜ਼ੀ ਰਚਨਾ ਜਾਂ ਉਸ ਭਾਸ਼ਾ ਵਿੱਚ ਅਨੁਵਾਦ ਕੀਤੇ ਗਏ ਸੰਗ੍ਰਹਿ ਨੂੰ ਹੀ ਦਿੱਤਾ ਜਾਂਦਾ ਹੈ। ਇਸਦਾ ਉਦੇਸ਼ ਸਪਸ਼ਟ ਹੈ ਕਿ ਚੰਗਾ ਸਾਹਿਤ ਹਰ ਕਿਸੇ ਤੱਕ ਪਹੁੰਚਣਾ ਚਾਹੀਦਾ ਹੈ। ਕਿਉਂਕਿ ਸਾਹਿਤ ਦੀ ਕੋਈ ਸੀਮਾ ਨਹੀਂ ਹੁੰਦੀ। ਭਾਰਤੀ ਰੁਪਏ ਵਿੱਚ ਇਸ ਪੁਰਸਕਾਰ ਦੀ ਕੀਮਤ 52.95 ਲੱਖ ਹੈ। ਮੁਸ਼ਤਾਕ ਪਹਿਲੀ ਕੰਨੜ ਲੇਖਕਾ ਹੈ, ਜਿਸਨੂੰ ਬੁਕਰ ਪੁਰਸਕਾਰ 2025 ਲਈ ਚੁਣਿਆ ਗਿਆ ਹੈ। ਇਹ ਅਨੁਵਾਦਕ ਦੀਪਾ ਭਸਥੀ ਲਈ ਵੀ ਮਾਣ ਵਾਲੀ ਗੱਲ ਹੈ।

ਬੁਕਰ ਪੁਰਸਕਾਰ ਦੀ ਜਿਊਰੀ ਦੇ ਚੇਅਰਮੈਨ ਮੈਕਸ ਪੋਰਟਰ ਨੇ ਕਹਾਣੀਆਂ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਭਾਵੇਂ ਮੁਸ਼ਤਾਕ ਦੀਆਂ ਕਹਾਣੀਆਂ ਨਾਰੀਵਾਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਇਨ੍ਹਾਂ ਵਿੱਚ ਪਿਤਰਸੱਤਾ ਪ੍ਰਣਾਲੀ ਦਾ ਵਿਰੋਧ ਹੈ। ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇੱਕ ਔਰਤ ਦੇ ਰੋਜ਼ਾਨਾ ਜੀਵਨ ਦੇ ਸੰਘਰਸ਼ ਨੂੰ ਬੇਹੱਦ ਸ਼ਾਨਦਾਰ ਤਰੀਕੇ ਨਾਲ ਪ੍ਰਸਤੁਤ ਕੀਤਾ ਗਿਆ ਹੈ। ਇਹ ਆਪਣੇ ਆਪ ਵਿੱਚ ਸਭ ਤੋਂ ਵਿਲੱਖਣ ਹੈ।

ਹੁਣ ਤੱਕ ਛੇ ਭਾਰਤੀ ਲੇਖਕਾਂ ਨੂੰ ਉਨ੍ਹਾਂ ਦੀਆਂ ਰਚਨਾਵਾਂ ਲਈ ਅੰਤਰਰਾਸ਼ਟਰੀ ਬੁਕਰ ਪੁਰਸਕਾਰ ਮਿਲ ਚੁੱਕਾ ਹੈ। ਇਨ੍ਹਾਂ ਵਿੱਚ ਵੀ.ਐਸ. ਨਾਇਪਾਲ, ਸਲਮਾਨ ਰਸ਼ਦੀ, ਅਰੁੰਧਤੀ ਰਾਏ, ਕਿਰਨ ਦੇਸਾਈ, ਅਰਵਿੰਦ ਅਡਿਗਾ ਅਤੇ ਗੀਤਾਂਜਲੀ ਸ਼੍ਰੀ ਦੇ ਨਾਂ ਸ਼ਾਮਲ ਹਨ। ਗੀਤਾਂਜਲੀ ਸ਼?ਰੀ ਨੂੰ 2022 ਵਿੱਚ ਉਸਦੇ ਹਿੰਦੀ ਨਾਵਲ ਲਈ ਇਹ ਪੁਰਸਕਾਰ ਮਿਲਿਆ ਸੀ। ਜਦੋਂ ਕਿ ਨਾਇਪਾਲ 1971 ਵਿੱਚ ਇਸਨੂੰ ਪ੍ਰਾਪਤ ਕਰਨ ਵਾਲੇ ਪਹਿਲੇ ਭਾਰਤੀ ਲੇਖਕ ਸਨ। ਬੁਕਰ ਦੀ ਦੌੜ ਵਿੱਚ ਪੰਜ ਕਿਤਾਬਾਂ ਸ਼ਾਮਲ ਸਨ, ਜਿਨ੍ਹਾਂ ਵਿੱਚ ਸੋਲੇਜ ਦੀ 'ਆਨ ਦ ਕੈਲਕੁਲੇਸ਼ਨ ਆਫ਼ ਵੈਲਿਊਜ਼', ਸਮਾਲ ਬੋਟ ਦੀ 'ਵਿਸੈਂਟ ਡੇਲੀਕ੍ਰੋਇਸਕ', ਹਿਰੋਮੀ ਕਾਵਾਕਾਮੀ ਦੀ 'ਅੰਡਰ ਦ ਆਈ ਆਫ਼ ਦ ਬਿਗ ਬਰਡ', ਡੇਸੇਂਜੋ ਲੈਟ੍ਰਿਨਿਕੋ ਦੀ 'ਪਰਫੈਕਸ਼ਨ' ਅਤੇ ਏਰੀ ਸੇਰੇ ਦੀ 'ਏ ਲੈਪਾਰਡ ਸਕਿਨ ਹੈਟ' ਸ਼ਾਮਲ ਸਨ। ਅਜਿਹੀ ਸਥਿਤੀ ਵਿੱਚ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਕੰਨੜ ਤੋਂ ਅੰਗਰੇਜ਼ੀ ਵਿੱਚ ਅਨੁਵਾਦਿਤ 'ਹਾਰਟ ਲੈਂਪ' ਨੂੰ ਬੁਕਰ ਮਿਲਿਆ।

ਬੁਕਰ ਇਨਾਮ ਦੀ ਸਥਾਪਨਾ 1969 ਵਿੱਚ ਇੰਗਲੈਂਡ ਦੀ ਮੈਕੋਨਲ ਕੰਪਨੀ ਨੇ ਕੀਤੀ ਸੀ। ਇਸ ਪੁਰਸਕਾਰ ਦਾ ਪੂਰਾ ਨਾਮ 'ਮੈਨ ਬੁਕਰ ਪ੍ਰਾਈਜ਼ ਫਾਰ ਫਿਕਸ਼ਨ' ਹੈ। ਇਸ ਵਿੱਚ ਲੇਖਕ ਅਤੇ ਅਨੁਵਾਦਕ ਨੂੰ 50 ਹਜ਼ਾਰ ਪੌਂਡ ਦੀ ਨਿਸ਼ਚਿਤ ਰਕਮ ਦਾ ਅੱਧਾ-ਅੱਧਾ ਹਿੱਸਾ ਮਿਲਦਾ ਹੈ। ਇਸ ਪੁਰਸਕਾਰ ਦਾ ਉਦੇਸ਼ ਚੰਗੇ ਸਾਹਿਤ ਦਾ ਵਿਕਾਸ ਹੈ। ਇਸਦਾ ਸੰਕਲਪ ਹੈ ਕਿ ਚੰਗੇ ਸਾਹਿਤ ਦੀ ਕੋਈ ਸੀਮਾ ਨਹੀਂ ਹੁੰਦੀ, ਇਸਦੇ ਲਈ ਸਿਰਫ ਇੱਕ ਪਲੇਟਫਾਰਮ ਅਤੇ ਮਾਧਿਅਮ ਜ਼ਰੂਰੀ ਹੁੰਦਾ ਹੈ। ਇਸ ਵਿੱਚ ਨਾ ਤਾਂ ਲੇਖਕ ਦੀ ਭਾਸ਼ਾ ਮਾਇਨੇ ਰੱਖਦੀ ਹੈ ਅਤੇ ਨਾ ਹੀ ਲੇਖਕ ਦੀ ਜਾਤ ਅਤੇ ਧਰਮ। ਬੱਸ, ਜੇ ਤੁਸੀਂ ਵੀ ਲਿਖਦੇ ਹੋ ਤਾਂ ਕੁਝ ਚੰਗਾ ਲਿਖੋ, ਭਾਵੇਂ ਤੁਸੀਂ ਛੋਟਾ ਜਾਂ ਘੱਟ ਲਿਖੋ।

(ਪ੍ਰਭੂਨਾਥ ਸ਼ੁਕਲ ਦੇ ਹਿੰਦੀ ਵਿੱਚ ਲਿਖੇ ਇੱਕ ਲੇਖ ਦਾ ਖੁੱਲ੍ਹਾ ਅਨੁਵਾਦ)


# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002
(9417692015)


**ਮਾਂ ਚਾਹੇ ਪੜ੍ਹੀ-ਲਿਖੀ ਨਾ ਹੋਵੇ ਪਰ ਸੰਸਾਰ ਨੂੰ ਦੁਰਲਭ ਗਿਆਨ ਸਾਨੂੰ ਮਾਂ ਤੋਂ ਹੀ ਮਿਲਦਾ ਹੈ।**

# ਬਰਸਾਤਾਂ ਤੋਂ ਪਹਿਲਾਂ ਕੋਠੇ ਲਿੱਪਣੇ



ਜੈਲਦਾਰ ਸਿੰਘ ਹੱਸਮੁਖ

ਮੀਂਹ ਪਹਿਲਾਂ ਤੇਜ਼ ਜਦ ਆਉਂਦਾ ਸੀ, ਡੱਡੂਆਂ ਦਾ ਝੁੰਡ ਟਰਰਾਉਂਦਾ ਸੀ,
ਇਕ ਅਜਬ ਸੰਗੀਤ ਸੁਣਾਉਂਦਾ ਸੀ, ਸੱਜਣੋ ਜ਼ਮਾਨੇ ਗੁਜ਼ਰ ਗਏ, ਮਿੱਤਰੋ ਜ਼ਮਾਨੇ ਬਦਲ ਗਏ।

ਟੋਭਿਆਂ 'ਚ ਤਗਾਰ ਬਣਾਉਂਦੇ ਸਨ, ਵਿੱਚ ਤੂੜੀ, ਗੀਣ ਮਿਲਾਉਂਦੇ ਸਨ,
ਸਭ ਘਰ ਦੇ ਰਲ ਮਿਲ ਲਾਉਂਦੇ ਸਨ, ਸੱਜਣੇ ਜ਼ਮਾਨੇ ਗੁਜ਼ਰ ਗਏ, ਮਿੱਤਰੋ ਜ਼ਮਾਨੇ ਬਦਲ ਗਏ।

ਛੱਤਾਂ 'ਤੇ ਘਾਹ ਉੱਗ ਆਉਂਦੇ ਸੀ, ਕੰਧਾਂ ਤੋਂ ਲਿਉੜ ਡਿੱਗ ਜਾਂਦੇ ਸੀ,
ਗੱਡ ਕਿੱਲੀਆਂ ਕੰਧ ਬਚਾਉਂਦੇ ਸੀ, ਸੱਜਣੋ ਜ਼ਮਾਨੇ ਗੁਜ਼ਰ ਗਏ, ਮਿੱਤਰੇ ਜ਼ਮਾਨੇ ਬਦਲ ਗਏ।

ਕਈ ਕਈ ਦਿਨ ਲੱਗਦੀਆਂ ਝੜੀਆਂ ਸਨ, ਟੁੱਟ ਜਾਂਦੇ ਸ਼ਤੀਰ ਤੇ ਕੜੀਆਂ ਸਨ,
ਸੱਚ ਕਹਾਂ ਮੁਸ਼ਕਿਲਾਂ ਬੜੀਆ ਸਨ, ਸੱਜਣੋ ਜ਼ਮਾਨੇ ਗੁਜ਼ਰ ਗਏ, ਮਿੱਤਰੋ ਜ਼ਮਾਨੇ ਬਦਲ ਗਏ।

ਸੁੱਕਿਆ ਬਾਲਣ ਮੁੱਕ ਜਾਂਦਾ ਸੀ, ਅਤੇ ਢੱਠ ਗੁਹਾਰਾ ਜਾਂਦਾ ਸੀ, ਖੱਲ,
ਖੂੰਜਿਓਂ ਕੱਢ ਸਰ ਜਾਂਦਾ ਸੀ, ਸੱਜਣੇ ਜ਼ਮਾਨੇ ਗੁਜ਼ਰ ਗਏ, ਮਿੱਤਰੇ ਜ਼ਮਾਨੇ ਬਦਲ ਗਏ।

ਬੜੀ 'ਚ ਬਣਦੇ ਖੀਰ ਤੇ ਪੂੜੇ ਸੀ, ਖਾਂਦੇ ਬਹਿ ਉੱਪਰ ਮੂੜੇ ਸੀ,
ਵੰਡ ਰਿਸ਼ਤੇ ਬਣਦੇ ਗੂੜ੍ਹੇ ਸੀ, ਸੱਜਣੋ ਜ਼ਮਾਨੇ ਗੁਜ਼ਰ ਗਏ, ਮਿੱਤਰੋ ਜ਼ਮਾਨੇ ਬਦਲ ਗਏ।

ਘਰ ਕੱਚੇ, ਭੁੱਗੀਆਂ, ਢਾਰੇ ਸਨ, ਉਹ ਡਿੱਗ ਜਾਂਦੇ ਬਿਨ ਗਾਰੇ ਸਨ,
ਲਿੱਪ ਕੇ ਘਰ ਲੱਗਦੇ ਪਿਆਰੇ ਸਨ, ਸੱਜਣੇ ਜ਼ਮਾਨੇ ਗੁਜ਼ਰ ਗਏ, ਮਿੱਤਰੇ ਜ਼ਮਾਨੇ ਬਦਲ ਗਏ।

ਪਾਂਡੂ ਵਿੱਚ ਗੋਹਾ ਮਿਲਾਉਂਦੇ ਸੀ, ਗੋਬਰਿਟੀ ਆਖ, ਬੁਲਾਉਂਦੇ ਸੀ,
ਘਰ, ਚੌਂਕੇ ਲਿੱਪਿ ਜਾਂਦੇ ਸੀ, ਸੱਜਣੇ ਜ਼ਮਾਨੇ ਗੁਜ਼ਰ ਗਏ, ਮਿੱਤਰੇ ਜ਼ਮਾਨੇ ਬਦਲ ਗਏ।

ਫੁੱਲ, ਮੋਰ, ਘੁੱਗੀਆਂ ਵਾਹੁੰਦੀਆਂ ਸਨ, ਅੰਦਰਲੀ ਕਲਾ ਵਿਖਾਉਂਦੀਆਂ ਸਨ,
ਵਿਰਸੇ ਨੂੰ ਚਾਰ ਚੰਨ ਲਾਉਂਦੀਆਂ ਸਨ, ਸੱਜਣੋ ਜ਼ਮਾਨੇ ਗੁਜ਼ਰ ਗਏ, ਮਿੱਤਰੋ ਜ਼ਮਾਨੇ ਬਦਲ ਗਏ।

ਨਦੀਆਂ ਭਰ ਭਰ ਕੇ ਆਉਂਦੀਆਂ ਸਨ, ਕਈ ਰੁੱਖ ਰੋੜ੍ਹ ਕੇ ਲਿਆਉਂਦੀਆਂ ਸਨ
ਰੁੱਖ ਫੜਨ ਟੋਲੀਆਂ ਜਾਂਦੀਆਂ ਸਨ, ਸੱਜਣੇ ਜ਼ਮਾਨੇ ਗੁਜ਼ਰ ਗਏ, ਮਿੱਤਰੋ ਜ਼ਮਾਨੇ ਬਦਲ ਗਏ।

ਜਦ ਝੜੀਆਂ ਹੱਦ ਮੁਕਾਉਂਦੀਆਂ ਸਨ, ਚੁੱਕ ਕੁੱਜੀ ਕੁੜੀਆਂ ਜਾਂਦੀਆਂ ਸਨ,
ਜਲ ਸੱਤ ਪਰਨਾਲਿਉਂ ਲਿਆਉਂਦੀਆਂ ਸਨ, ਸੱਜਣੋਂ ਜ਼ਮਾਨੇ ਗੁਜ਼ਰ ਗਏ, ਮਿੱਤਰੋ ਜ਼ਮਾਨੇ ਬਦਲ ਗਏ।

ਸੱਤ ਨਜਾ ਕੁੱਜੀ ਵਿੱਚ ਪਾਉਂਦੀਆਂ ਸਨ, ਗੀਤ ਮੀਂਹ ਹਟਣ ਦੇ ਗਾਉਂਦੀਆਂ ਸਨ,
ਫਿਰ ਕੁੱਜੀ ਤਾਈਂ ਦਬਾਉਂਦੀਆਂ ਸਨ, ਸੱਜਣੋ ਜ਼ਮਾਨੇ ਗੁਜ਼ਰ ਗਏ, ਮਿੱਤਰੋ ਜ਼ਮਾਨੇ ਬਦਲ ਗਏ।

# ਪੰਜਾਬ ਦੀ ਖੇਤੀ ਲਈ ਨਵਾਂ ਮਾਡਲ ਤਿਆਰ ਕਰਨ ਦੀ ਲੋੜ



-ਡਾ ਅਮਰਜੀਤ ਟਾਂਡਾ

ਪੰਜਾਬ ਦੀ ਖੇਤੀ ਲਈ ਨਵਾਂ ਮਾਡਲ ਤਿਆਰ ਕਰਨ ਦੀ ਲੋੜ ਮੂਲ ਤੌਰ 'ਤੇ ਇਸ ਲਈ ਜ਼ਰੂਰੀ ਹੈ ਕਿਉਂਕਿ ਪੰਜਾਬ ਦੀ ਖੇਤੀ ਹਾਲਤ-ਮੁਤਾਬਕ ਅਤੇ ਜਲਵਾਯੂ, ਜ਼ਮੀਨੀ ਸਾਧਨਾਂ ਅਤੇ ਖੇਤੀਬਾੜੀ ਦੇ ਮਰੀਜ਼ਾ ਸਿਸਟਮ ਵਿੱਚ ਬਦਲਾਅ ਦਾ ਮੰਗ ਕਰਦੀ ਹੈ। ਹਾਲ ਵਿੱਚ ਖੇਤੀ ਝੋਨੇ ਦੇ ਚੱਕਰ (ਪੈਟਰੋਲ ਖੇਤੀ) ਅਤੇ ਧਰਤੀ ਹੇਠਲੀ ਪਾਣੀ ਦੀ ਘੱਟਤੀ, ਪੈਦਾਵਾਰ ਵਿੱਚ ਘਟਾਅ ਅਤੇ ਕਿਸਾਨਾਂ ਦੀ ਆਮਦਨ ਵਿੱਚ ਲੋੜਮੰਦ ਵਿਕਾਸ ਆ ਰਹੇ ਹਨ। ਇਸ ਲਈ ਇੱਕ ਵਧੀਆ, ਲਾਹੇਵੰਦ, ਅਤੇ ਪ੍ਰਦੂਸ਼ਣ-ਰਹਿਤ ਖੇਤੀ ਮਾਡਲ ਦੀ ਜ਼ਰੂਰਤ ਹੈ ਜੋ ਵੱਖ-ਵੱਖ ਖੇਤਰਾਂ ਦੀ ਯੋਗਤਾ ਅਤੇ ਉਨ੍ਹਾਂ ਦੇ ਵਾਤਾਵਰਣ ਅਨੁਸਾਰ ਹੋਵੇ।

ਕੁਝ ਮੁੱਖ ਸਿਫਾਰਸ਼ਾਂ ਅਤੇ ਤਤਕਾਲੀ ਸੁਧਾਰ ਦੀ ਲੋੜਾਂ:

ਵਾਤਾਵਰਨ ਅਨੁਕੂਲ ਖੇਤੀ ਮਾਡਲ ਜਿਵੇਂ ਕਿ ਵੱਖ-ਵੱਖ ਖੇਤਰਾਂ ਲਈ ਖੇਤੀ ਯੋਜਨਾ ਬਣਾਉਣ, 13 ਨਵੇਂ ਖੇਤੀ ਸੈਂਟਰਾਂ ਦਾ ਸਥਾਪਨ ਜੋ ਖੋਜ ਅਤੇ ਖੇਤੀ ਯੰਤ੍ਰਾਂ ਵਿੱਚ ਅਗਾਂਹਵਧੂ ਹੋਣ. ਪਾਣੀ ਦੀ ਬਚਤ ਲਈ ਟੇਕਨੀਕਾਂ ਵਰਗੇ ਸੁੱਕਾ ਕੱਦੂ ਅਤੇ ਤੁਪਕਾ ਸਿੰਚਾਈ ਜ਼ਰੂਰੀ ਹਨ, ਜਿਵੇਂ ਕਿ ਨਹਿਰੀ ਸਿੰਚਾਈ ਪ੍ਰਣਾਲੀ ਦੀ ਮੁਰੰਮਤ ਅਤੇ ਆਧੁਨਿਕੀਕਰਨ.ਫ਼ਸਲਾਂ ਦੇ ਮੁੱਲ ਲਈ ਕਾਨੂੰਨੀ ਗਾਰੰਟੀ (MSP) ਅਤੇ ਖੇਤੀਬਾੜੀ ਨੂੰ ਮੁਨਾਫੇਦਾਰ ਬਣਾਉਣ ਲਈ ਸਹਿਕਾਰੀ ਮਾਡਲ ਹੋਣਾ ਜਰੂਰੀ ਹੈ।

ਛੋਟੇ ਕਿਸਾਨਾਂ ਅਤੇ ਸੀਮਾਂਤ ਪਰਿਵਾਰਾਂ ਨੂੰ ਖੇਤੀ ਵਿਚ ਜੋੜਨ ਲਈ ਵੱਖ-ਵੱਖ ਮਲਕੀਅਤ ਅਨੁਸਾਰ ਖੇਤੀ ਮਾਡਲ ਵਿਕਸਤ ਖੇਤੀ ਵਿੱਚ ਅਧੁਨਿਕ ਤਕਨਾਲੋਜੀਆਂ ਜਿਵੇਂ ਏਆਈ, ਡਰੋਨ, ਆਈਓਟੀ ਸੈਂਸਰ ਵਰਤੋਂ, ਜਿਸ ਨਾਲ ਫਸਲ ਨਿਗਰਾਨੀ ਤੇ ਕੀਟ-ਮਕੌੜੇ ਦੀ ਚੌਕਸੀ ਹੋਵੇ। ਫਸਲਾਂ ਦੇ ਵਿਭਿੰਨਤਾ ਲਈ ਬਦਲਵੀਂ ਖੇਤੀ ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਖੇਤੀਬਾੜੀ ਨਾਲ ਜੁੜੇ ਖਰਚੇ, ਬਕਾਇਆ ਅਤੇ ਸੰਸਥਾਗਤ ਮਦਦ ਦੇ ਨਵੇਂ ਮਾਡਲ ਜਿਵੇਂ ਲੰਬੇ ਸਮੇਂ ਦਾ ਸਮਝੌਤਾ ਅਤੇ ਬਿਹਤਰ ਬੀਜ/ਖਾਦਾਂ ਦੀ ਪ੍ਰਦਾਨਗੀ ਇਹ ਸਾਰੇ ਤੱਤ ਮਿਲਕੇ ਪੰਜਾਬ ਦੀ ਖੇਤੀ ਨੂੰ ਲਾਭਕਾਰੀ, ਸਥਿਰ, ਅਤੇ ਪ੍ਰਕਿਰਤਿਕ ਤੌਰ 'ਤੇ ਸਮਰਥ ਬਣਾਉਣ ਵਿਚ ਮਦਦਗਾਰ ਸਾਬਤ ਹੋਣਗੇ। ਨਵੀਂ ਖੇਤੀ ਨੀਤੀਆਂ ਬਣਾਉਂਦਿਆਂ ਕਿਸਾਨਾਂ, ਸਰਕਾਰ ਅਤੇ ਵਿਗਿਆਨਕ ਸੰਸਥਾਵਾਂ ਦੀ ਭਾਗੀਦਾਰੀ ਬਹੁਤ ਜਰੂਰੀ ਹੈ ਤਾਂ ਜੋ ਸਾਰੇ ਹਿੱਸੇਦਾਰਾਂ ਦੀਆਂ ਆਵਸ਼ਕਤਾਵਾਂ ਧਿਆਨ ਵਿੱਚ ਰੱਖੀ ਜਾ ਸਕਣ।

ਪੰਜਾਬ ਦੀ ਖੇਤੀ ਲਈ ਨਵਾਂ ਮਾਡਲ ਤਿਆਰ ਕਰਨ ਵਾਸਤੇ ਕਈ ਮੁੱਖ ਬਿੰਦੂਆਂ ਉਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।ਧਰਤੀ ਹੇਠਲਾ ਪਾਣੀ ਬਚਾਉਣਾ - ਝੋਨੇ ਦੀ ਲੰਬੀ ਕਾਸ਼ਤ ਨੂੰ ਘਟਾ ਕੇ ਪਾਣੀ ਦੀ ਬਚਤ ਕਰਨੀ ਜਰੂਰੀ ਹੈ। ਪਾਣੀ ਦੀ ਘੱਟ ਖਪਤ ਵਾਲੀਆਂ ਬਦਲਵੀਆਂ ਫਸਲਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।ਪਾਣੀ ਦੀ ਘੱਟ ਖਪਤ ਵਾਲੀਆਂ ਬਦਲਵੀਆਂ ਫਸਲਾਂ ਵਿੱਚ ਸਾਉਣੀ ਦੀ ਮੱਕੀ (ਬਜਰਾ), ਦਾਲਾਂ, ਸਬਜ਼ੀਆਂ, ਫਲ, ਫੁੱਲ, ਮਿਲਟਸ ਆਦਿ ਸ਼ਾਮਲ ਹਨ। ਇਹ ਫਸਲਾਂ ਧਰਤੀ ਦੇ ਹੇਠਲੇ ਪਾਣੀ ਦੀ ਬਚਤ ਕਰਦੀਆਂ ਹਨ ਅਤੇ ਜ਼ਮੀਨ ਦੀ ਸਿਹਤ ਵਿੱਚ ਸੁਧਾਰ ਲਈ ਵੀ ਲਾਭਦਾਇਕ ਹਨ। ਮੁੱਖ ਤੌਰ ਤੇ, ਕਣਕ ਅਤੇ ਚੌਲ ਦੀ ਬਜਾਇ ਇਹਨਾਂ ਦੇ ਉਗਾਉਣ ਨਾਲ ਪਾਣੀ ਦੀ ਖਪਤ ਘੱਟ ਹੁੰਦੀ ਹੈ, ਕਿਉਂਕਿ ਚੌਲ ਚੰਗੀ ਖਪਤ ਵਾਲੀ ਫਸਲ ਹੈ ਅਤੇ ਇਸ ਲਈ ਵੱਖ-ਵੱਖ ਜਗ੍ਹਾ ਤੇ ਪਾਣੀ ਦੀ ਘਾਟ ਹੁੰਦੀ ਹੈ। ਸਾਉਣੀ ਦੀ ਮੱਕੀ ਅਤੇ ਦਾਲਾਂ ਦੀ ਖੇਤੀ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਜੋ ਖੇਤੀ ਲਈ ਮਹੱਤਵਪੂਰਨ ਹੈ।

ਪੰਜਾਬ ਵਿੱਚ ਖੇਤੀ ਯੋਗ ਪਾਣੀ ਦੀ ਘਾਟ ਨੂੰ ਧਿਆਨ ਵਿੱਚ ਰੱਖ ਕੇ, ਬਦਲਵੀਆਂ ਫਸਲਾਂ ਦੀ ਵੱਧ ਤੋਂ ਵੱਧ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਜਿਸ ਨਾਲ ਨਾ ਸਿਰਫ਼ ਪਾਣੀ ਦੀ ਬਚਤ ਹੋਵੇਗੀ ਬਲਕਿ ਧਰਤੀ ਹੇਠਲੇ ਪਾਣੀ ਦੇ ਸਰੋਤਾਂ 'ਤੇ ਭਾਰ ਵੀ ਘਟੇਗਾ. ਉਦਾਹਰਨ ਲਈ, ਚੌਲ ਦੀ ਕੁੱਲ ਪਾਣੀ ਖਪਤ ਮੱਕੀ, ਦਾਲਾਂ ਅਤੇ ਓਹਲੇ ਹੋਰਨਾਂ ਫਸਲਾਂ ਦੇ ਮੁਕਾਬਲੇ ਕਾਫੀ ਜ਼ਿਆਦਾ ਹੈ। ਇਸ ਲਈ ਇਹ ਬਦਲਵੀਆਂ ਫਸਲਾਂ ਖੇਤੀ ਦੇ ਚੱਕਰ ਵਿੱਚ ਸ਼ਾਮਲ ਕਰਨ ਦੀ ਲੋੜ ਹੈ।

ਸਰਕਾਰ ਅਤੇ ਖੇਤੀ ਨੀਤੀ ਦਾਰ ਹਨ ਕਿ ਇਹਨਾਂ ਪਾਣੀ ਦੀ ਘੱਟ ਖਪਤ ਵਾਲੀਆਂ ਫਸਲਾਂ ਨੂੰ ਵਿਸ਼ੇਸ਼ ਸਹਾਇਤਾ ਅਤੇ ਸਬਸਿਡੀ ਆਦਿ ਦੇ ਕੇ ਉਤਸ਼ਾਹਿਤ ਕਰਨ।ਉਦਾਹਰਨ ਵਜੋਂ, ਜ਼ਮੀਨੀ ਹਾਲਾਤ ਅਤੇ ਜਲ ਸਰੋਤਾਂ ਨੂੰ ਧਿਆਨ ਵਿੱਚ ਰੱਖ ਕੇ ਨਵਾਂ ਫਸਲੀ ਚੱਕਰ ਬਣਾਉਣ ਅਤੇ ਬਦਲਵੀਆਂ ਫਸਲਾਂ ਦੀ ਕਾਸ਼ਤ ਵਧਾਉਣ ਦਾ ਕੰਮ ਕਰਨ.ਪਾਣੀ ਦੀ ਘੱਟ ਖਪਤ ਵਾਲੀਆਂ ਬਦਲਵੀਆਂ ਫਸਲਾਂ ਵਿੱਚ ਸਾਉਣੀ ਦੀ ਮੱਕੀ, ਦਾਲਾਂ, ਮਿਲਟਜ਼ ਅਤੇ ਸਬਜ਼ੀਆਂ ਖਾਸ ਤੌਰ ਤੇ ਮਸ਼ਹੂਰ ਹਨ ਜੋ ਖੇਤੀ ਵਿੱਚ ਪਾਣੀ ਦੀ ਵਰਤੋਂ ਘੱਟ ਕਰਦੀਆਂ ਹਨ ਅਤੇ ਖੇਤੀ ਨੂੰ ਲੰਮੇ ਸਮੇਂ ਤੱਕ ਸਥਿਰ ਬਨਾਈ ਰੱਖਦੀਆਂ ਹਨ।

---

# ਇਸ਼ਕ ਖ਼ਜ਼ਾਨਾ, ਮਾਧਵੀ ਅਗਰਵਾਲ



(1)

ਆਪਣੇ ਆਪ ਦੀ ਵੀ ਸੁਧ ਨਹੀਂਓ ਕੋਈ,
ਰਹਿੰਦਾ ਖ਼ਾਬ ਤੇ ਖ਼ਿਆਲ ਸਾਨੂੰ ਸਦਾ ਮਾਹੀ ਦਾ।

ਮਹਿਲਾਂ ਵਿੱਚ ਵੱਸਣ ਦਾ ਸ਼ੌਕ ਨਹੀਂ ਕੋਈ,
ਓਹਦੇ ਦਿਲ ਵਿੱਚ ਵਸ ਜਾਈਏ ਇਹੋ ਚਾਹੀਦਾ।

ਉਸਦੇ ਵਜੂਦ ਜਿਹੀ ਖੁਸ਼ਬੂ ਨਾ ਹੋਰ ਕਿਤੇ,
ਕਵਿਤਾਵਾਂ ਵਿੱਚ ਘੋਲੇ ਮਹਿਕ ਤੁਪਕਾ ਸਿਆਹੀ ਦਾ।

ਰੂਹ ਦੇ ਰਿਸ਼ਤਿਆਂ ਦੀ ਹੁੰਦੀ ਨਾ ਨੁਮਾਇਸ਼ ਕੋਈ,
ਸਾਂਝ ਦਿਲਾਂ ਵਾਲੀ ਨਿਭੇ ਹਰ ਖ਼ੁਆਬ ਆਵੇ ਮਾਹੀ ਦਾ।

ਰੱਬ ਦੀ ਏ ਦਾਤ, ਨਹੀਓ ਕਿਸੇ ਨੂੰ ਦਿਖਾਈ ਦਾ ਇਹ
ਇਸ਼ਕ ਖਜ਼ਾਨਾ ਦਿੱਤਾ ਉਸ ਨੂੰ ਸਲਾਹੀ ਦਾ।

(2)

ਜਦ ਲੰਘਾਂ ਇਥੋਂ ਦੀ ਜੀ ਕਰੇ ਰੁਕ ਜਾਵਾਂ,
ਇਹ ਰੁੱਖ, ਖੇਤ ਸੁਣਾਵਣ ਲਹਿਰਾਂ ਨਹਿਰ ਦੀਆਂ

ਦੂਰ ਤੈਥੋਂ ਰਹਿ ਨਾ ਹੋਵੇ, ਨਹੀਂ ਕੋਲ ਵੀ ਆ ਹੁੰਦਾ,
ਲੱਗ ਗਈਆਂ ਦਿਲ ਨੂੰ ਇਹ ਪੀੜਾਂ ਗਹਿਰ ਦੀਆਂ।

ਜਿੱਥੇ ਜਿੱਥੇ ਨਜ਼ਰਾਂ ਮਿਲੀਆਂ, ਬਾਤਾਂ ਹੋਈਆਂ ਆਪਣੀਆਂ,
ਦੇਣ ਗਵਾਹੀ ਉਹ ਕੂਚੇ ਤੇ ਗਲੀਆਂ ਮੇਰੇ ਸ਼ਹਿਰ ਦੀਆਂ।

ਪਿਆਰ ਤੇਰਾ ਹੈ ਸੁੱਚਾ ਮੋਤੀ ਰੱਖਾਂ ਲਕੋ ਕੇ ਲੋਕਾਂ ਤੋਂ,
ਡਰਦੀ ਹਾਂ ਲੱਗ ਜਾਣ ਨਾ ਨਜ਼ਰਾਂ ਤੈਨੂੰ ਕਿਸੇ ਦੇ ਕਹਿਰ ਦੀਆਂ।

ਜ਼ਿੰਦਗੀ ਦੀ ਸ਼ਾਮ 'ਚ ਮਿਲਿਆ ਉਹ ਜਿਸ ਨਾਲ ਮਨ ਮਿਲਿਆ,
ਕਿਵੇਂ ਪੂਰੀਆਂ ਹੋਣ ਇਹ ਬਾਤਾਂ ਪਿਛਲੇ ਪਹਿਰ ਦੀਆਂ।

(ਬਾਬਾ ਫ਼ੌਜਾ ਸਿੰਘ ਨੂੰ ਸ਼ਬਦ ਸ਼ਰਧਾਂਜਲੀ)

# ਤੇ ਉਹ ਦੌੜਦਾ ਗਿਆ

ਅਮਰਜੀਤ ਟਾਂਡਾ

ਤੇ ਉਹ ਦੌੜਦਾ ਹੀ ਗਿਆ

"ਮੈਨੂੰ ਕਹਿੰਦੇ ਪੱਗ ਬੰਨ ਕੇ
ਨਹੀਂ ਦੌੜਨ ਨਹੀਂ ਦੇਣਾ
ਮੈਂ ਕਿਹਾ ਮੈਂ ਇਸ ਦੌੜ 'ਚੋਂ ਬੜੇਵਾਂ ਲੈਣਾ ਮੈਂ ਕਿਹਾ ਮੈਂ ਦੌੜਨਾ ਨਹੀਂ

ਬਿਮਾਰੀ ਤਾਂ ਦੱਸੀ ਹੀ ਨਾ
ਉਹ ਕਹਿੰਦੇ ਚੱਲ ਪੱਗ ਮੰਜੂਰ ਆ
ਬੜੀਆਂ ਫੋਟੋ ਲੱਗ ਗਈਆਂ
ਡੋਂਕੇ ਵੱਜ ਗਏ
ਫੌਜਾਂ ਨੇ ਪੱਗ ਮਨਜ਼ੂਰ ਕਰ ਲਈ
ਦੇਖੋਂ ਗੱਲ ਅਕਲਮੰਦੀ ਦੀ ਕਿੱਥੇ ਜਾਂਦੀ ਆ

ਮੈਂ ਕਿਹਾ ਮੈਂ ਇਸ ਦੌੜ ਚੋਂ ਕੀ ਲੈਣਾ ਸਾਫ਼ਾ ਮੇਰੇ ਸਿਰੋਂ ਲਹਿ ਗਿਆ
ਐਡੀ ਐਡੀ ਦਾੜੀ ਆ

ਦੇਖੋ ਮੇਰੀ ਇੱਜ਼ਤ ਬਣਨੀ ਸੀ
ਉਦੋਂ ਫੌਜਾਂ ਨੇ ਪੱਗ ਮਨਜ਼ੂਰ ਕਰ ਲਈ
ਮੇਰਾ ਉਥੇ ਪੇ ਬੈਠਾ ਸੀ
ਗਿੱਧੇ ਪਾਏ ਗਏ
ਪੱਗ ਮੰਜ਼ੂਰ ਕਰ ਦਿੱਤੀ ਗਈ"

ਦੁਨੀਆ ਦਾ ਸਭ ਤੋਂ ਬਜ਼ੁਰਗ ਦੌੜਾਕ
114 ਸਾਲ ਦੀ ਉਮਰ ਵਾਲਾ
ਨਵੀਆਂ ਲੀਹਾਂ ਪਾ ਗਿਆ

ਆਪਣੇ ਹੀ ਘਰ ਦੇ ਬਾਹਰ
ਸੈਰ ਕਰਨ ਗਿਆ
ਕੱਲ ਮੁੜ ਨਾ ਘਰ ਪਰਤਿਆ

ਖ਼ਬਰੇ ਕਿਤੇ ਬੱਦਲਾਂ 'ਚ
ਲੰਬੀ ਨੌਵੀਂ ਦੌੜ 'ਚ
ਹਿੱਸਾ ਲੈਣ ਚਲਾ ਗਿਆ ਹੈ
ਨਵੀਂ ਮੈਰਾਥਨ ਯਾਤਰਾ ਸ਼ੁਰੂ ਕਰਨ

ਹੁਣ ਅਰਸ਼ਾਂ ਤੇ ਦੌੜਿਆ ਕਰੇਗਾ
ਚੰਨ ਤਾਰਿਆਂ ਦੇ ਨਾਲ

ਸਭ ਤੋਂ ਵੱਧ ਉਮਰ ਦੇ
ਮੈਰਾਥਨ ਦੌੜਾਕ ਦਾ
ਨਾਮ ਗਿਨੀਜ਼ ਬੁੱਕ ਵਿਚ ਸ਼ਾਮਲ
ਕੱਲ ਪਰਸੋਂ
ਅੰਬਰ ਤੇ ਵੀ ਨਾ ਲਿਖ ਗਿਆ



ਲੰਡਨ ਮੈਰਾਥਨ ਵਿਚ
20 ਕਿਲੋਮੀਟਰ ਦੀ ਦੌੜ ਪੂਰੀ ਕੀਤੀ ਤਾਂ
ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ

ਆਖਰੀ ਵਾਰ 101 ਸਾਲਾਂ ਦੇ
ਦੌੜਾਕ ਨੇ ਹਾਂਗਕਾਂਗ ਮੈਰਾਥਨ ਵਿਚ
ਅਰਸ਼ ਨੂੰ ਛੂਹ ਕੇ ਦੱਸ ਦਿਤਾ

ਏਦਾਂ ਹੀ ਉਹਨਾਂ ਦੀ ਪਤਨੀ
ਅਤੇ ਇੱਕ ਬੱਚਾ ਵੀ ਟੁਰ ਗਿਆ ਸੀ
ਜਿਥੋਂ ਕੋਈ ਮੁੜ ਕੇ ਨਹੀਂ ਪਰਤਦਾ

ਓਦੋਂ ਉਹਨਾਂ ਨੂੰ ਕਾਫ਼ੀ ਵੱਡਾ ਸਦਮਾ ਲੱਗਾ ਸੀ
ਅਤੇ ਤਣਾਅ ਨੇ ਘੇਰ ਲਿਆ ਸੀ
ਸ਼ਾਮ ਨੂੰ ਉਹਨਾਂ ਨੂੰ ਤਾਰਿਆਂ ਚੋਂ ਭਾਲਦਾ ਰਹਿੰਦਾ ਬੱਦਲਾਂ ਚੋਂ ਟੋਲਦਾ

ਉਦੋਂ ਤੋਂ ਹੀ ਉਹਨਾਂ ਨੇ
ਮੈਰਾਥਨ ਦੌੜ ਨਾਲ
ਦਿਲ ਪਰਚਾਉਣਾ ਸ਼ੁਰੂ ਕਰ ਦਿੱਤਾ ਸੀ

ਇਦਾਂ ਨਹੀਂ ਸੀ ਜਾਣਾ
ਤੁਸੀਂ ਤਾਂ ਸਿਆਣੇ ਸੀ
ਜੇ ਘਰ ਦੱਸ ਕੇ ਜਾਂਦੇ
ਤਾਂ ਚੰਗਾ ਹੁੰਦਾ
ਅਲਵਿਦਾ ! ਬਾਬਾ ਫ਼ੌਜਾ ਸਿੰਘ ਜੀ

# ਆਓ ਹਾਸੇ ਲੱਭ ਲਿਆਈਏ



ਜਸਪ੍ਰੀਤ ਕੌਰ ਸੰਘਾ

ਹਾਸਾ ਰੂਹ ਦੀ ਖ਼ੁਰਾਕ ਹੈ। ਜ਼ਿੰਦਗੀ ਨੂੰ ਜੇਕਰ ਮਾਨਣਾ ਹੈ ਤਾਂ ਇਸਨੂੰ ਹਾਸੇ ਨਾਲ ਸ਼ਿੰਗਾਰਨਾ ਬਹੁਤ ਜ਼ਰੂਰੀ ਹੈ। ਅਸਲ ਵਿੱਚ ਹਾਸਾ ਇੱਕ ਅਜਿਹਾ ਤੇਲ ਹੈ ਜੋ ਇਨਸਾਨੀ ਸਰੀਰ ਰੂਪੀ ਮਸ਼ੀਨ ਨੂੰ ਸਹੀ ਢੰਗ ਨਾਲ ਚਲਾਉਣ ਲਈ ਬਹੁਤ ਜ਼ਰੂਰੀ ਹੈ। ਕਰਮਾਂ ਵਾਲੇ ਹੁੰਦੇ ਨੇ ਉਹ ਘਰ ਜਿਨ੍ਹਾਂ ਘਰਾਂ ਵਿੱਚ ਹਾਸੇ ਗੂੰਜਦੇ ਹਨ। ਹੱਸਦਾ ਚਿਹਰਾ ਆਖਿਰ ਕਿਸਨੂੰ ਪਸੰਦ ਨਹੀਂ? ਖੁਸ਼ਮਿਜ਼ਾਜ ਇਨਸਾਨ ਆਪਣੇ ਹਾਸੇ ਨਾਲ ਆਪਣਾ ਆਲਾ-ਦੁਆਲਾ ਵੀ ਮਹਿਕਾ ਕੇ ਰੱਖਦੇ ਹਨ। ਖੁਸ਼ਮਿਜ਼ਾਜ ਇਨਸਾਨ ਨਾ ਸਿਰਫ਼ ਲੰਬੀ ਉਮਰ ਹੀ ਭੋਗਦੇ ਹਨ ਸਗੋਂ ਦੂਸਰਿਆਂ ਨਾਲੋਂ ਵੱਧ ਸਫ਼ਲ ਵੀ ਹੁੰਦੇ ਹਨ। ਜੋ ਇਨਸਾਨ ਹਾਲਾਤਾਂ ਨਾਲ ਲੜਨਾ ਤੇ ਹਰ ਤਰ੍ਹਾਂ ਦੇ ਹਾਲਾਤਾਂ ਵਿਚ ਖੁਸ਼ ਰਹਿਣਾ ਸਿੱਖ ਜਾਂਦਾ ਹੈ ਉਸਦੀ ਜ਼ਿੰਦਗੀ ਹੀ ਬਦਲ ਜਾਂਦੀ ਹੈ।

ਸੋ ਇਨਸਾਨ ਖੁਸ਼ ਰਹਿਣ ਦੀ ਕਲਾ ਸਿੱਖ ਲੈਂਦਾ ਹੈ ਉਹ ਜ਼ਿੰਦਗੀ ਦੇ ਹਰ ਰੰਗ ਨੂੰ ਮਾਣਦਾ ਹੈ। ਸਾਕਾਰਾਤਮਕ ਸੋਚ ਰੱਖਣ ਵਾਲਾ ਇਨਸਾਨ ਹਰ ਸ਼ੈਅ ਵਿੱਚੋਂ ਖੁਸ਼ੀ ਲੱਭਦਾ ਹੈ ਤੇ ਦੂਸਰੇ ਪਾਸੇ ਨਾਕਾਰਾਤਮਕ ਸੋਚ ਵਾਲਾ ਇਨਸਾਨ ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਤੋਂ ਵੀ ਨਾਸ਼ੁਕਰਾ ਹੋ ਜਾਂਦਾ ਹੈ। ਦਿਨ ਵਿਚ ਇੱਕ ਬਾਰ ਵੀ ਜੇਕਰ ਇਨਸਾਨ ਬੇਫ਼ਿਕਰੀ ਨਾਲ ਖੁਲ ਕੇ ਹੱਸ ਲਵੇ ਤਾਂ ਉਸਦਾ ਪੂਰੇ ਦਿਨ ਦਾ ਥਕੇਵਾਂ ਦੂਰ ਹੋ ਜਾਂਦਾ ਹੈ। ਅੱਜਕੱਲ੍ਹ ਦੀ ਤਨਾਉ ਭਰੀ ਜ਼ਿੰਦਗੀ ਵਿੱਚ ਤਾਂ ਹਾਸਾ ਹੋਰ ਵੀ ਜ਼ਰੂਰੀ ਹੈ। ਬਹੁਤ ਸਾਰੇ ਲੋਕ ਜ਼ਿੰਦਗੀ ਭਰ ਗੰਭੀਰਤਾ ਦਾ ਬੋਝ ਹੀ ਢੋਂਹਦੇ ਰਹਿੰਦੇ ਹਨ। ਖਿੜਖਿੜਾ ਕੇ ਹੱਸਣਾ ਤਾਂ ਦੂਰ ਦੀ ਗੱਲ ਉਹ ਮੁਸਕਰਾਉਣਾ ਵੀ ਭੁੱਲ ਜਾਂਦੇ ਹਨ। ਦੂਸਰਿਆਂ ਨੂੰ ਖੁਸ਼ ਕਰਦੇ-ਕਰਦੇ ਕਦੋਂ ਉਹ ਆਪਣੀ ਖ਼ੁਦ ਦੀ ਖੁਸ਼ੀ ਤੋਂ ਮੁਨਕਰ ਹੋ ਜਾਂਦੇ ਹਨ ਉਨ੍ਹਾਂ ਨੂੰ ਆਪ ਵੀ ਪਤਾ ਨਹੀਂ ਚਲਦਾ।

ਉਹ ਇਨਸਾਨ ਜਿਸਨੂੰ ਜ਼ਿੰਦਗੀ ਜਿਉਣੀ ਆ ਜਾਂਦਾ ਹੈ ਉਹ ਛੋਟੀਆਂ-ਛੋਟੀਆਂ ਖੁਸ਼ੀਆਂ 'ਚੋਂ ਹਾਸੇ ਲੱਭ ਲਿਆਉਂਦਾ ਹੈ। ਖੁਸ਼ੀਆਂ, ਖੇੜੇ, ਹਾਸੇ ਇਹ ਜ਼ਿੰਦਗੀ ਦੀ ਉਹ ਕੀਮਤੀ ਸ਼ੈਅ ਹਨ ਜਿਨ੍ਹਾਂ ਨੂੰ ਧਨ ਦੌਲਤ ਨਾਲ ਵੀ ਖ੍ਰੀਦਿਆ ਨਹੀਂ ਜਾ ਸਕਦਾ। ਇਹ ਸਕੂਨ ਵੀ ਉਹ ਅਵਸਥਾ ਹੈ ਜੋ ਇਨਸਾਨ ਦੇ ਅੰਦਰੋਂ ਉਪਜਦੀ ਹੈ। ਇਹ ਹਾਸੇ, ਖੁਸ਼ੀਆਂ, ਖੇੜੇ ਨਾ ਤਾਂ ਖ੍ਰੀਦੇ ਜਾ ਸਕਦੇ ਹਨ ਤੇ ਨਾ ਹੀ ਵੇਚੇ ਜਾ ਸਕਦੇ ਜਾ ਸਕਦੇ ਹਨ ਨਾ ਹੀ ਵੇਚੇ ਜਾ ਸਕਦੇ ਹਨ। ਖੁਸ਼ ਹੋਣ ਲਈ ਅਮੀਰ ਹੋਣਾ ਜ਼ਰੂਰੀ ਨਹੀਂ ਸਗੋਂ ਦਿਲਦਾਰ ਹੋਣਾ ਜ਼ਰੂਰੀ ਹੈ। ਇਸੇ ਲਈ ਹਾਸਿਆਂ ਦੀਆਂ ਗੂੰਜਾਂ ਮਹਿਲਾਂ 'ਚੋਂ ਘੱਟ ਤੇ ਕੁਲੀਆਂ 'ਚੋਂ ਜ਼ਿਆਦਾ ਸੁਣਾਈ ਦਿੰਦੀਆਂ ਹਨ। ਜ਼ਿੰਦਗੀ ਦਾ ਪੰਧ ਬਹੁਤ ਲੰਮੇਰਾ ਹੁੰਦਾ ਹੈ ਤੇ ਇਹ ਇਨਸਾਨ ਦੇ ਆਪਣਏ ਹੱਥ ਵੱਸ ਹੁੰਦਾ ਹੈ ਕਿ ਉਸਨੇ ਜ਼ਿੰਦਗੀ ਰੋ ਕੇ ਕੱਟਣੀ ਹੈ ਜਾਂ ਚੰਗੇ ਮਾੜੇ ਹਾਲਾਤਾਂ ਦਾ ਸਾਹਮਣਾ ਕਰ ਹੱਸ ਕੇ ਗੁਜ਼ਾਰਨੀ ਹੈ।

ਹਰ ਸਮੇਂ ਚਿੰਤਾਵਾਂ ਵਿੱਚ ਘਿਰਿਆ ਮਨੁੱਖ ਜ਼ਿੰਦਗੀ ਨੂੰ ਜਿਊਣਾ ਭੁੱਲ ਜਾਂਦਾ ਹੈ ਜਦਕਿ ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਜਦੋਂ ਅਸੀਂ ਛੋਟੇ-ਛੋਟੇ ਪਲਾਂ ਨੂੰ ਮਾਨਣਾ ਸਿੱਖਦੇ ਹਾਂ ਤਾਂ ਜ਼ਿੰਦਗੀ ਦੀ ਅਸਲੀ ਪਰਿਭਾਸ਼ਾ ਸਮਝ ਆਉਂਦੀ ਹੈ। ਰੋ ਕੇ ਕੱਟਣ ਦਾ ਨਾਮ ਨਹੀਂ ਸਗੋਂ ਖੁਲ ਕੇ ਜਿਊਣ ਦਾ ਨਾਮ ਜ਼ਿੰਦਗੀ ਹੈ। ਜੋ ਇਨਸਾਨ ਔਖੀ ਤੋਂ ਔਖੀ ਘੜੀ ਵਿੱਚ ਵੀ ਹੱਸਣਾ ਨਹੀਂ ਭੁੱਲਦਾ ਉਹ ਇਨਸਾਨ ਜ਼ਿੰਦਗੀ ਨੂੰ ਅਸਲ ਵਿੱਚ ਮਾਣ ਸਕਦਾ ਹੈ। ਆਪਣੀ ਜ਼ਿੰਦਗੀ ਵਿੱਚ ਈਰਖਾ, ਸਾੜਾ ਤੇ ਨਫ਼ਰਤ ਖ਼ਤਮ ਕਰ ਵੇਖੋ ਜ਼ਿੰਦਗੀ ਫੁੱਲਾਂ ਦੀ ਬਹਾਰ ਲੱਗੇਗੀ। ਜਦੋਂ ਅਸੀਂ ਕਿਸੇ ਨਾਲ ਈਰਖਾ ਕਰਦੇ ਹਾਂ ਕਿਸੇ ਲਈ ਆਪਣੇ ਅੰਦਰ ਨਫ਼ਰਤ ਪਾਲਦੇ ਹਾਂ ਤਾਂ ਅਸੀਂ ਕਿਸੇ ਦੂਸਰੇ ਦਾ ਨਹੀਂ ਸਗੋਂ ਆਪਣਾ ਹੀ

ਨੁਕਸਾਨ ਕਰ ਰਹੇ ਹੁੰਦੇ ਹਾਂ ਕਿਉਂਕਿ ਸਿਆਣੇ ਆਖਦੇ ਹਨ ਕਿ ਤੌੜੀ ਸੜ ਕੇ ਆਪਣੇ ਹੀ ਕੰਢੇ ਸਾੜਦੀ ਹੈ।

ਦੂਸਰੇ ਪਾਸੇ ਨਫ਼ਰਤ ਨੂੰ ਛੱਡ ਜੇਕਰ ਅਸੀਂ ਪਿਆਰ ਵੰਡਾਂਗੇ ਤਾਂ ਸਾਡੀ ਆਪਣੀ ਝੋਲੀ ਵੀ ਪ੍ਰਮਾਤਮਾ ਖੁਸ਼ੀਆਂ ਖੇੜਿਆਂ ਨਾਲ ਭਰ ਦੇਵੇਗਾ। ਕੁਦਰਤ ਦਾ ਇੱਕ ਨਿਯਮ ਹੈ ਕਿ ਜੋ ਵੀ ਅਸੀਂ ਉਸਨੂੰ ਦਿੰਦੇ ਹਾਂ ਉਹ ਉਹੀ ਸਾਨੂੰ ਵਾਪਿਸ ਕਰਦੀ ਹੈ। ਸੋ ਜੇਕਰ ਅਸੀਂ ਖੁਸ਼ੀਆਂ ਖੇੜੇ, ਪਿਆਰ, ਮੁਹੱਬਤ ਇਸ ਸਮਾਜ ਵਿੱਚ ਵੰਡਾਂਗੇ ਤਾਂ ਸਾਡੇ ਝੋਲੀ ਵੀ ਹਮੇਸ਼ਾ ਖੁਸ਼ੀਆਂ ਖੇੜਿਆਂ ਨਾਲ ਹੀ ਭਰੀ ਰਹੇਗੀ। ਇਸ ਲਈ ਕੋਸ਼ਿਸ਼ ਕਰੋ ਜਿੱਥੇ ਖੁਸ਼ੀਆਂ ਬਿਖੇਰ ਸਕੋ ਜ਼ਰੂਰ ਬਿਖੇਰੋ, ਹਾਸੇ ਵੰਡ ਸਕੋ ਤਾਂ ਜ਼ਰੂਰ ਵੰਡੋਂ ਕਿਉਂਕਿ ਹੱਸਦਿਆਂ ਦੇ ਹੀ ਘਰ ਵੱਸਦੇ ਹੁੰਦੇ ਹਨ।

ਪਿੰਡ ਤਨੂੰਲੀ
ਹੁਸ਼ਿਆਰਪੁਰ।

## ਗ਼ਜ਼ਲ

ਇਹ ਮਜ਼੍ਹਬਾਂ ਦੇ ਝਗੜੇ, ਤੇ ਮੁਲਕਾਂ ਦੇ ਮਸਲੇ
ਇਹ ਹੱਦਾਂ-ਸਰਹੱਦਾਂ 'ਤੇ ਤੋਪਾਂ ਤੇ ਅਸਲੇ

ਇਹ ਕਰਕੇ ਸੁਹਾਗਣ ਨੂੰ ਰੰਡੀ ਕਿਉਂ ਖੁਸ਼ ਨੇ
ਕਿਉਂ ਸੀਨੇ 'ਚ ਬਲ਼ਦੀ ਨੂੰ ਸੇਕਣ ਕੁਨਸਲੇ

ਇਹ ਦੇਸ਼ਾਂ ਦੇ ਰਾਜੇ ਜੋ ਸਭ ਦੇ ਨਾ ਰਾਖੇ
ਇਹ ਬਹੁਤੇ ਸਿਆਣੇ ਕਿਉਂ ਬਣ ਗਏ ਬੇਅਕਲੇ

ਇਹ ਕਿਹੜੀ ਪੰਚਾਲੀ ਦੇ ਕੇਸਾਂ ਨੂੰ ਲਾਉਣੇ
ਲਹੂ ਦੇ ਪਿਆਲੇ, ਭਰਨ ਲਈ ਜੋ ਨਿਕਲੇ

ਗਿੱਲ ਬਣ ਗਿਆ, ਨਾ ਅੱਗਾਂ ਨੂੰ ਪਰਖੀਂ
ਮਚਾ ਦੇਣ ਜੰਗਲ, ਇਹ ਭਾਂਬੜ ਨੇ ਅੱਥਰੇ

## ਗੀਤ

ਸਮੇ ਨੇ ਕਰਵਟ ਜਦ ਬਦਲੀ
ਤਾਂ ਕਾਲ਼ੇ-ਕਾਲ਼ੇ ਨਹੀਂ ਰਹਿਣੇ
ਕਰੇ ਕਿਉਂ ਮਾਣ ਜਵਾਨੀ ਦੇ
ਸਦਾ ਇਹ ਟਾਹਣੇ ਨਹੀਂ ਰਹਿਣੇ
ਦੁਪਿਹਰਾ ਸ਼ਾਮ 'ਚ ਢਲ਼ ਜਾਣਾ।
ਸ਼ਾਮ ਤੋਂ ਹੁੰਦੀਆਂ ਰਾਤਾਂ ਨੇ
ਨਾ ਕਰ ਹੰਕਾਰ ਦੌਲਤਾਂ ਦਾ
ਇਹ ਤਾਂ ਕੁਦਰਤ ਦੀਆਂ ਦਾਤਾਂ ਨੇ

ਜੇ ਕੋਈ ਆ ਜੇ ਦਰ ਉੱਤੇ
ਜੋ ਹੋਵੇ ਲੋੜਵੰਦ ਸੱਜਣਾ
ਨਾ ਪਰਖੀਂ ਕਦੇ ਹਾਲਤਾਂ ਨੂੰ
ਸਮਾਂ ਬਦਲੇ ਕਈ ਰੰਗ ਸੱਜਣਾ
ਹਾਂ ਪਰ ਕਦੇ ਵੰਡਿਆਂ ਘੱਟਦੀਆਂ ਨਹੀਂ
ਜੋ ਦਿੱਤੀਆਂ 'ਓਸ' ਸੁਗਾਤਾਂ ਨੇ

ਸਮੇਂ ਦਾ ਚੱਕਰ ਭੈੜਾ ਏ
ਕਿਸੇ ਦੇ ਰੋਕਿਆਂ ਨਹੀਂ ਰੁਕਦਾ
ਜੋ ਥੰਮੇ ਜ਼ੋਰ ਤੂਫ਼ਾਨਾਂ ਦਾ
ਉਹ ਵੀ ਕਦਮਾਂ ਤੇ ਆ ਝੁਕਦਾ
ਨਾ ਆਉਂਦੀਆਂ ਸਮਝ ਸਾਰਿਆਂ ਨੂੰ
ਸਮੇਂ ਦੀਆਂ ਡੂੰਘੀਆਂ ਬਾਤਾਂ ਨੇ

ਸਮੇਂ ਨੇ ਮੌਕਾ ਜੇ ਦਿੱਤਾ
ਤਾਂ ਸੰਭਲ ਪੱਬ ਧਰੀਂ ਯਾਰਾ
ਕਿਤੇ ਹੈ ਰੇਤ, ਪਹਾੜ ਕਿਤੇ,
ਕਿਤੇ ਹੈ ਤਿਲਕਣ ਤੇ ਗਾਰਾ
ਤੇਰੇ ਆਪਣੇ ਵੀ ਛੱਡਣਗੇ
ਤੇ ਗਿੱਲ ਤੋਂ ਕਾਹਦੀਆਂ ਆਸਾਂ ਨੇ

**- ਅਜਮੇਲ ਗਿੱਲ**

# ਪੰਜਾਬੀ ਦੀ ਪ੍ਰਸਿੱਧ ਚਰਚਿਤ ਲੇਖਿਕਾ ਕਮਲ ਗਿੱਲ ਯੂ.ਕੇ. ਦਾ ਦੂਸਰਾ ਨਾਵਲ "ਅਧੂਰੀ ਕਹਾਣੀ" ਦਾ ਹੋਇਆ ਲੋਕ ਅਰਪਣ।



ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫ਼ਰੀਦਕੋਟ ਵੱਲੋਂ ਦੇਸ਼ ਭਗਤ ਪੰਡਿਤ ਚੇਤੰਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ, ਫ਼ਰੀਦਕੋਟ ਵਿਖੇ ਇੱਕ ਸ਼ਾਨਦਾਰ ਸਮਾਗਮ ਦੌਰਾਨ ਪੰਜਾਬੀ ਦੀ ਪ੍ਰਸਿੱਧ ਚਰਚਿਤ ਲੇਖਿਕਾ ਕਮਲ ਗਿੱਲ ਯੂ.ਕੇ ਦੇ ਦੂਸਰੇ ਨਾਵਲ "**ਅਧੂਰੀ ਕਹਾਣੀ**" ਦੀ ਘੁੰਡ ਚੁਕਾਈ ਕੀਤੀ ਗਈ।

ਪ੍ਰੈਸ ਨਾਲ ਗੱਲਬਾਤ ਕਰਦਿਆਂ ਸਭਾ ਦੇ ਜਰਨਲ ਸਕੱਤਰ ਜਸਵਿੰਦਰ ਜੱਸ ਨੇ ਦੱਸਿਆਂ ਕਿਹਾ ਕਿ ਮਾਣਮੱਤੀ ਲੇਖਿਕਾ ਕਮਲ ਗਿੱਲ ਵਿਸੇਸ਼ ਤੌਰ ਤੇ ਯੂ.ਕੇ. ਤੋਂ ਫ਼ਰੀਦਕੋਟ ਪਹੁੰਚੇ ਤੇ ਸਮੁੱਚੀ ਸਭਾ ਦਾ ਨਾਵਲ ਲੋਕ ਅਰਪਣ ਕਰਨ ਤੇ ਸ਼ੁਕਰਾਨਾ ਕੀਤਾ ਅਤੇ ਅੱਗੇ ਤੋਂ ਵੀ ਉਨਾਂ ਸਹਿਤਕ ਮੁਹੱਬਤੀ ਸਾਂਝ ਬਣਾਈ ਰੱਖਣ ਦੀ ਉਮੀਦ ਜਤਾਈ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ੍ਰੋਮਣੀ ਲੇਖਕ ਨਿੰਦਰ ਘੁਗਿਆਣਵੀ ਪ੍ਰੋਫੈਸਰ ਆਫ ਪ੍ਰੈਕਟਿਸ ਕੇਂਦਰੀ ਯੂਨਿਵਰਸਿਟੀ ਪੰਜਾਬ, ਵਿਸੇਸ਼ ਮਹਿਮਾਨ ਦੇ ਤੌਰ ਤੇ ਪੰਜਾਬੀ ਦੇ ਪ੍ਰਸਿੱਧ ਗਜ਼ਲਗੋ ਭਾਸ਼ਾ ਅਫਸਰ ਸ੍ਰੀ ਮਨਜੀਤ ਪੁਰੀ ਪਹੁੰਚੇ ਅਤੇ ਸਮਾਗਮ ਦੀ ਪ੍ਰਧਾਨਗੀ ਸੰਗੀਤ ਜਗਤ ਦੇ ਨਾਮਵਰ ਸੰਗੀਤਕਾਰ ਡਾ.ਰਾਜੇਸ਼ ਮੋਹਨ, ਪ੍ਰਿੰਸੀਪਲ, ਦੇਸ਼ ਭਗਤ ਪੰਡਿਤ ਚੇਤੰਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ, ਫ਼ਰੀਦਕੋਟ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਸਮੇਂ ਸਭਾ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਸਰਾਂ ਵੱਲੋਂ ਸਭ ਨੂੰ ਜੀ ਆਇਆਂ ਕਿਹਾ। ਇਸ ਸਮੇਂ ਨਾਵਲ ਲੋਕ ਅਰਪਣ ਦੇ ਨਾਲ ਖੂਬਸੂਰਤ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਵਿੱਚ ਵੱਖ ਵੱਖ ਕਾਵਿ-ਰੰਗ ਦੇਖਣ ਨੂੰ ਮਿਲੇ। ਅੰਤ ਵਿੱਚ ਆਪਣੇ-ਆਪਣੇ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆਂ, ਜਿੰਨਾ ਵਿਚ ਕਾਮਰੇਡ ਬੀਰ ਸਿੰਘ ਕੰਮੇਅਣਾ, ਲੇਖਿਕਾ ਰਸਪਿੰਦਰ ਕੌਰ, ਕ੍ਰਿਕਟ ਖਿਡਾਰਨ ਰੇਖਾ ਕੌਰ, ਲੋਕ ਗਾਇਕ ਜੀ. ਸ਼ਰਮੀਲਾ, ਜਸਕਰਨ ਸਿੰਘ ਗਿੱਲ ਯੂ.ਕੇ, ਪੱਤਰਕਾਰ ਤੇ ਡਿਜ਼ਾਈਨਰ ਜਤਿੰਦਰ ਸਿੰਘ ਰਾਵਤ ਅਤੇ ਕਰਮ ਸਿੰਘ ਮਹਿਮੀ ਆਦਿ ਸ਼ਾਮਲ ਸਨ। ਪੰਜਾਬੀ ਮਾਂ ਬੋਲੀ ਦੇ ਲਾਡਲੇ ਲੇਖਕ ਤੇ ਰੰਗਕਰਮੀ ਕਸ਼ਮੀਰ ਮਾਨਾ ਤੇ ਚਰਚਿਤ ਗਜ਼ਲਗੋ ਸਿਕੰਦਰ ਮਾਨਵ ਨੇ ਮੰਚ ਸੰਚਾਲਕ ਵਜੋਂ ਵਿਲੱਖਣ ਭੂਮਿਕਾ ਨਿਭਾਈ ਤੇ ਆਪਣੇ ਬੇਹਤਰੀਣ ਸ਼ੇਅਰਾਂ ਨਾਲ ਸਰੋਤਿਆਂ ਵਿਚ ਰਸਮਈ ਰੰਗ ਬਣਾਈ ਰੱਖਿਆ।

ਇਸ ਸਮੇਂ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸਰਬਿੰਦਰ ਸਿੰਘ ਬੇਦੀ, ਮੀਤ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ , ਮੀਤ ਪ੍ਰਧਾਨ ਲੋਕ ਗਾਇਕ ਰਾਜ ਗਿੱਲ ਭਾਣਾ, ਸਹਾਇਕ ਵਿੱਤ ਸਕੱਤਰ ਕੇ.ਪੀ ਸਿੰਘ, ਕਾਨੂੰਨੀ ਸਲਾਹਕਾਰ ਪਰਦੀਪ ਸਿੰਘ ਅਟਵਾਲ, ਬਲਕਾਰ ਸਿੰਘ ਸਹੋਤਾ, ਮਨਮੋਹਨ ਮੋਹਣੀ, ਮੀਡੀਆ ਇੰਚਾਰਜ ਅਸੀਸ ਕੁਮਾਰ, ਚਰਨਜੀਤ ਸਿੰਘ ਚਮੇਲੀ, ਪ੍ਰਚਾਰ ਸਕੱਤਰ ਪਰਮਿੰਦਰ ਕਪੂਰ, ਹੈਰੀ ਭੋਲੂਵਾਲਾ, ਜਸਵੀਰ ਸ਼ਰਮਾ ਦੱਦਾਹੂਰ, ਪ੍ਰੀਤ ਭਗਵਾਨ, ਕੁਲਵਿੰਦਰ ਵਿਰਕ, ਮਨਜਿੰਦਰ ਗੋਲੀ, ਧਰਮ ਪ੍ਰਵਾਨਾ, ਜੀਤ ਕੰਮੇਅਣਾ, ਕੁਲਵੰਤ ਸਰੋਤਾ, ਬਲਦੇਵ ਇਕਵੰਨ, ਬਿੱਕਰ ਵਿਯੋਗੀ, ਕਰਨ ਦਰਦ, ਤੇਜਿੰਦਰ ਬਰਾੜ, ਸੁਖਵਿੰਦਰ ਸਿੰਘ ਗਿੱਲ, ਪ੍ਰੋ ਨਿਰਮਲ ਕੌਸ਼ਿਕ, ਸਰਬਜੀਤ ਸਿੰਘ, ਮਾਹੀ ਮਰਜਾਣਾ, ਲੋਕ ਗਾਇਕ ਗੁਲਾਬ ਫਰੀਦ ਆਦਿ ਹਾਜ਼ਰ ਸਨ।

**-ਸ਼ਿਵ ਨਾਥ ਦਰਦੀ**



ਕੁਲਬੀਰ ਸਿੰਘ ਕੰਵਲ

### ਗ਼ਜ਼ਲ

ਦਿਲ ਦੇ ਸਿੰਘਾਸਨ ਤੋਂ ਭੁੰਜੇ ਸੁੱਟ ਦੇ ਸ਼ਾਹੀ ਵਰਦੀਆਂ।
ਜੇ ਨਿਕਲਣਾ ਸੱਚ ਰਾਹ 'ਤੇ ਇਹ ਕੀ ਏਥੇ ਕਰਦੀਆਂ।

ਆਖਦਾ ਏਂ ਮਾਂ ਅਗਰ ਤੂੰ ਇਸ ਚੌਪਾਏ ਜੀਵ ਨੂੰ,
ਨਾਲ ਇਹਨਾਂ ਦੇ ਕੀ ਰਿਸ਼ਤਾ ਢੇਰਾਂ' ਤੇ ਜੋ ਚਰਦੀਆਂ?

ਮੂੰਹ 'ਤੇ ਹਮਦਰਦ ਬਣਦੇ ਚੁਗਲੀਆਂ ਪਰ ਪਿੱਠ 'ਤੇ,
ਐਰੇ- ਗੈਰੇ ਕੋਲ ਗੱਲਾਂ ਕਰਿਆ ਕਰ ਨਾ ਘਰਦੀਆਂ।

ਵਾੜ ਕਰ ਲੈ, ਤੂੰ ਬਚਾ ਲੈ, ਫਸਲ ਸਾਰੀ ਆਪਣੀ,
ਫਸਲ ਲੈਰੀ ਨੂੰ ਹੀ ਅਕਸਰ ਗਾਵਾਂ ਮੱਝਾਂ ਚਰਦੀਆਂ।

ਤੇਰਿਆਂ ਪੈਰਾਂ ਦੀ ਮਿੱਟੀ ਰੋੜ੍ਹ ਹੜ੍ਹ ਲੈ ਜਾਵਣੀ,
ਆਫ਼ਤਾਂ ਜਦ ਅਉਂਦੀਆਂ ਨਾ ਸ਼ੋਰ ਖੜਕਾ ਕਰਦੀਆਂ।

ਭਾਗ ਲੱਗੇ ਕੁਰਸੀਆਂ ਨੂੰ ਸਭ ਚਹੇਤੇ ਬੈਠ ਗਏ,
ਬੁੱਲ੍ਹ ਨਈਂ ਜੇ ਖੋਲ੍ਹਣੇ ਕਲਮਾਂ ਕੀ ਏਥੇ ਕਰਦੀਆਂ।

ਚੁੱਪ ਸਨ ਪਹਿਲਾਂ ਵੀ ਲੋਕੀ ਬੁੱਲ੍ਹਾਂ ਤੇ ਹੁਣ ਵੀ ਜੰਦਰੇ,
ਬੋਲਦੇ ਨਾ ਹੁਣ ਵੀ ਦਰਿਆਵਾਂ 'ਚ ਲਾਸ਼ਾਂ ਤਰਦੀਆਂ।

ਆਪ ਹੀ 'ਉਹ' ਪਰਬਤਾਂ ਨੂੰ ਡਿਗਦਿਆਂ ਨੂੰ ਰੋਕ ਦੈ,
ਪਥਰੀਆਂ ਵੀ ਜਲ ਦੇ ਉੱਤੇ ਹੁਕਮ ਉਸ ਦੇ ਤਰਦੀਆਂ।

ਸੁਪਨਿਆਂ ਨੂੰ ਮਰਣ ਨਾ ਦੇਣਾ ਰਹੀਂ ਤੂੰ ਜਾਗਦਾ,
ਮਰ 'ਕੰਵਲ' ਜਾਂਦਾ ਏ ਬੰਦਾ ਜਦ ਇੱਛਾਵਾਂ ਮਰਦੀਆਂ।

### ਗ਼ਜ਼ਲ

ਜੇਕਰ ਕਿਨਾਰੇ ਖੋਰਨਾ ਨਦੀਏ ਸੁਭਾ ਤੇਰਾ।
ਫਿਰ ਕਿਸ਼ਤੀਆਂ ਦੇ ਸੰਗ ਕਿੰਝ ਹੁੰਦੈ ਨਿਭਾ ਤੇਰਾ।

ਸੰਸਾਰ ਅੰਦਰ ਕੌਣ ਹੈ ਸੱਕਾ ਭਰਾ ਤੇਰਾ।
ਜੋ ਕੂੜ ਹੈ ਉਸ ਨਾਲ ਏਨਾ ਕਿਉਂ ਲਗਾ ਤੇਰਾ।

ਕਿਸ ਸ਼ਹਿਰ ਦੈਂ ਵਾਸੀ ਕਿਵੇਂ ਲੱਗੇ ਪਤਾ ਤੇਰਾ।
ਨਸ਼ਿਆਂ ਦਿਆ ਵਾਪਾਰੀਆ ਉਤਰੂ ਨਸ਼ਾ ਤੇਰਾ?

ਡਿਗਦੈਂ ਪਹਾੜੋਂ ਜਦ ਕੋਈ ਨਈਂ ਆਪਣਾ ਤੇਰਾ।
ਕਿਉਂ ਸੂਕਦੈ ਮੈਦਾਨ ਵਿੱਚ ਦਰਿਆ ਵਹਾ ਤੇਰਾ?

ਕਿੱਥੇ ਗਿਆ ਮਿੱਠ-ਬੋਲੜਾ ਸਾਊ ਸੁਭਾ ਤੇਰਾ।
ਲੜਨਾ ਝਗੜਨਾ, ਵਧ ਗਿਆ ਏ ਰੁੱਸਣਾ ਤੇਰਾ।

ਸਾਂਝੇ ਬਨੇਰੇ ਟੱਪਦੈਂ ਕੈਸਾ ਸ਼ੁਦਾ ਤੇਰਾ।
ਤੂੰ ਹਾਦਸਾ ਉਡੀਕੇਂ ਕੀ ਲਗਦਾ ਹਾਦਸਾ ਤੇਰਾ?

ਉੱਚਾ ਰਹੇ ਪੰਜਾਬੀਆ ਸ਼ਮਲਾ ਸਦਾ ਤੇਰਾ।
ਜੈਕਾਰ ਤੇਰੀ ਲੋਚਦਾਂ ਚਾਹੁੰਦਾਂ ਭਲਾ ਤੇਰਾ।

ਕਿਧਰੇ ਕਦੇ ਮੁਖੜਾ ਨਹੀਂ ਹੈ ਵੇਖਿਆ ਤੇਰਾ।
ਖਿਸਕਾਅ ਜ਼ਰਾ ਕੰਨੀ ਜ਼ਰਾ ਮੁਖ ਦੇਖਣਾ ਤੇਰਾ।

"ਕੁਲਬੀਰ" ਵਾਵਾਂ ਰੋਕ ਨਾ ਰੁੱਸ ਜਾਣੀਆਂ ਸ਼ੇਰਾ।
ਇਹ ਵਗਦੀਆਂ ਹੀ ਚੰਗੀਆਂ ਲੋਚਣ ਭਲਾ ਤੇਰਾ।

### ਗ਼ਜ਼ਲ

ਕਿਉਂ ਮੇਰੇ ਹੀ ਸਭ ਖ਼ਾਬ ਅਧੂਰੇ ਰਹਿ ਜਾਂਦੇ ਹਨ
ਕੱਚੇ ਘਰ ਅਕਸਰ ਮੀਹਾਂ ਅੰਦਰ ਢਹਿ ਜਾਂਦੇ ਹਨ

ਤੂੰ ਜ਼ਿੱਦੀ, ਗੁੱਸੈਲ ਸੁਭਾ, ਮੈਂ ਪੱਤਣਾਂ ਦਾ ਤਾਰੂ
ਮੇਰੇ ਵਰਗੇ ਵੀ ਲਹਿਰਾਂ ਅੰਦਰ ਵਹਿ ਜਾਂਦੇ ਹਨ

ਕੁਰਬਾਨੀ ਦਾ ਨਾਂ ਸੁਣਕੇ ਵੱਡੇ-ਵੱਡੇ ਨੇਤਾ
ਸੈਰਾਂ 'ਤੇ ਤੁਰ ਜਾਂਦੇ ਵਾਂਙ ਸਹੇ ਛਹਿ ਜਾਂਦੇ ਹਨ

ਮਨ ਦੇ ਹੜ੍ਹ ਵਿਚ ਅਲਬੇਲੇ ਅਥਰੂ, ਯਾਦ ਕਿਸੇ ਦੀ,
ਖ਼ੁਸ਼ੀਆਂ-ਗਮੀਆਂ ਵਿੱਚ,ਅੱਖਾਂ ਵਿੱਚੋਂ ਵਹਿ ਜਾਂਦੇ ਹਨ

ਕਿਰਤੀ ਤਾਂ ਹੱਕਾਂ ਲਈ ਲੜਦੇ, ਪਰ, ਜ਼ਿੱਦੀ ਰਹਿਬਰ
ਅਪਣੀ ਹਉਮੈ ਦੀ ਤੰਦ ਪਕੜਕੇ ਬਹਿ ਜਾਂਦੇ ਹਨ

ਰਲ-ਮਿਲ ਕੇ ਕੁਸ਼ਤੀ ਲੜਦੇ ਅਕਸਰ ਭਲਵਾਨ ਬੜੇ
ਹਾਕਮ ਧਿਰ ਦਾ "ਪਟਕਾ" ਤੇ ਦੂਜੇ ਢਹਿ ਜਾਂਦੇ ਹਨ


"ਲੇਬਰ ਚੌਂਕ" 'ਚ ਰੋਜ਼ ਸਵੇਰੇ ਕਾਮੇ ਆਉਣ "ਕੰਵਲ"
ਐਪਰ ਬਦਕਿਸਮਤ ਰੁੱਖਾਂ ਹੇਠਾਂ ਬਹਿ ਜਾਂਦੇ ਹਨ

# ਤ੍ਰਿਕੁਟੀ



ਬਲਜਿੰਦਰ ਮਾਨ

ਰੀਵਿਊਕਾਰ : ਬਲਜਿੰਦਰ ਮਾਨ
98150-18947
ਕਵੀ : ਪਰਦੀਪ
ਪ੍ਰਕਾਸ਼ਕ: ਕਾਗਦ ਪ੍ਰਕਾਸ਼ਨ ਜਲੰਧਰ,
ਪੰਨੇ : 80, ਮੁੱਲ :100 ਰੁਪਏ




ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦੇ ਰਚਨਹਾਰੇ ਪਰਦੀਪ ਭਾਰਤੀ ਸਾਹਿਤ ਅਕੈਡਮੀ ਤੋਂ ਯੁਵਾ ਸਾਹਿਤ ਪੁਰਸਕਾਰ ਪ੍ਰਾਪਤ ਕਰ ਚੁੱਕੇ ਹਨ। ਕਵਿਤਾ ਦੇ ਖੇਤਰ ਵਿੱਚ ਆਪਣੀ ਦੇਸ਼ ਦੁਨੀਆਂ ਦੀ ਸੈਰ ਨਾਲ ਉਨ੍ਹਾਂ ਨੇ ਵਿਸ਼ਵ ਵਿਆਪੀ ਰੰਗ ਭਰੇ ਹਨ। ਖੁੱਲੀ ਕਵਿਤਾ ਨੂੰ ਸਮਝਣ ਵਾਸਤੇ ਦਿਲ ਦਿਮਾਗ ਦੇ ਦਰ ਦਰਵਾਜਿਆ ਨੂੰ ਖੋਲ੍ਹਣਾ ਪੈਂਦਾ ਹੈ। ਕਵੀ ਆਪਣੇ ਜੀਵਨ ਤਜਰਬਿਆਂ ਅਤੇ ਇਤਿਹਾਸ ਮਿਥਿਹਾਸ ਨੂੰ ਇੱਕੋ ਕੜਾਹੀ ਵਿੱਚ ਕਾੜ੍ਹਦਾ ਹੋਇਆ ਨਵੀਆਂ ਨਰੋਈਆਂ ਤੇ ਸਵਾਦਲੀਆਂ ਕਵਿਤਾਵਾਂ ਦੀ ਸਿਰਜਣਾ ਕਰਦਾ। ਇਹ ਕਵਿਤਾਵਾਂ ਪਾਠਕ ਨੂੰ ਜਿੱਥੇ ਦੇਸ਼ ਦੁਨੀਆਂ ਦੀ ਸੈਰ ਕਰਾਉਂਦੀਆਂ ਹਨ ਉੱਥੇ ਅੰਤਰ ਨਾਦ ਨੂੰ ਸੁਣਨ ਦੀ ਸਮਰੱਥਾ ਵੀ ਪ੍ਰਦਾਨ ਕਰਦੀਆਂ ਹਨ। ਖੁੱਲੀਆਂ ਕਵਿਤਾਵਾਂ ਦਾ ਇਹ ਅਨੋਖਾ ਸੰਗ੍ਰਹਿ ਕਾਵਿ ਕਲਾ ਦਾ ਵੀ ਸਿਖ਼ਰ ਸਿਰਜਦਾ ਹੈ। ਪਾਠਕ ਪੁਸਤਕ ਦਾ ਪਹਿਲਾ ਪੰਨਾ ਪੜ੍ਹਦਾ ਹੋਇਆ ਅੱਗੇ ਤੋਂ ਅਗੇਰੇ ਆਪ ਮੁਹਾਰਾ ਹੀ ਤੁਰਿਆ ਜਾਂਦਾ ਹੈ। ਕਵਿਤਾ ਵਿੱਚ ਇੰਨਾ ਦਮ ਹੈ ਕਿ ਪਾਠਕ ਉਸ ਨੂੰ ਪੜ੍ਹੇ ਬਗੈਰ ਛੱਡ ਨਹੀਂ ਸਕਦਾ। ਕਵੀ ਦੀ ਸ਼ਬਦ ਚੋਣ ਕਮਾਲ ਦੀ ਹੋਣ ਕਰਕੇ ਪਾਠਕ ਮਨ ਅੰਦਰ ਹੋਰ ਜਗਿਆਸਾ ਪੈਦਾ ਹੁੰਦੀ ਜਾਂਦੀ ਹੈ।

ਯੁਵਾ ਕਵੀ ਪਰਦੀਪ ਤੇ ਤਜਰਬੇ ਇਹ ਸਾਬਤ ਕਰਦੇ ਹਨ ਕਿ ਉਹ ਮਾਹਿਲਪੁਰ ਇਲਾਕੇ ਦਾ ਇੱਕ ਨਿਵੇਕਲਾ ਸ਼ਾਇਰ ਹੈ ਜਿਸ ਨੇ ਕਾਵਿ ਜਗਤ ਵਿੱਚ ਸੰਦਲੀ ਪੈੜਾਂ ਪਾਈਆਂ ਹਨ। ਪੁਸਤਕ ਤ੍ਰਿਕੁਟੀ ਵਿੱਚ ਦਰਜ ਕਵਿਤਾਵਾਂ ਨਿਜ ਤੋਂ ਸ਼ੁਰੂ ਹੋ ਕੇ ਪੂਰੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਮਿੱਟੀ, ਧਰਤੀ, ਆਕਾਸ਼, ਸਮੁੰਦਰ, ਪਹਾੜ ਜੰਗਲ ਅਤੇ ਜੀਵ ਜੰਤੂਆਂ ਨਾਲ ਵਰਤ ਰਹੇ ਕੁਦਰਤੀ ਵਰਤਾਰਿਆਂ ਦੇ ਭੇਦ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਕਵੀ ਮਨੁੱਖ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਦੁਨੀਆਂ ਦੇ ਖੌਰੂ ਤੋਂ ਸੁੰਨ ਸਮਾਧੀ ਤੱਕ ਦੇ ਸਫ਼ਰ ਨੂੰ ਬਿਆਨ ਕਰਦਿਆਂ ਕਵੀ ਨੇ ਮਨੁੱਖ ਅੰਦਰੋਂ ਖੁਰ ਰਹੀ ਮਨੁੱਖਤਾ ਦੀ ਚਿੰਤਾ ਵੀ

ਜ਼ਾਹਰ ਕੀਤੀ ਹੈ। ਸਬਕ ਨਾਮੀ ਕਵਿਤਾ ਦੀਆਂ ਇਹ ਸਤਰਾਂ ਕਾਬਲੇ ਗੌਰ ਹਨ

ਇਹ ਕਿਹਾ ਸਬਕ ਸੀ
ਜਿਸ 'ਤੇ ਪੈਰ ਧਰਦਿਆਂ
ਮੈਨੂੰ ਅਹਿਸਾਸ ਹੋਇਆ
ਕਿ ਮਿੱਟੀ ਮਿੱਟੀ ਅੰਦਰ ਸਫ਼ਰ ਕਰਦੀ ਹੈ
ਤੇ ਕਦੇ ਕਦੇ ਹਿਲਦਾ ਹੱਥ
ਕੋਈ ਰੌਸ਼ਨੀ ਛੂਹ ਲੈਂਦਾ ਹੈ।

ਕਵੀ ਮਨ ਅੰਦਰ ਇਹ ਕਵਿਤਾਵਾਂ ਧਰਤੀ ਅੰਦਰਲੇ ਲਾਵੇ ਵਾਂਗ ਬਲਦੀਆਂ ਹੋਈਆਂ ਜਦੋਂ ਬਾਹਰ ਆਉਂਦੀਆਂ ਹਨ ਤਾਂ ਧਰਤੀ ਦੀ ਹਿੱਕ ਤੇ ਪਹਾੜ ਉਸਾਰਦੀਆਂ ਹਨ। ਫੇਰ ਕਵੀ ਦੀ ਉਡਾਰੀ ਇਹਨਾਂ ਅੰਬਰਾਂ ਤੋਂ ਪਰੇ ਤੇ ਹੋਰ ਪਰੇ ਚਲੇ ਜਾਂਦੀ। ਕਦੀ ਉਹ ਜਿਉਣ ਦੀ ਆਸ ਪ੍ਰਗਟ ਕਰਦਾ ਹੈ ਤੇ ਕਦੀ ਉਹ ਆਪਣੀ ਨਿਰਾਸ਼ਾ ਨੂੰ ਆਸ਼ਾ ਵਿੱਚ ਬਦਲਦਾ ਹੋਇਆ ਮੁਰਸ਼ਦ ਦੇ ਲੜ ਲੱਗਦਾ ਹੈ। ਕੁਦਰਤ ਦੀ ਲੀਲਾ ਨੂੰ ਗੁਰੂ ਗਿਆਨ ਨਾਲ ਵਿਚਾਰਦਾ ਅਤੇ ਨਿਖਾਰਦਾ ਹੈ। ਇਸ ਵਿਚਾਰਨ ਤੇ ਨਿਖਾਰਨ ਦੀ ਪ੍ਰਕਿਰਿਆ ਵਿੱਚ ਕਵੀ ਦੀ ਕਵਿਤਾ ਉਡਾਰੀਆਂ ਦਾ ਸਿਖਰ ਸਿਰਜਦੀ ਹੋਈ ਇਸ ਧਰਤੀ ਦੀ ਹਿੱਕ ਅੰਦਰ ਡੂੰਘੀਆਂ ਜੜ੍ਹਾਂ ਖਿਲਾਰ ਦਿੰਦੀ ਹੈ। ਫਿਰ ਧਰਤੀ ਦੀਆਂ ਗਹਿਰਾਈਆਂ ਨੂੰ ਮਾਪਦੀ ਹੋਈ ਡੂੰਘੀਆਂ ਸਿਖਰਾਂ ਸਿਰਜਦੀ ਹੈ।

ਮੈਂ ਹੱਥ ਲੈਣ
ਅਕਸਰ ਦਫ਼ਤਰ ਭੱਜਦਾ ਹਾਂ
ਤੇ ਉਹ ਪਿਛਾਂਹ ਆਉਂਦੀ
ਗੁਆ ਲੈਂਦੀ ਹੈ ਪੈਰ ਆਪਣੇ।

ਭਾਲ਼ ਨਾਮੀ ਕਵਿਤਾ ਦੀਆਂ ਇਹ ਸਤਰਾਂ ਵੀ ਪਾਠਕ ਮਨ ਅੰਦਰ ਹਲਚਲ ਪੈਦਾ ਕਰਦੀਆਂ ਹਨ।

ਤ੍ਰਿਕੁਟੀ ਪੁਸਤਕ ਦਾ ਪਾਠ ਕਰਦਿਆਂ ਪਾਠਕ ਅੰਦਰ ਜੰਮੇ ਹੋਏ ਵਹਿਮ ਭਰਮ ਕੁਰੇਦੇ ਜਾਂਦੇ ਹਨ ਅਤੇ ਉਹਨਾਂ ਵਹਿਮਾਂ ਭਰਮਾਂ ਦਾ ਨਿਤਾਰਾ ਵੀ ਕੀਤਾ ਜਾਂਦਾ ਹੈ। ਪੁਸਤਕ ਵਿੱਚ ਦਰਜ ਸੰਸਾਰ, ਜਨਮ, ਫਰਿਹਾਦ, ਤਾਂਘ, ਭੇਦ, ਲੰਘਦਿਆਂ, ਕੰਢਾ, ਦਾ ਵਿਜ਼ਨ, ਸਹਿਜ, ਅੱਗ ਦੇ ਸਫੇ, ਦਫਤਰ ਦਾ ਪੋਰਟਰੇਟ, ਲੀਲਾ, ਮੁਰਸ਼ਦ ਅਤੇ ਰੂਪ ਆਦਿ ਕਵਿਤਾਵਾਂ ਪਾਠਕਾਂ ਦੇ ਦਿਲ ਦੀਆਂ ਗਹਿਰਾਈਆਂ ਤੱਕ ਲਹਿ ਜਾਂਦੀਆਂ ਹਨ। ਇਹ ਕਵਿਤਾਵਾਂ ਕਵਿਤਾ ਦੇ ਡੂੰਘੇ ਸਾਗਰ ਦੀਆਂ ਘੋਗੇ ਸਿੱਪੀਆਂ ਅਤੇ ਹੀਰੇ ਜਵਾਹਰਤ ਪਾਠਕ ਅੱਗੇ ਪੇਸ਼ ਕਰਦੀਆਂ ਹਨ।

ਸੰਪਾਦਕ-ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)

## ਅਮਰ ਨਾਥ ਕੌਸਤੁਭ ਦੀਆਂ ਦੋ ਗ਼ਜ਼ਲਾਂ

ਹੁਣ ਯਾਰ ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ।
ਦਿਲਦਾਰ! ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ।

ਨਾ ਚੈਨ ਇਹਨੂੰ ਘਰ ਵਿਚ, ਨਾ ਬਾਹਰ ਹੀ ਟਿਕਦਾ ਹੈ,
ਸਰਕਾਰ! ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ।

ਉਹ ਸਾਡਾ ਤੇ ਮੱਕਾ ਹੈ, ਉਹ ਸਾਡੀ ਤੇ ਜੰਨਤ ਹੈ,
ਦਰਬਾਰ! ਬਿਨਾਂ ਤੇਰੇ ਦਿਲ, ਸਾਡਾ ਨਹੀਂ ਲਗਦਾ।

ਇਕ ਜਲਵਾ ਵਿਖਾ ਜਾ ਤੂੰ, ਪਲ ਭਰ ਨੂੰ ਹੀ ਆ ਜਾ ਤੂੰ,
ਦੀਦਾਰ! ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ।

ਉਹ ਹੁਸਨ ਦੀ ਵਾਦੀ ਹੈ, ਉਹ ਇਸ਼ਕ ਦੀ ਘਾਟੀ ਹੈ,
ਬਾਜ਼ਾਰ! ਬਿਨਾਂ ਤੇਰੇ, ਦਿਲ ਸਾਡਾ ਨਹੀਂ ਲਗਦਾ

ਸਾਡੇ ਵੀ ਫਿਰੂਗੇ ਦਿਨ ਉਹ ਰਾਤ ਜਦੋਂ ਆਈ।
ਬਰਸੂਗੀ ਸ਼ਰਾਬ ਬੜੀ ਬਰਸਾਤ ਜਦੋਂ ਆਈ।

ਲਿਖ- "ਜੁੱਤੀ ਲਿਆਊਂਗੀ ਮੰਗਵਾ ਕੇ ਕਸੂਰੋਂ ਮੈਂ,
ਇਸ ਵਾਰ ਜੀ ਪਹਿਲੀ ਨੂੰ ਮੁਲਾਕਾਤ ਜਦੋਂ ਆਈ।"

ਸਿਰ ਪਾਊਂ ਸੁਆਹ ਸੱਸ ਦੇ, ਜਲ ਜਾਊ ਜਠਾਣੀ ਵੀ,
ਇਸ ਬਾਰ ਥਿਆਰਾਂ 'ਤੇ ਫਿਰ ਦਾਤ ਜਦੋਂ ਆਈ।

ਚਾਦਰ ਤੇ ਸਮਾ ਕੁੜਤਾ ਜੇਠਾਣੀ ਤਾਂ ਪੇਕੀਂ ਹੈ,
ਉਹ ਠੁੱਠ ਵਿਖਾਊਂਗੀ, ਕਮਜ਼ਾਤ ਜਦੋਂ ਆਈ ਹੈ।

ਦੋ ਥੋਬੇ ਨਹੀਂ ਮਾਰੇ ਆਹ ਕਿੰਨੇ ਮਘੋਰੇ ਨੇ,
ਡਿੱਗ ਪੈਣਾ ਹੈ ਇਹ ਕੋਠਾ, ਬਰਸਾਤ ਜਦੋਂ ਆਈ।

# ਸੁਰਜੀਤ ਪਾਤਰ ਦੇ ਪ੍ਰਗੀਤਕ ਕਾਵਿ ਦਾ ਚਿਹਨ-ਸੰਸਾਰ

ਡਾ. ਸੰਦੀਪ
ਅਸਿਸਟੈਂਟ ਪ੍ਰੋਫੈਸਰ, ਡੀ.ਏ.ਵੀ. ਕਾਲਜ ਬਠਿੰਡਾ

ਪਾਤਰ ਅਨੁਸਾਰ ਦਮਨ ਅਤੇ ਬੰਦਿਸ਼ਾ ਕਵੀ ਦੀ ਆਤਮਾ ਅਤੇ ਮਨ ਨੂੰ ਨਹੀਂ ਰੋਕ ਸਕਦੇ। ਵਿਚਾਰ ਨਹੀਂ ਬਦਲਦੇ, ਸ਼ੈਲੀ ਬਦਲਦੀ ਹੈ। ਸਾਡੇ ਕਵੀਆਂ ਨੇ ਸੈਂਸਰਸ਼ਿਪ ਤੋਂ ਵਿਪਰੀਤ ਵਿਲੱਖਣ ਰਾਹ ਚੁਣਿਆ ਹੈ। ਉਹਨਾਂ ਨੇ ਆਪਣਾ ਸਟਾਈਲ ਬਣਾਇਆ। ਆਪਣੀ ਗੱਲ ਹੋਰ ਕਟਾਖਸ਼ੀ ਤੇ ਵਿਲੱਖਣ ਅੰਦਾਜ਼ ਵਿਚ ਕਹਿਣ ਲਈ ਬਿੰਬਾ ਅਤੇ ਪ੍ਰਤੀਕਾਂ ਦਾ ਸਹਾਰਾ ਲਿਆ। ਸੁਰਜੀਤ ਪਾਤਰ ਆਪਣੀਆਂ ਦਮਨ-ਬਿਰਤੀਆਂ, ਮਨੋਗੁੰਝਲਾ, ਮਨੋਵਿਕਾਰਾਂ, ਅਤ੍ਰਿਪਤ ਅਕਾਂਖਿਆਵਾਂ ਅਤੇ ਮਾਨਸਿਕ ਅਨੁਭੂਤੀਆਂ ਨੂੰ ਵੱਖ-ਵੱਖ ਪ੍ਰਤੀਕਾ, ਬਿੰਬਾਂ ਦੇ ਰੂਪ ਵਿਚ ਪੇਸ਼ ਕਰਦਾ ਹੈ।

ਸਮੁੱਚੇ ਪਾਤਰ ਕਾਵਿ ਵਿਚ ਸੱਤਾ ਦਾ ਵਿਰੋਧ, ਆਧੁਨਿਕ ਮਨੁੱਖ ਦੀ ਖੰਡਿਤ ਮਾਨਸਿਕਤਾ, ਬਿਖਰਿਆ ਹੋਇਆ ਮਾਨਵੀ ਅਸਿਤਤਵ, ਮਨੋਗੁੰਝਲਾਂ ਦੀ ਗ੍ਰਸਤ ਵਿਚ ਮੁਖੌਟਾਧਾਰੀ ਮਾਨਸਿਕਤਾ, ਸਧਾਰਣ ਮਨੁੱਖ ਦੀ ਬੇਬਸੀ ਸਰਮਾਏਦਾਰੀ ਦਾ ਗੈਰ-ਮਨੁੱਖੀ ਵਤੀਰਾ ਅਤੇ ਸਮਕਾਲੀਨ ਪ੍ਰਸਥਿਤੀਆਂ ਦਾ ਬਹੁਤ ਹੀ ਖੂਬਸੂਰਤੀ ਨਾਲ ਚਿਤਰਣ ਹੋਇਆ ਹੈ। ਡਾ. ਕਰਮਜੀਤ ਸਿੰਘ ਅਨੁਸਾਰ : "ਸੁਰਜੀਤ ਪਾਤਰ ਦੀ ਕਵਿਤਾ ਵਿਚ ਯੁਗਚੇਤਨਾ ਮਨੁੱਖ ਵਿਚ ਮੌਤ ਤੇ ਤ੍ਰਾਸਦੀ ਹੈ। ਨਾਟਕੀ ਮਹਾਂਦ੍ਰਿਸ਼ ਦੇ ਰੂਪ ਵਿਚ ਸੰਕਲਿਤ ਹੋਈ ਹੈ। ਇਹ ਮਹਾਂਦ੍ਰਿਸ਼ ਚੋ ਉਪਰੋਂ ਆਧੁਨਿਕ ਮਨ ਵਿਚ ਵਿਆਪਕ ਵਿਰੰਤਰ ਤਣਾਓ ਦਾ ਬੋਧ ਕਰਾਉਂਦਾ ਹੈ ਤਾਂ ਅੰਦਰੋਂ ਅਚੇਤ ਹੀ ਜ਼ਿੰਦਗੀ ਦੀ ਅਮੁੱਕ ਗਤੀ ਵਿਚੋਂ ਉਦੇ ਹੋਣ ਵਾਲੀ ਆਸ ਨਾਲ ਵੀ ਜੁੜਿਆ ਹੋਇਆ ਹੈ। ਜੇ ਇਕ ਪਲ ਇਹ ਤ੍ਰਾਸਦੀ ਟੁੱਟ ਦੀ ਮਨੁੱਖੀ ਸੰਭਾਵਨਾ ਨੂੰ ਖੋਰਦੀ ਅਤੇ ਮੇਟਦੀ ਹੈ ਤਾਂ ਦੂਜੇ ਹੀ ਪਲ ਇਸ ਤ੍ਰਾਸਦੀ ਵਿਚ ਟੁੱਟੀ ਚੇਤਨਾ ਨਵੀਂ ਆਸ ਦੇ ਲੜ ਕੇ ਕਿਸੇ ਨਵੇਂ ਮਹਾਂ-ਆਰੰਭ ਦਾ ਜਾਦੂ ਜਗਾਉਂਦੀ ਵੀ ਨਜ਼ਰ ਆਉਂਦੀ ਹੈ।"

ਸੁਰਜੀਤ ਪਾਤਰ ਨੇ ਆਪਣੇ ਪ੍ਰਗੀਤਕ ਕਾਵਿ ਨੂੰ ਜੀਵੰਤ ਅਤੇ ਯਥਾਰਥਕ ਬਣਾਉਣ ਲਈ ਪ੍ਰਕ੍ਰਿਤੀ ਅਤੇ ਮਾਨਵੀ ਸਭਿਆਚਾਰ ਵਿਚੋਂ ਚਿੰਨ੍ਹ ਲਏ ਹਨ। ਮਨੁੱਖੀ ਜੀਵਨ ਦੀਆਂ ਡੂੰਘੀਆਂ ਰਮਜ਼ਾਂ ਨੂੰ ਚਿਹਨਾਂ ਦੇ ਮਾਧਿਅਮ ਰਾਹੀਂ ਦੇਖਦਾ ਅਤੇ ਦਿਖਾਉਂਦਾ ਹੈ। ਆਪਣੀਆਂ ਮਨੋ ਗੁੰਝਲਾਂ, ਮਨੋਵਿਕਾਰਾਂ ਅਤੇ ਅਤ੍ਰਿਪਤ ਅਕਾਂਖਿਆ, ਮਾਨਸਿਕ ਅਨੁਭੂਤੀਆਂ ਨੂੰ ਵੱਖਰੇ-ਵੱਖਰੇ ਚਿਹਨਾਂ ਦੇ ਰੂਪ ਵਿਚ ਪੇਸ਼ ਕਰਦਾ ਹੈ। ਸੁਰਜੀਤ ਪਾਤਰ ਪ੍ਰਗੀਤਕ ਕਾਵਿ ਵਿਚ ਪੇਸ਼ ਹੋਏ ਮੁੱਖ ਚਿਹਨ।

**ਖੰਡਿਤ ਵਿਅਕਤੀ/ਅਤ੍ਰਿਪਤ ਅਕਾਖਿਆਵਾਂ/ਕਾਮਨਾ ਦਾ ਚਿਹਨ** : ਸੁਰਜੀਤ ਪਾਤਰ ਆਪਣੇ ਪ੍ਰਗੀਤਕ ਕਾਵਿ ਵਿਚ ਖੰਡਿਤ ਵਿਅਕਤੀ ਬਾਰੇ ਵਾਰ-ਵਾਰ ਜ਼ਿਕਰ ਕਰਦਾ ਹੈ। ਅਜੋਕੇ ਵਿਅਕਤੀ ਦੀ ਸ਼ਖਸੀਅਤ ਬਹੁਤ ਸਾਰੇ ਸਥਾਨਾਂ ਅਤੇ ਸਮਿਆਂ ਵਿਚ ਟੁਕੜੇ-ਟੁਕੜੇ ਹੋ ਕੇ ਬਿਖਰ ਗਈ ਹੈ। ਉਸਦਾ ਬਚਪਨ ਕਿਧਰੇ ਗੁਆਚ ਗਿਆ ਹੈ। ਕਿਤੇ ਕਿਸ਼ੋਰ ਅਵਸਥਾ ਰੁਲ ਗਈ ਹੈ। ਜਵਾਨੀ ਅਤੇ ਅਧੇੜ ਉਮਰ ਦੀਆਂ ਨਿਸ਼ਾਨੀਆਂ ਕਿਧਰੇ ਹੋਰ ਆਪਣਾ ਅਸਤਿਤਵ ਖੋ ਚੁੱਕੀਆਂ ਹਨ। ਇਸ ਤਰ੍ਹਾਂ ਹਰ ਵਿਅਕਤੀ ਦੀ ਸ਼ਨਾਖਤ ਟੁੱਕੜਿਆਂ ਵਿਚ ਵੰਡੀ ਗਈ ਹੈ। ਕਿਸੇ ਵੀ ਵਿਅਕਤੀ ਦੀਆਂ ਅੱਖਾਂ ਵਿਚ ਉਸਨੂੰ ਆਪਣਾ ਆਪ ਸੰਪੂਰਨ ਨਜ਼ਰ ਨਹੀਂ ਆ ਰਿਹਾ। ਇਹੀ ਬੇਬਸੀ ਅਤੇ ਭਟਕਣ ਦਾ ਮਾਨਸਿਕ ਤਣਾਓ ਅਸਲ ਵਿਚ ਵਿਸ਼ਾਦ ਗ੍ਰਸਤ ਜ਼ਿੰਦਗੀ ਦਾ ਅਨੁਭਵ ਹੈ। ਵਿਖੰਡਨ ਆਪੇ, ਅਪਰਾਧੀ ਭਾਵਨਾਵਾਂ, ਦਿਸ਼ਾਹੀਣਤਾ, ਗਮ, ਗੁੰਝਲਾਂ ਅਤੇ ਮਾਯੂਸੀਆਂ ਵਿਚ ਵਿਚਰਦੇ ਮਨੁੱਖ ਅੰਦਰ ਕਿਸੇ ਨਵੇਂ ਵਿਸ਼ਵਾਸ ਦੀ ਧ੍ਰੋਹ ਪੈਂਦੀ ਹੈ। ਜਦਕਿ ਕਾਮ ਨੂੰ ਮਨੁੱਖੀ ਜੀਵਨ ਦਾ ਧੁਰਾ ਮੰਨਿਆ ਗਿਆ ਹੈ। ਕਵਿਤਾ ਦੇ ਮਾਧਿਅਮ ਰਾਹੀਂ ਕਵੀ ਇਸਦਾ ਬਿਆਨ ਕਰਦਾ ਹੈ ਤਾਂ ਉਸਦੀਆਂ ਦੱਬੀਆਂ ਭਾਵਨਾਵਾਂ ਫਿਰ ਤੋਂ ਜਾਗ੍ਰਤ ਹੋ ਜਾਂਦੀਆਂ ਹਨ।

**ਫਰਾਇਡ ਅਨੁਸਾਰ** : "ਹਰ ਕੰਮ ਪਿੱਛੇ ਵਾਸਨਾ ਕੰਮ ਕਰਦੀ ਹੈ। ਇਹ ਜੀਵਨ ਦੀ ਮੂਲ ਪ੍ਰੇਰਕ ਸ਼ਕਤੀ ਹੈ। ਸਮਾਜਿਕ ਸ਼ਿਸ਼ਟਾਚਾਰ ਅਤੇ ਰੋਕਥਾਮ ਦੇ ਕਾਰਨ (ਸੈਂਸਰਸ਼ਿਪ), ਅਵਚੇਤਨ ਜਾਂ ਅਰਧਚੇਤਨ ਵਿਚ ਦਬੀ ਰਹਿੰਦੀ ਹੈ ਅਤੇ ਵਿਕਾਸ ਦਾ ਮਾਰਗ ਲੱਭਦੀ ਹੈ ਪਰ ਬਦਲੇ ਹੋਏ ਰੂਪ ਵਿਚ, ਜਿਸ ਨਾਲ ਇਸ ਸੈਂਸਰ ਦੀ ਨਿਗਾਹ ਤੋਂ ਬਚੀ ਰਹਿ ਸਕੇ। ਇਹ ਨਿਕਾਸ ਮਾਰਗ ਹਨ- ਸੁਪਨੇ ਦੈਨਿਕ ਭੁੱਲਾਂ ਅਤੇ ਹਾਸ-ਮਜ਼ਾਕ। ਕਲਾ ਅਤੇ ਕਾਵਿ ਵੀ ਇਨ੍ਹਾਂ ਵਿਚੋਂ ਇੱਕ ਹੈ।"2

ਸੁਰਜੀਤ ਪਾਤਰ ਆਪਣੀਆਂ ਮਨੋ ਗੁੰਝਲਾਂ, ਅਤ੍ਰਿਪਤ ਅਕਾਂਖਿਆ ਦਮਨ ਬਿਰਤੀਆਂ ਨੂੰ ਆਪਣੇ ਕਾਵਿ ਵਿਚ ਵੱਖ-ਵੱਖ ਪ੍ਰਤੀਕਾਂ, ਚਿਹਨਾਂ, ਬਿੰਬਾਂ ਰਾਹੀਂ ਪੇਸ਼ ਕਰਦਾ ਹੈ। ਕਾਮਨਾ ਦੇ ਚਿਹਨ ਨੂੰ ਪੇਸ਼ ਕਰਦੀ ਉਸਦੀ ਕਾਵਿ ਉਦਾਹਰਣ ਜੋ ਸਮਾਜਿਕ ਕਦਰਾਂ-ਕੀਮਤਾਂ ਨੂੰ ਨਕਾਰਦੀ ਹੈ।

"ਹੈ ਬਹੁਤ ਉੱਚਾ ਸਦਾਚਾਰ ਦਾ ਗੁਬੰਦ ਫੇਰ ਵੀ, ਡੁੱਬ ਹੀ ਜਾਂਦਾ ਏ ਜਦ ਮਨ 'ਚ ਇਹ ਉਛਾਲ ਆਉਂਦਾ ਏ।"

ਸੁਰਜੀਤ ਪਾਤਰ ਪੰਜਾਬੀ ਪ੍ਰਗੀਤਕ ਕਾਵਿ ਦਾ ਪ੍ਰਮੁੱਖ ਸ਼ਾਇਰ ਹੈ। ਚਿਹਨਾਂ ਦੇ ਮਾਧਿਅਮ ਰਾਹੀਂ ਉਸਨੇ ਆਪਣੀ ਪ੍ਰਗੀਤਕ ਕਾਵਿ ਨੂੰ ਅੰਜ਼ਾਮ ਦਿੱਤਾ ਹੈ। ਸੁਰਜੀਤ ਪਾਤਰ ਨੇ ਆਪਣੀ ਸ਼ਾਇਰੀ ਵਿਚ ਬਹੁ-ਅਰਥਕਤਾ ਤੇ ਬਹੁਰੰਗ ਭਰਨ ਲਈ ਚਿਹਨਾਂ ਨੂੰ ਮਾਧਿਅਮ ਬਣਾਇਆ ਹੈ। ਇਨ੍ਹਾਂ ਦੀ ਵਰਤੋਂ ਉਹ ਪੰਜਾਬੀ ਧਰਾਤਲ/ਰਹਿਤਲ ਵਿਚੋਂ ਕਰਦਾ ਨਜ਼ਰ ਆਉਂਦਾ ਹੈ। ਸੁਰਜੀਤ ਪਾਤਰ ਨੇ ਆਪਣੇ ਕਾਵਿ ਵਿਚ ਵੱਖ-ਵੱਖ ਪਰਿਸਥਿਤੀਆਂ ਨੂੰ ਭਿੰਨ-ਭਿੰਨ ਚਿਹਨਾਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਸੁਰਜੀਤ ਪਾਤਰ ਦੇ ਕਾਵਿ ਵਿਚ ਜੋ ਚਿਹਨ ਨਜ਼ਰ ਆ ਰਹੇ ਹਨ ਉਨ੍ਹਾਂ ਵਿਚ ਪ੍ਰਮੁੱਖ ਤੌਰ ਤੇ ਕੁਝ ਚਿਹਨ ਜਿਨ੍ਹਾਂ ਦਾ ਵਰਣਨ ਅਸੀਂ ਕਰਾਂਗੇ।

**ਪੰਜਾਬ ਸੰਕਟ ਨਾਲ ਸੰਬੰਧਤ ਚਿਹਨ** : ਸੁਰਜੀਤ ਪਾਤਰ ਨੇ ਪੰਜਾਬ ਦੀ ਧਰਤੀ ਉੱਪਰ ਪੈਦਾ ਹੋਏ ਅੱਤਵਾਦ ਦੀ ਪੇਸ਼ਕਾਰੀ ਆਪਣੇ ਕਾਵਿ ਵਿਚ ਬਾਖੂਬੀ ਕੀਤੀ ਹੈ। ਕਵੀ ਅਨੁਸਾਰ ਪੰਜਾਬ ਦੇ ਲੋਕ ਅਤਿਭਾਵੁਕ ਤੇ ਲਾਈਲਗ ਕਿਸਮ ਦੇ ਲੋਕ ਹਨ ਕਿਉਂਕਿ ਪੰਜਾਬ ਦੇ ਲੋਕ ਧਰਮ ਨਾਲ ਜੁੜੇ ਹੋਣ ਕਰਕੇ ਅਜਿਹੀ ਮਾਨਸਿਕਤਾ ਦੇ ਧਾਰਨੀ ਹਨ। ਧਰਮ ਨੂੰ ਖਤਰੇ ਵਿਚ ਦੇਖ ਪੰਜਾਬੀ ਲੋਕ ਮਰਨ ਮਾਰਨ ਲਈ ਤਿਆਰ ਹੋ ਜਾਂਦੇ ਹਨ। ਇਸਦਾ ਕਾਰਨ ਹੈ ਕਿ ਉਨ੍ਹਾਂ ਨੇ ਇਹ ਵਿਹਾਰ ਆਪਣੇ ਇਤਿਹਾਸ ਤੋਂ ਸਿੱਖਿਆ ਹੈ ਕਿਉਂਕਿ ਇਹ ਲੋਕ ਆਪਣੇ ਇਤਿਹਾਸ ਨਾਲ ਜੁੜੇ ਹੋਏ ਹਨ। ਇਹ ਹੋਰ ਕੰਮ ਤਾਂ ਬੇਸ਼ਕ ਭੁੱਲ ਵੀ ਜਾਣ ਪਰ ਇਹ ਆਪਣੇ ਧਰਮ ਅਤੇ ਇਤਿਹਾਸ ਤੋਂ ਬੇਮੁੱਖ ਨਹੀਂ ਹੋ ਸਕਦੇ। 'ਬਿਰਖ ਅਰਜ਼ ਕਰੇ' ਕਾਵਿ ਸੰਗ੍ਰਹਿ ਪੰਜਾਬ ਸੰਕਟ ਦੀ ਪੇਸ਼ਕਾਰੀ ਕਰਦੀ ਪ੍ਰਮੁੱਖ ਰਚਨਾ ਹੈ। ਇਸ ਸੰਗ੍ਰਹਿ ਵਿਚ ਕੁਝ ਕਵਿਤਾਵਾਂ ਜੋ ਕਿ ਪੰਜਾਬ ਦੀ ਰਾਜਨੀਤੀ ਅਤੇ ਪੰਜਾਬ ਸੰਤਾਪ ਦੀ ਪੇਸ਼ਕਾਰੀ ਕਰਦੀਆਂ ਹਨ। 'ਧੁਖਦਾ ਜੰਗਲ' ਵਿਚ 'ਜੰਗਲ' ਨੂੰ ਚਿਹਨ ਰੂਪ ਵਿਚ ਪੇਸ਼ ਕੀਤਾ ਹੈ। 'ਜੰਗਲ' ਦੀ ਸ਼ਲਾਘਾ ਕਰਦੇ ਹੋਏ ਹਰ ਆਫ਼ਤ ਨਾਲ ਲੜਦਾ ਹੋਇਆ ਪ੍ਰਤੀਤ ਹੋ ਰਿਹਾ ਦਿਖਾਇਆ ਹੈ। ਇਸ ਕਾਵਿ ਦੇ ਬੰਦਾ ਵਿਚ ਕਵੀ ਨੇ 'ਪੰਜਾਬ ਸੰਤਾਪ' ਦੇ ਕਾਰਨਾਂ ਅਤੇ ਸਰਕਾਰ ਦੀ ਬੇਨਿਆਜ਼ੀ ਦਾ ਵੀ ਜ਼ਿਕਰ ਕੀਤਾ ਹੈ। 'ਬਿਰਖ ਅਰਜ਼ ਕਰੇਂ ਵਿਚ ਕਵੀ ਪੰਜਾਬੀ ਦੇ ਲੋਕਾਂ ਨੂੰ ਸਾਂਝੀਵਾਲਤਾ, ਸੰਪਰਦਾਇਕ, ਸਦਭਾਵਨਾ ਅਤੇ ਮਹੱਤਤਾ ਦਾ ਸੰਦੇਸ਼ ਦਿੰਦਾ ਹੈ। ਕਵੀ ਅਨੁਸਾਰ, ਕੁਝ ਧਰਮ ਦੇ ਠੇਕੇਦਾਰ ਆਪੋ ਆਪਣੇ ਧਰਮ ਦੇ ਲੋਕਾਂ ਨੂੰ ਦੂਜੇ ਧਰਮਾਂ ਦੇ ਵਿਰੁੱਧ ਭੜਕਾਉਂਦੇ ਹਨ। ਜਿਸ ਕਾਰਨ ਦੇਸ਼ ਵਿਚ ਅਸ਼ਾਂਤੀ ਦਾ ਮਾਹੌਲ ਫੈਲ ਜਾਂਦਾ ਹੈ ਅਤੇ ਸਭਿਆਚਾਰਕ ਰਿਸ਼ਤੇ ਵੀ ਆਪਣਾ ਵਜੂਦ ਖੋ ਬੈਠਦੇ ਵਿਖਾਈ ਦਿੰਦੇ ਹਨ। 1947 ਵਿਚ ਦੇਸ਼ ਵੰਡ ਦੇ ਮੌਕੇ ਹਿੰਦੂ ਮੁਸਲਮਾਨਾਂ ਦੇ ਦਰਮਿਆਨ ਹੋਣ ਵਾਲੇ ਫ਼?ਰਕੂ ਦੰਗਿਆਂ ਅਧੀਨ ਅੰਗਰੇਜ਼ਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਦੇ ਬਹੁਤ ਮਾਰੂ ਪ੍ਰਭਾਵ ਪਏ। ਸੁਰਜੀਤ ਪਾਤਰ ਸੱਭਿਆਚਾਰਕ ਏਕਤਾ ਦੇ ਭਾਵਾਂ ਤੇ ਹੋਰ ਪੱਕਿਆਂ ਕਰਨ ਲਈ ਇਤਿਹਾਸਮੁਖੀ ਵੇਰਵਿਆਂ ਨੂੰ ਆਪਣੇ ਪਾਠਕਾਂ ਦੇ ਸਨਮੁੱਖ ਇਉਂ ਪੇਸ਼ ਕਰਦਾ ਹੈ।

ਓਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ,  
ਹੁਣ ਸ਼ਿਵ ਕੁਮਾਰ ਦੀ ਵਾਰੀ ਏ।  
ਉਹ ਜਖ਼ਮ ਪੁਰਾਣੇ ਭੁੱਲ ਵੀ ਗਏ,  
ਨਵਿਆਂ ਦੀ ਜੋ ਫੇਰ ਤਿਆਰੀ ਏ।  
ਦੁੱਖਾਂ ਦੇ ਖਿਲਾਫ਼ ਅਜੇ ਲੜਨਾ।  
ਭੁੱਖਾਂ ਦੇ ਖਿਲਾਫ਼ ਅਜੇ ਲੜਨਾ।  
ਜੋ ਛਾਂ ਦੇ ਬਹਾਨੇ ਖਾ ਜਾਂਦੇ  
ਰੁੱਖਾਂ ਦੇ ਖਿਲਾਫ਼ ਅਜੇ ਲੜਨਾ।  
ਤੇਰੀ ਤੇਗ ਦੀ ਧਾਰ ਤੋਂ ਮੈਂ ਸਦਕੇ  
ਉਦ?ਹੀ ਲੋੜ ਤੋਂ ਕੌਣ ਇਨਕਾਰੀ ਏ।"

ਉਪਰੋਕਤ ਕਾਵਿ ਸਤਰਾਂ ਰਾਹੀਂ ਕਵੀ ਆਪਣੇ ਵੱਖੋ-ਵੱਖਰੇ ਮਨੋਭਾਵਾਂ ਦੀ ਪੇਸ਼ਕਾਰੀ ਕਰ ਰਿਹਾ ਹੈ। ਮਨੋਭਾਵਾਂ ਨੂੰ ਪੇਸ਼ ਕਰਨਾ ਪ੍ਰਗੀਤ ਦਾ ਪ੍ਰਮੁੱਖ ਅਤੇ ਲਾਜ਼ਮੀ ਤੱਤ ਹੈ ਜਿਸ ਨੂੰ ਵਿਸ਼ੇਸ਼ ਧਿਆਨ ਵਿਚ ਰੱਖ ਕੇ ਕਵੀ ਨੇ ਪ੍ਰਗੀਤ ਕਾਵਿ ਨੂੰ ਉਸਾਰਿਆ ਹੈ।

ਦੇਸ਼ ਵੰਡ ਦਾ ਸਮਾਂ ਪੰਜਾਬ ਸੰਕਟ ਦਾ ਇੱਕ ਦੁਖਾਂਤ ਨਾਲ ਭਰਿਆ ਇਤਿਹਾਸਕ ਦੌਰ ਹੈ। ਇਸ ਵਿਚ ਅਨੇਕਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ। ਇਸ ਵੰਡ ਨੇ ਪੰਜਾਬ ਦੀ ਰਾਜਨੀਤੀ ਨੂੰ ਵੀ ਬਦਲ ਕੇ ਰੱਖ ਦਿੱਤਾ। 1947 ਦੀ ਵੰਡ ਤੋਂ ਬਾਅਦ ਅੱਗੋਂ ਹੋਰ ਵੰਡਾਂ ਵਿਚ ਵੀ ਪੰਜਾਬ ਵੰਡਿਆ ਗਿਆ। ਪਾਤਰ ਕੋਲ ਜੀਵਨ ਦੇ ਯਥਾਰਥ ਨੂੰ ਸਮਝਣ ਵਾਲੀ ਸੂਝ ਹੈ। ਯਥਾਰਥ ਅਨੁਭਵ ਦਾ ਵਿਸ਼ਲੇਸ਼ਣ ਕਰਨ ਲਈ ਉਸ ਕੋਲ ਵਿਸ਼ੇਸ਼ ਕਾਵਿਕ ਸੂਝ ਹੈ। ਉਸਦੀ ਇਹੀ ਸੂਝ ਸਥਾਪਤ ਰਾਜਨੀਤੀ ਨੂੰ ਦੋਸ਼ੀ ਠਹਿਰਾਉਂਦੀ ਹੈ। ਉਸਦੇ ਕਾਵਿ ਦੀ, ਖ਼ੂਬਸੂਰਤੀ ਇਹ ਹੈ ਕਿ ਉਹ ਯਥਾਰਥ ਅਨੁਭਵ ਦੀ ਪੇਸ਼ਕਾਰੀ ਕਰਨ ਵੇਲੇ ਆਪਣੇ ਸ਼ਬਦਾਂ ਨੂੰ ਕਲਾਤਮਕ ਢੰਗ ਵਿਚ ਪੇਸ਼ ਕਰਦਾ ਹੈ। ਪਾਤਰ ਅਜੋਕੇ ਮਨੁੱਖ ਦੀ ਤ੍ਰਾਸਦੀ ਅਤੇ ਸੰਕਟਮਈ ਸਥਿਤੀ ਨੂੰ ਸਮਝਦਾ ਹੈ। ਜਦੋਂ ਪਾਤਰ ਪੰਜਾਬ ਨੂੰ 'ਨਜ਼ਰ ਲੱਗਣ ਦੀ ਗੱਲ ਕਰਦਾ ਹੈ ਤਾਂ ਘਰ-ਘਰ ਪੈਂਦੇ ਵੈਣਾਂ ਦੀਆਂ ਚੀਕਾਂ ਅਸਮਾਨ ਪਾੜਦੀਆਂ ਦਿਖਾਈ ਦਿੰਦੀਆਂ ਹਨ। ਹਾਲਾਤਾਂ ਦੀ ਪੇਸ਼ਕਾਰੀ ਕਰਦਾ ਹੋਇਆ ਪਾਤਰ ਕਿਸੇ ਤਰਕਸ਼ੀਲ ਸੋਚ, ਨਿਆਂਇਕ ਸਾਸ਼ਨ ਪ੍ਰਬੰਧ ਅਤੇ ਸੁਲਝੀ ਹੋਈ

ਰਾਜਨੀਤੀ ਦੀ ਕਾਮਨਾ ਕਰਦਾ ਹੈ। ਪੰਜਾਬ ਸੰਕਟ ਦੀ ਪੇਸ਼ਕਾਰੀ ਕਰਦੀ ਉਸਦੀ ਕਵਿਤਾ 'ਨਜ਼ਰ'

ਲੱਗੀ ਨਜ਼ਰ ਪੰਜਾਬ ਨੂੰ ਏਦ੍ਹੀ ਨਜ਼ਰੀ ਉਤਾਰੋ।
ਲੈ ਕੇ ਮਿਰਚਾਂ ਕੌੜੀਆਂ, ਏਦੇ ਸਿਰ ਤੋਂ ਵਾਰੋ।
...
ਵੱਢਣ ਵਾਲੇ ਕੌਣ ਸਨ, ਇਹ ਭੇਤ ਨਾ ਲੱਗਾ।
ਪਰ ਬੇਦੋਸ਼ਾਂ ਖ਼ੂਨ ਤਾਂ ਪੱਗਾਂ ਸਿਰ ਲਗਾ।
ਜਿਥੋਂ ਤੱਕ ਛਾਂ ਤਖਤ ਦੀ, ਅੱਗਾਂ ਹੀ ਅੱਗਾਂ।
ਚੌਕ-ਚੁਰਾਹੇ ਸੜਦੀਆਂ ਪੱਗਾਂ ਹੀ ਪੱਗਾਂ।'

ਉਪਰੋਕਤ ਕਾਵਿ ਬੰਦਾਂ ਵਿਚ ਧਰਮ ਦੇ ਨਾਂ ਤੇ ਵਾਪਰੇ ਦੁਖਾਂਤ, ਮਨੁੱਖੀ ਬੇਪਰਤੀਤੀ, ਮਨੁੱਖਤਾ ਦੇ ਹੋਏ ਘਾਣ ਦੀ ਪੇਸ਼ਕਾਰੀ ਕਵੀ ਨੇ ਯਥਾਰਥਕ ਕਲਾਮਈ ਢੰਗ ਵਿਚ ਕੀਤੀ ਹੈ। ਕਵੀ ਮਨੁੱਖੀ ਘਾਣ ਦੀ ਗੱਲ ਕਰਦਾ ਹੋਇਆ ਇਹ ਇਸ਼ਾਰਾ ਕਰ ਰਿਹਾ ਹੈ ਪੰਜਾਬ ਜੋ ਕਿ ਗੁਰੂਆਂ, ਪੀਰਾਂ ਫਕੀਰਾਂ ਦੀ ਧਰਤੀ ਮੰਨੀ ਗਈ ਹੈ। ਇਸ ਨੂੰ ਨਜ਼ਰ ਲੱਗ ਗਈ ਹੈ ਇਸ ਕਰਕੇ ਉਹ ਕੌੜੀਆਂ ਮਿਰਚਾਂ ਰਾਹੀਂ ਨਜ਼ਰ ਉਤਾਰਨ ਦੀ ਗੱਲ ਕਰਦਾ ਹੈ । ਸ਼ਾਤੀ, ਅਮਨ ਦੀ ਕਾਮਨਾ ਕਰਨ ਵੱਲ ਸੰਕੇਤ ਕਰਨਾ ਹੈ। ਪੰਜਾਬ ਸੰਕਟ ਬਾਰੇ ਰਚੀ ਕਵਿਤਾ ਪਾਤਰ ਦੀ ਸਿਰਮੌਰ ਪ੍ਰਾਪਤੀ ਹੈ। ਪੰਜਾਬ ਦੀ ਦਰਦਨਾਕ ਹਾਲਤ, ਖੌਫ਼, ਹਿੰਸਾ, ਕਤਲੇਆਮ, ਫ਼ਿਰਕੂ ਫਸਾਦ ਸਰਕਾਰੀ ਸਾਜਿਸ਼ਾਂ ਨੂੰ ਬੜੇ ਬੇਬਾਕ ਅਤੇ ਖੜਕਵੇ ਬੋਲਾਂ ਵਿਚ ਸਿਰਜਿਆ ਹੈ। ਉਸਦੀ ਸ਼ਾਇਰੀ ਪੰਜਾਬੀਆਂ ਦਾ ਮਾਣ ਚਿੰਨ੍ਹ ਹੋ ਨਿਬੜੀ ਹੈ। ਚਿਨ੍ਹਾਂ ਦੀ ਸਿਰਜਨਾ ਪੱਖੋਂ ਉਹ ਪੰਜਾਬੀ ਪ੍ਰਗੀਤਕ ਕਵਿਤਾ ਦਾ ਸ਼ਾਹਸਵਾਰ ਕਵੀ ਹੈ। ਪਾਤਰ ਨੂੰ ਭਾਵਾਂ ਦੇ ਸੰਚਾਰ ਲਈ ਕਦੇ ਵੀ ਢੁੱਕਵੇਂ ਬਿੰਬਾਂ ਚਿਨ੍ਹਾਂ ਦੀ ਘਾਟ ਮਹਿਸੂਸ ਨਹੀਂ ਹੋਈ। ਉਹ ਆਪਣੀ ਸ਼ਾਇਰੀ ਅਨੁਕੂਲ ਲਫ਼ਜ਼ਾਂ ਦੀ ਵਰਤੋਂ ਕਰਨਾ ਬਾਖ਼ੂਬੀ ਜਾਣਦਾ ਹੈ। ਉਸਦੇ ਕਾਵਿ ਵਿਚ ਇੱਕ ਸੰਕਲਪ ਹਾਜ਼ਰ ਹੈ ਜੋ ਭ੍ਰਾਤੀਆਂ ਨੂੰ ਤੋੜਨ ਪ੍ਰਤੀ ਸੁਚੇਤ ਹੈ ਅਤੇ ਰਾਜਸੀ ਸਮਾਜਿਕ ਅਨਾਚਾਰ ਨੂੰ ਝੱਲਣ, ਜਰਨ ਦੇ ਨਾਲ ਸੰਭਾਵਿਤ ਬਦਲਾਅ ਦੀ ਪ੍ਰੇਰਨਾ ਦਿੰਦਾ ਹੈ। ਨਿਰਾਸ਼ਾ ਤੋਂ ਆਸ਼ਾ ਵੱਲ ਦਾ ਸਫ਼ਰ ਤੈਅ ਕਰਦਾ ਹੈ। ਉਸ ਅੰਦਰਲਾ ਕਵੀ ਪੰਜਾਬੀ ਸਿਰਜਣਾਤਮਕ ਧਰਾਤਲ ਵਿਚ ਪਈਆਂ ਸਾਹਿਤਕ ਜੁਗਤਾਂ, ਧੁਨਾਂ, ਚਿੰਨਾਂ, ਪ੍ਰਤੀਕਾਂ ਨੂੰ ਸਾਂਝੀਵਾਲਤਾ ਦੇ ਚਿਹਨਕ ਰਾਹੀਂ ਪੇਸ਼ ਕਰਦਾ ਹੈ।

**ਔਰਤ-ਮਰਦ ਨਾਲ ਸੰਬੰਧਤ ਰਿਸ਼ਤਿਆਂ ਨਾਲ/ਕਾਮਨਾ ਦਾ ਚਿਹਨ** : ਸੁਰਜੀਤ ਪਾਤਰ ਆਪਣੀ ਮਾਨਵਵਾਦੀ ਮਨੋਬਿਰਤੀ ਸੋਗੀ ਸੁਰ, ਪ੍ਰਗੀਤਕ ਰੰਗ ਅਤੇ ਤਰਕ ਸਿਰਜਣ ਪੱਖੋਂ ਸਿਰਮੌਰ ਸ਼ਾਇਰ ਹੈ। ਪਾਤਰ ਮਨੁੱਖੀ ਅੱਸਤਿਤਵ ਨੂੰ ਆਧੁਨਿਕ ਸਮਾਜਿਕ ਵਿਵਸਥਾ ਅਨੁਕੂਲ ਬਦਲਦੀ ਜੀਵਨ ਵਿਧੀ ਨੂੰ ਪੇਸ਼ ਕਰਨ ਵਿਚ ਸਮਰੱਥ ਕਵੀ ਹੈ। ਜੀਵਨ ਦੇ ਅੰਤਰ ਵੇਗਾਂ, ਅੰਤਰ ਦਵੰਦਾਂ, ਉਸਾਰਾਂ ਅਤੇ ਉਲਾਰਾਂ ਦੀਆਂ ਦਿਸਦੀਆਂ ਅਣਦਿਸਦੀਆਂ ਪਰਤਾਂ ਨੂੰ ਆਪਣੀ ਤਾਰਕਿਕ ਦ੍ਰਿਸ਼ਟੀ ਨਾਲ ਬੋਲਣ, ਸਮਝਣ ਅਤੇ ਸਿਰਜਣ ਵਿਚ ਸਮਰੱਥ ਹੈ। ਪਾਤਰ ਮਨੁੱਖ ਅੰਦਰਲੇ ਦਵੰਦਾਂ ਅਤੇ ਸਵੈ ਉੱਤੇ ਭਾਰੂ ਬਾਹਰਲੇ ਸਮਾਜਿਕ ਦਬਾਵਾਂ ਕਾਰਨ ਉਪਜੀ ਦਰਦਮਈ ਅਤੇ ਸੋਗਮਈ ਸਥਿਤੀ ਉਸਦੀ ਮੂਲ ਸਿਰਜਣ ਭੂਮੀ ਬਣ ਜਾਂਦੀ ਹੈ। ਪਾਤਰ ਦੇ ਕਾਵਿ ਵਿਚ ਉਦਾਸੀ, ਬੇਗਾਨਗੀ, ਅਣਹੋਂਦ, ਅਧੂਰਾਪਨ ਆਦਿ ਝਲਕਦੇ ਹਨ। ਪਾਤਰ ਦਾ ਪਿਆਰ ਅਨੁਭਵ ਮੂਲ ਰੂਪ ਵਿਚ ਵਿਯੋਗ, ਤਨਹਾਈ, ਬੇਬਸੀ, ਉਦਾਸੀ ਅਤੇ ਬੇਕਰਾਰੀ ਵਾਲਾ ਹੈ। ਪਾਤਰ ਕਾਵਿ ਵਿਚ ਅਜਿਹੇ ਨਾਇਕ ਦੀ ਰਚਨਾ ਹੋਈ ਹੈ, ਜੋ ਪਿਆਰ ਲਈ ਉੱਛਲਦਾ ਅਤੇ ਮਚਲਦਾ ਤਾਂ ਹੈ ਪਰ ਨਾਲੋਂ ਨਾਲ ਮਰਯਾਦਾ ਦੇ ਅਖੌਤੀ ਬੰਧਨਾਂ ਵਿਚ ਬੱਝਿਆ ਹੋਇਆ ਉਦਾਸ ਪ੍ਰਤੀਤ ਹੁੰਦਾ ਹੈ। ਉਹ ਸ਼ਾਇਦ ਪਿਆਰ ਤੋਂ ਅਸੰਤੁਸ਼ਟ ਹੈ। ਪਰ ਉਹ ਸਵੈ ਸੱਜਰੇ ਪਿਆਰ ਦੀ ਕਾਮਨਾ ਕਰਦਾ ਹੈ। ਪਾਤਰ ਦੀ ਇਹ ਪਿਆਰ ਅਤ੍ਰਿਪਤੀ ਕਦੇ ਵਿਅੰਗ, ਕਦੇ ਉਪਹਾਸ, ਉਦਾਸੀ, ਇਕੱਲੇਪਨ ਵਿਚ ਪ੍ਰਗਟ ਹੁੰਦੀ ਹੈ। ਅਜਿਹੀ ਮਨੁੱਖੀ ਸੰਵੇਦਨਾ ਵਿਚ ਮਨੁੱਖ ਚਾਹੁੰਦਿਆਂ ਹੋਇਆਂ ਵੀ ਆਪਣੇ ਸਮਾਜਿਕ ਤਾਣੇ-ਬਾਣੇ ਦੇ ਬੰਧਨਾਂ ਵਿਚ ਪ੍ਰੇਮ ਪ੍ਰਤੀ ਪਿਆਸਾ ਰਹਿ ਜਾਂਦਾ ਹੈ। ਇਹੀ ਦਰਦ, ਦੁਖਾਂਤ, ਬੇਬਸੀ, ਲਾਚਾਰੀ, ਚਿੰਤਾ ਪਾਤਰ ਕਾਵਿ ਦੇ ਪਿਆਰ ਕਾਵਿ ਦਾ ਪ੍ਰਮੁੱਖ ਚਿਹਨਕ ਹੈ।

**ਸੁਖਵਿੰਦਰ ਅੰਮ੍ਰਿਤ ਦੇ ਸ਼ਬਦਾਂ ਅਨੁਸਾਰ** : 'ਸੱਭਿਅਤਾ ਦੀਆਂ ਬੇੜੀਆਂ ਵਿਚ ਤੜਫਦੀ ਪਿਆਰ-ਭਾਵਨਾ ਦਾ ਧਿਆਨ ਸ਼ਾਇਦ ਹੀ ਕਿਸੇ ਹੋਰ ਕਵੀ ਨੇ ਏਨੀ ਸ਼ਿੱਦਤ ਨਾਲ ਕੀਤਾ ਹੋਵੇ ਜਿਵੇਂ ਪਾਤਰ ਸਾਹਿਬ ਨੇ ਆਪਣੀ ਸ਼ਾਇਰੀ ਵਿਚ ਕੀਤਾ ਹੈ। ਰਾਧਾ ਨੂੰ ਮੋਹਣ ਵਾਲੀ ਬੰਸਰੀ ਦੀ ਧੁਨ ਰੁਕਮਣੀ ਦੀ ਖਾਮੋਸ਼ ਵਿਲਕਣੀ ਨੂੰ ਸੁਣਨ ਵਾਲੇ ਕ੍ਰਿਸ਼ਨ ਦੀ ਕਲਪਨਾ ਸਿਰਫ਼ ਉਨ੍ਹਾਂ ਦੀ ਕਵਿਤਾ ਵਿਚ ਹੀ ਮਿਲਦੀ ਹੈ। ਇਸ ਕਵਿਤਾ ਵਿਚ ਉਸ ਤੜਫਦੇ ਪਲ ਦਾ ਜ਼ਿਕਰ ਆਉਂਦਾ ਹੈ, ਜਦੋਂ ਕੋਈ ਸੰਵੇਦਨਸ਼ੀਲ ਆਪਣੀ ਮੁਹੱਬਤ ਦੇ ਜਹਾਨ ਦੀ ਜ਼ਮੀਨ ਨੂੰ ਛੂਹਣ ਲੱਗਦਾ ਹੈ ਤਾਂ ਉਸ ਦੇ ਮਨ ਅੰਦਰ ਅਨੇਕਾਂ ਸੰਸਕਾਰਾਂ, ਸਦਾਚਾਰ ਤੇ ਅਖੌਤੀ ਪਵਿੱਤਰਤਾ ਦੇ ਚਿੰਨ ਵਿਰਲਾਪ ਕਰਦੇ ਹਨ।

ਉਦਾਹਰਨ :

ਮੈਂ ਛੂਹਣ ਲੱਗਾ ਤੈਨੂੰ ਬਹੁ-ਚੀਤਕਾਰ ਹੋਇਆ
ਅੰਧੇਰ ਤੜਪ ਉਠੇ ਸੌ ਸੰਖ ਨਾਦ ਵਿਲਕੇ
ਘੜਿਆਲ ਖੜਕ ਉੱਠੇ....

ਉਹ ਇਸ ਵਿਰਲਾਪ ਨੂੰ ਤਾਂ ਅਣਸੁਣਿਆ ਕਰ ਸਕਦਾ ਹੈ ਪਰ ਰੁਕਮਣੀ ਦੀ ਖਾਮੋਸ਼ ਵਿਲਕਣੀ ਨੂੰ ਨਹੀਂ।

ਮੈਂ ਹੋਂਠ ਦੂਰ ਕੀਤੇ
ਰਾਧਾ ਨੂੰ ਮਹੋਣ ਵਾਲੀ ਇਸ ਮਧੁਰ ਬੰਸਰੀ ਤੋਂ ਡਰਿਆ ਮੈਂ ਰੁਕਮਣੀ ਦੀ ਖਾਮੋਸ਼ ਵਿਲਕਣੀ ਤੋਂ8

ਰੁਕਮਣੀ ਦੀ ਖਾਮੋਸ਼ ਵਿਲਕਣੀ, ਉਸਦੀ ਦੀ ਤੜ੍ਹਫ ਦਾ ਅਹਿਸਾਸ ਕਰਾਉਂਦੀ ਹੈ। ਮਨੁੱਖੀ ਹਿਰਦੇ ਦੀ ਤੜ੍ਹਫ ਵਾਲੇ ਭਾਵ ਇਸ ਕਾਵਿ ਨੂੰ ਪ੍ਰਗੀਤਕਤਾ ਦਾ ਧਾਰਨੀ ਬਣਾਉਂਦੇ ਹੈ।

ਸੱਭਿਅਤਾ ਦੀਆਂ ਬੇੜੀਆਂ ਵਿਚ ਫਸੀ ਅਧੂਰੀ ਕਾਮਨਾ ਨੂੰ ਪੇਸ਼ ਕਰਦੀਆਂ ਕੁਝ ਹੋਰ

ਉਦਾਹਰਨਾਂ :

ਇਓਂ ਮਨੁੱਖ ਦੀ ਭਾਵਨਾ ਉਲਝੀ ਪਈ ਏਂ
ਕਾਮਨਾ ਵਿਚ ਵਰਜਣਾ ਉਲਝੀ ਪਈ9
ਇੱਕ ਸ਼ਾਮ ਉਸ ਨੇ ਦੂਰੀਆਂ ਦਾ ਜ਼ਹਿਰ ਪੀ ਲਿਆ
ਉਸ ਨੂੰ ਕਿਸੇ ਦੀ ਨੇੜਤਾ ਦੀ ਏਨੀ ਪਿਆਸ ਸੀ

ਉਪਰੋਕਤ ਕਾਵਿ ਟੁਕੜੀਆਂ ਵਿਚ ਪ੍ਰਗੀਤਕਤਾ ਸਹਿਜੇ ਹੀ ਦ੍ਰਿਸ਼ਟੀਗੋਚਰ ਹੋ ਰਹੀ ਹੈ।

**ਜਸਵਿੰਦਰ ਸਿੰਘ ਦੇ ਅਨੁਸਾਰ** : "ਆਧੁਨਿਕ ਸੰਵੇਦਨਾ ਨੇ ਜਿਵੇਂ ਮਨੁੱਖੀ ਰਿਸ਼ਤਿਆਂ ਵਿਚੋਂ ਮੋਹ ਭੰਜਨ ਕੀਤਾ ਹੈ। ਮਨੁੱਖ ਨੂੰ ਮਨੁੱਖ ਦੀ ਅਧੂਰੀ ਕੁਠਿਤ ਬੀਮਾਰ ਕ੍ਰਾਂਤੀਮੂਲਕ ਚੇਤਨਾ ਕਿਵੇਂ ਉਸਨੂੰ ਸੁਚੇਤ ਤੌਰ 'ਤੇ ਚਾਹੁੰਦਿਆਂ ਵੀ ਪਿਆਸਾ ਰੱਖਦੀ ਹੈ, ਇਹ ਚਿੰਤਾ, ਦਰਦ, ਦੁਖਾਂਤ, ਉਦਾਸੀ, ਪਾਤਰ ਦੇ ਪਿਆਰ ਕਾਵਿ ਦਾ ਪ੍ਰਮੁੱਖ ਉਚਾਰ ਹੈ।"11

ਪਾਤਰ ਕਾਵਿ ਵਿਚ ਸਮਕਾਲੀ ਮਨੁੱਖ ਦੀ ਆਤਮ ਗਿਲਾਨੀ, ਦੁਬਿਧਾ, ਉਦਾਸੀ, ਮਾਨਸਿਕ ਵਿਸੰਗਤੀਆਂ ਦਾ ਸ਼ਿਕਾਰ ਹੈ। ਇਨ੍ਹਾਂ ਕੁਰੀਤੀਆਂ ਹੇਠ ਮਨੁੱਖ ਦਮ ਤੋੜ ਰਿਹਾ ਹੈ। ਮਨੁੱਖੀ ਪੀੜਾ, ਕਰੁਣਾ ਅਤੇ ਨਿਰਾਸ਼ਾ ਦਾ ਕਾਰਨ ਮਾਨਸਿਕ ਅਸੰਤੁਲਨ ਹੈ। ਇਨ੍ਹਾਂ ਸਾਰੇ ਮਨੋਭਾਵਾਂ ਕਾਰਨ ਕਵਿਤਾ ਪ੍ਰਗੀਤਕ ਹੋ ਨਿਬੜੀ ਹੈ।

ਉਦਾਹਰਨ :

ਪੀਲੇ ਪੱਤਿਆ 'ਤੇ ਪੱਬ ਧਰ ਹਲਕੇ
ਹਰ ਸ਼ਾਮ ਅਸੀਂ ਭਟਕੇ ਪੌਣਾ ਵਿਚ ਰਲਕੇ
ਨਾ ਤੇਰੇ ਦਰ ਨਾ ਮੇਰੇ ਦਸਤਕ ਹੋਈ
ਇੱਕ ਉਮਰਾਂ ਚਲੀ ਅਸੀ ਨਾਂ ਆਏ ਚਲਕੇ।12
ਰਾਹਾਂ 'ਚ ਕੋਈ ਹੋਰ ਹੈ ਚਾਹਾਂ 'ਚ ਕੋਈ ਹੋਰ
ਬਾਹਾਂ 'ਚ ਕਿਸੇ ਹੋਰ ਦੀਆਂ ਬਿਖਰੇ ਪਏ ਨੇ।13
ਮੈਂ ਬਿਰਖ ਬਣ ਗਿਆ ਸਾਂ ਉਹ ਪੌਣ ਹੋ ਗਈ ਸੀ।
ਕਿੱਸਾ ਹੈ ਸਿਰਫ਼ ਏਨਾ ਆਪਣੀ ਤਾਂ ਆਸ਼ਕੀ ਦਾ।14

ਸੁਰਜੀਤ ਪਾਤਰ ਕਾਵਿ ਵਿਚ ਸਭਿਆਚਾਰਕ ਸੰਸਕ੍ਰਿਤੀ ਅਤੇ ਕਾਮਨਾ ਦੇ ਤਣਾਉ ਦਾ ਚਿਹਨਕ ਬਾਖੂਬੀ ਦੇਖਣ ਨੂੰ ਮਿਲਦਾ ਹੈ। ਕਾਮ-ਭੋਗੀ-ਜੋਨੀ ਭਾਵਨਾ ਦੇ ਅੰਸ਼ ਪਾਤਰ ਕਾਵਿ ਵਿਚ ਭਰਪੂਰ ਹਨ। ਜਦੋਂ ਇਹ ਪਿਆਰ (ਕਾਮ) ਭਾਵਨਾਵਾਂ ਤ੍ਰਿਪਤ ਨਹੀ ਹੁੰਦੀਆਂ ਤਾਂ ਕਵੀ ਨੂੰ ਆਪਣਾ ਹਿਰਦਾ ਪੀੜਾ ਨਾਲ ਵਿਰਲਾਪ ਕਰਦਾ ਮਹਿਸੂਸ ਹੁੰਦਾ ਹੈ। ਇਹ ਅਤ੍ਰਿਪਤ ਭਾਵਨਾਵਾਂ ਹੀ ਕਵੀ ਨੂੰ ਬੇਚੈਨ ਕਰਦੀਆਂ ਹਨ ਅਤੇ ਕਵੀ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੇ ਯਤਨ ਕਰਦਾ ਹੈ। ਡਾ. ਯੋਗਰਾਜ ਇਸ ਬਾਰੇ ਵਿਚਾਰ ਕਰਦੇ ਹੋਏ ਲਿਖਦੇ ਹਨ :

'ਸੁਰਜੀਤ ਪਾਤਰ ਦੀ ਕਵਿਤਾ ਵਿਚ ਵੇਗਮੁਖੀ ਜਾਂ ਲੋਕਧਾਰਾਈ ਆਧਾਰਾਂ ਤੋਂ ਵੱਖਰੀ ਅਤੇ ਵਿਲੱਖਣ ਹੈ। ਉਸਦੀ ਕਵਿਤਾ ਵਿਚ ਕਾਮਨਾਮੁਖੀ ਵਿਅਕਤੀ (Individual) ਆਪਣੇ ਅਵਚੇਤਨ ਵਿਚ ਗੁਨਾਹ ਦੇ ਅਹਿਸਾਸ ਨਾਲ ਭਰਿਆ ਹੋਇਆ ਹੈ। ਸਮਾਜ ਵਲੋਂ ਨਿਰਧਾਰਿਤ ਕੀਤੇ ਗਏ ਰਿਸ਼ਤੇ ਇਸ ਵਿਅਕਤੀ ਹੋਂਦ ਦੀ ਕਾਮਨਾ ਨਾਲ ਤਣਾਅ ਦੇ ਰਿਸ਼ਤੇ ਵਜੋਂ ਗੁਨਾਹ ਦੇ ਅਹਿਸਾਸ ਨਾਲ ਲੈਸ ਹਨ। ਇਹ ਅਹਿਸਾਸ ਸਮਾਜਿਕ ਜਿੰਮੇਵਾਰੀ ਦਾ ਹੈ ਜਾਂ ਵਫਾਂ ਪਾਲਣ ਦਾ ਬਾਰੇ ਪਾਠਕ ਖੁਦ ਅਸਮੰਜਸ ਦੀ ਸਥਿਤੀ 'ਚੋਂ ਇਸ ਕਵਿਤਾ ਨੂੰ ਪੜਦਾ ਜਾਂ ਮਾਣਦਾ ਹੈ। ਸੁਰਜੀਤ ਪਾਤਰ ਦੀ ਕਵਿਤਾ ਦੀ ਵਿਲੱਖਣਤਾ ਇਹ ਹੈ। ਕਿ ਉਹ ਵਿਅਕਤੀ ਕਾਮਨਾ ਦੀ ਪ੍ਰਕਿਰਤੀ ਮੁੱਖੀ ਸੁਭਾਅ ਅਤੇ ਸਮਾਜਮੁਖੀ ਚੇਤਨਾ ਨੂੰ ਤਣਾਅ ਦੇ ਰੂਪ ਵਿਚ ਪੇਸ਼ ਕਰਕੇ, ਕਵਿਤਾ ਦੇ ਪ੍ਰਭਾਵ ਨੂੰ ਅੰਕਿਤ ਕਰ ਦਿੰਦਾ ਹੈ। ਇਸ ਪੱਖ ਤੋਂ ਉਸਦੀਆਂ ਤਿੰਨ ਕਵਿਤਾਵਾਂ, ਅੰਤਰ, ਸੰਵਾਦ ਮੈਂ ਛੂਹਣ ਲੱਗਾ ਤੈਨੂੰ, ਮੈਂ ਤੁਰਦਾ ਹਾਂ ਤੇਰੇ ਵੱਲ) ਵਿਸ਼ੇਸ਼ ਧਿਆਨ ਖਿੱਚਦੀਆਂ ਹਨ।

ਪਾਤਰ ਪਿਆਰ ਜਾਂ (ਕਾਮ) ਨੂੰ ਬਹੁਤ ਹੀ ਸ਼ਕਤੀਸ਼ਾਲੀ ਮਨੋਵੇਗ ਦੇ ਰੂਪ ਵਿਚ ਪੇਸ਼ ਕਰਦਾ ਹੈ। ਉਸ ਦੇ ਕਾਵਿ ਵਿਚ ਪੇਸ਼ ਔਰਤ-ਮਰਦ ਸੰਬੰਧ ਦਾ ਆਧਾਰ ਸੁਤੰਤਰਤਾ ਨਹੀਂ ਬਲਕਿ ਸਮਾਜਿਕ ਨੇਮ/ਵਰਜਣਾ ਹੈ। ਮਾਨਸਿਕ ਤਣਾਓ ਅਜੋਕੇ ਮਨੁੱਖ ਦੀ ਮਾਨਸਿਕਤਾ ਦਾ ਅਟੁੱਟ ਅੰਗ ਬਣ ਚੁੱਕਿਆ ਹੈ। ਪਾਤਰ ਕਾਵਿ ਵਿਚ ਸਮਾਜ ਦੁਆਰਾ ਪਿਆਰ 'ਤੇ-ਲਾਈਆਂ ਪਾਬੰਦੀਆਂ

ਦਾ ਜ਼ਿਕਰ ਬਾਰ-ਬਾਰ ਪੇਸ਼ ਹੋਇਆ ਹੈ। ਸਮਾਜ ਹਮੇਸ਼ਾ ਤੋਂ ਹੀ ਪਿਆਰ ਭਾਵਨਾਵਾਂ ਨੂੰ ਸਮਾਜਿਕ ਨੇਮਾਂ ਦੇ ਨਾਂ ਤੇ ਕੁਚਲਦਾ ਆਇਆ ਹੈ। ਸਮਾਜਿਕ ਵਰਤਾਰੇ ਤੇ ਕਾਬਜ਼ ਲੋਕ ਪਿਆਰ (ਕਾਮ) ਬਾਰੇ ਵਿਸ਼ੇ ਨੂੰ ਕਦੇ ਵੀ ਸਮਾਜਿਕ ਮਾਨਤਾ ਨਹੀਂ ਦੇਣਗੇ। ਸਥਾਪਤ ਨਿਜ਼ਾਮ, ਸਮਾਜਿਕ ਨੈਤਿਕ ਕਦਰਾਂ-ਕੀਮਤਾਂ, ਰੋਕਾਂ-ਟੋਕਾਂ, ਬੰਦਿਸ਼ਾਂ ਕਾਰਨ ਮਨੁੱਖ ਆਪਣੀਆਂ ਮਨੋਬਿਰਤੀਆਂ ਮਨੋਭਾਵਾਂ ਨੂੰ ਪੂਰਨ ਕਰਨ ਵਿਚ ਅਸਮਰਥ ਹੋਇਆ ਜਾਪਦਾ ਦਿਖਾਈ ਦਿੰਦਾ ਹੈ। ਸਮਾਜਿਕ ਬੰਧਨਾਂ ਵਿਚ ਬੱਝਿਆ ਮਨੁੱਖ ਆਪਣੀਆਂ ਅਕਾਖਿਆਵਾਂ ਦਾ ਦਮਨ ਕਰ ਲੈਂਦਾ ਹੈ। ਪਰ ਇਹ ਇਛਾਵਾਂ ਕਿਤੇ-ਕਿਤੇ ਫੇਰ ਖੰਭਖਿਲਾਰਦੀਆਂ ਹਨ ਪਰ ਉਡਾਰੀ ਨਹੀ ਭਰ ਸਕਦੀਆਂ।

ਕਵੀ ਆਪਣੇ ਮਨੋਭਾਵਾਂ, ਜਜ਼ਬਿਆਂ ਨੂੰ ਕਾਵਿ ਰਾਹੀਂ ਪ੍ਰਗਟਾਉਣ ਦਾ ਯਤਨ ਸੁਚੇਤ ਰੂਪ ਵਿਚ ਕਰਦਾ ਹੈ। ਉਹ ਕੇਵਲ ਆਪਣੇ ਆਂਤਰਿਕ ਭਾਵਾਂ ਦੀ ਪੇਸ਼ਕਾਰੀ ਕਰਦਾ ਹੋਇਆ ਆਪਣੇ ਸ਼ਬਦਾਂ ਦੇ ਇਰਦ-ਗਿਰਦ ਵੀ ਘੁੰਮਦਾ ਰਹਿੰਦਾ ਹੈ। ਤਾਂ ਜੋ ਵਾਸਨਾ ਅਤੇ ਸਦਾਚਾਰਕ ਕੀਮਤਾਂ ਵਿਚਲਾ ਪਰਦਾ ਬਣਿਆ ਰਹੇ ਅਤੇ ਵਾਸ਼ਨਾਂ ਅਧੂਰੀ ਕਾਮਨਾ (ਕਾਮ) ਇਛਾਵਾਂ ਨੂੰ ਕਾਵਿ ਕਲਾ ਰਾਹੀਂ ਤ੍ਰਿਪਤ ਕੀਤਾ ਜਾ ਸਕੇ।

**ਬਿਰਖ ਅਤੇ ਰੁੱਖ ਦਾ ਚਿਹਨਕ** : ਸੁਰਜੀਤ ਪਾਤਰ ਸਭਿਆਚਾਰ ਨਾਲ ਜੁੜੇ ਵਸਤੂ ਯਥਾਰਥ ਅਤੇ ਕੁਦਰਤੀ ਚਿਹਨਾਂ ਦੀ ਵਰਤੋਂ ਆਪਣੇ ਕਾਵਿ ਵਿਚ ਕਰਦਾ ਹੈ। ਪਾਤਰ-ਕਾਵਿ ਦਾ ਚਰਿੱਤਰ ਚਿਹਨਾਤਮਕ ਹੈ। ਇਨ੍ਹਾਂ ਦੇ ਮਾਧਿਅਮ ਰਾਹੀਂ ਕੀਤੀ ਗਈ ਵਿਉਂਤਬੱਧ ਸ਼ਾਇਰੀ ਬਹੁਅਰਥਕ ਹੋ ਨਿਬੜਦੀ ਹੈ। ਸੁਰਜੀਤ ਪਾਤਰ ਦੁਆਰਾ ਰਚਿਤ ਕਾਵਿ ਸੰਗ੍ਰਹਿ 'ਬਿਰਖ ਅਰਜ਼ ਕਰੇ' ਅਤੇ 'ਹਨੇਰੇ ਵਿਚ ਸੁਲਗਦੀ ਵਰਣਮਾਲਾ ਪਾਠਕ ਅੱਗੇ ਜੀਵਨ ਦੀ ਵਿਸ਼ਾਲ ਤਸਵੀਰ ਪ੍ਰਕਿਰਤੀ ਦੇ ਵੰਨ-ਸੁਵੰਨੇ ਰੰਗਾਂ ਰਾਹੀਂ ਚਿਹਨਕ ਰੂਪ ਵਿਚ ਪੇਸ਼ ਕਰਦੇ ਹਨ। ਕੋਈ ਵੀ ਕਲਾ-ਕ੍ਰਿਤ ਜਾਂ ਕਾਵਿ ਉਸ ਸਮਾਜਿਕ ਸਮੂਹ ਦੀ ਹੀ ਪੈਦਾਵਾਰ ਹੁੰਦੀ ਹੈ ਜਿਸ ਦਾ ਉਹ ਵਿਅਕਤੀ ਜਾਂ ਕਵੀ ਜਿਸ ਦੀ ਉਹ ਰਚਨਾ ਹੈ, ਮੈਂਬਰ ਹੈ। ਇੱਕਲਾ ਵਿਅਕਤੀ ਨਾ ਕਿਸੇ ਸੱਭਿਆਚਾਰ ਦੀ ਸਿਰਜਣਾ ਕਰ ਸਕਦਾ ਹੈ। ਨਾਂ ਹੀ ਭਾਸ਼ਕ ਚਿਹਨਾਂ ਦੀ ਕਿਉਂਕਿ ਭਾਸ਼ਕ ਚਿਹਨ ਕਿਸੇ ਸੱਭਿਆਚਾਰਕ ਸਮੂਹ ਦੀ ਵੀ ਪੈਦਾਵਾਰ ਹਨ ਅਤੇ ਸੱਭਿਆਚਾਰਕ ਸਮੂਹ ਉਹ ਸੰਗਠਨ ਅਤੇ ਜੋ ਕਿ ਭਾਸ਼ਕ ਚਿਹਨਾਂ ਦੀ ਸਮੁੱਚੇ ਤੌਰ/ਸਾਂਝੇ ਤੌਰ ਤੇ ਵਰਤੋਂ ਕਰਦੇ ਹਨ। ਸੋ ਸੁਰਜੀਤ ਪਾਤਰ ਦੇ ਕਾਵਿ ਸੰਗ੍ਰਹਿ 'ਹਨੇਰੇ ਵਿਚ ਸੁਲਗਦੀ ਵਰਣਮਾਲਾ' ਪੰਜਾਬੀ ਸੱਭਿਆਚਾਰ ਦੀ ਸਮੁੱਚਤਾ ਵਿਚੋਂ ਪੈਦਾ ਹੋਈ ਰਚਨਾ ਹੈ।

ਸੰਯੁਕਤ ਚਿਹਨਾਂ (ਕਾਵਿ ਚਿਹਨਾਂ) ਦੀ ਵਰਤੋਂ ਰਾਹੀਂ ਕਾਵਿ ਬਿੰਬਾਂ ਦੀ ਸਿਰਜਣਾ ਆਮ ਪ੍ਰਚਲਿਤ ਹੈ। ਸੁਰਜੀਤ ਪਾਤਰ ਆਪਣੇ ਕਾਵਿ ਸੰਗ੍ਰਹਿ ਵਿਚ ਵਧੇਰੇ ਕਰਕੇ ਜੰਗਲ, ਪਸ਼ੂ, ਬਨਸਪਤੀ, ਟਾਹਣੀਆਂ, ਫੁੱਲਾਂ, ਪੌਦਿਆਂ, ਰੁੱਖਾ ਦੇ ਝੁੰਡਾਂ, ਸਾਖਾਂ, ਪੱਤਿਆਂ ਆਦਿ ਨੂੰ ਚਿਹਨ ਦੇ ਰੂਪ ਵਿਚ ਪੇਸ਼ ਕਰਦਾ ਹੈ। ਪਾਤਰ ਦੀ ਕਵਿਤਾ ਵਿਚ ਰੁੱਖ ਜਾਂ ਬਿਰਖ ਦਾ ਚਿਹਨ ਵਾਰ-ਵਾਰ ਆਉਂਦਾ ਹੈ। ਇਹ ਬਿਰਖ ਜਾਂ ਰੁੱਖ ਦਾ ਚਿਹਨ ਪਾਤਰ ਦੀ ਸਵੈ ਹੋਂਦ ਨੂੰ ਪੇਸ਼ ਕਰਦਾ ਹੈ। ਬਿਰਖ ਜਾਂ ਰੁੱਖ ਦੇ ਚਿਹਨਕ ਦੇ ਰੂਪ ਵਿਚ ਪਾਤਰ ਖੁਦ ਨੂੰ ਪੇਸ਼ ਕਰ ਰਿਹਾ ਹੈ। ਜਿਸਦੀ ਆਪਣੀ ਹੋਂਦ ਹੈ। ਇਹ ਇੱਕ ਅਜਿਹਾ ਵਜੂਦ ਹੈ। ਜਿਸ ਵਿਚ ਕਵੀ ਆਪਣੇ ਮਨੋਭਾਵਾਂ ਦੁੱਖ, ਖੁਸ਼ੀ, ਉਦਾਸੀ, ਆਦਿ ਨੂੰ ਪਾਠਕਾਂ ਸਾਹਮਣੇ ਪੇਸ਼ ਕਰ ਰਿਹਾ ਹੈ। ਉਹ ਆਪ ਨੂੰ ਰੁੱਖ ਦੇ ਚਿਹਨਿਕ ਰਾਹੀਂ ਸੰਬੋਧਤ ਕਰ ਰਿਹਾ ਹੈ। ਉਹ ਰੁੱਖਾਂ ਨਾਲ ਗੱਲਬਾਤ ਕਰਦਾ ਹੈ ਉਹ ਧਰਤ ਦੇ ਸੋਗ ਅਤੇ ਪੱਤਝੜ ਦੀ ਗੱਲ ਕਰਦਾ ਹੈ।

ਮੇਰੀ ਹਰ ਸ਼ਾਖ ਵਿਚ ਧਰਤ ਦਾ ਸੋਗ ਹੈ
ਮੇਰੇ ਪੱਤਿਆਂ ਨੂੰ ਪੱਤਝੜ ਸੁਕਾਉਂਦੀ ਰਹੀ।
ਪੱਤੇ ਕਿਰਦੇ ਰਹੇ ਲਫ਼ਜ਼ ਬਣ ਧਰਤ 'ਤੇ,
ਮੈਂ ਉਹ ਲਿਖਿਆ ਹਵਾ ਜੋ ਲਿਖਾਉਂਦੀ ਰਹੀ।16

ਕਵੀ ਨੇ 'ਬਿਰਖ ਅਰਜ਼ ਕਰੇ' ਵਿਚ ਬਿਰਖ ਦੀ ਮਾਨਸਿਕਤਾ ਦੀ ਗੱਲ ਕਰਦਿਆਂ ਬਿਰਖ ਨੂੰ ਬੰਦਿਆਂ ਦਾ ਦੁੱਖ ਜਰਨ ਵਾਲਾ, ਅਤਿ ਦਾ ਸੰਤੋਖੀ ਸੁਭਾਅ ਵਾਲਾ, ਗੀਤ ਗਾਉਣ ਵਾਲਾ ਕਿਹਾ ਹੈ। ਕਵੀ ਮਨੁੱਖ ਨੂੰ ਬਿਰਖ ਦੇ ਰੂਪ ਵਜੋਂ ਵੇਖਦਾ ਹੈ। ਇਸ ਸੰਦਰਭ ਵਿਚ ਇਹ ਕਾਵਿ ਸਤਰਾਂ, ਦੇਖ ਸਕਦੇ ਹਾਂ ਜਿਸ ਵਿਚ ਬਿਰਖ ਇੱਕ ਅਰਜ਼ ਰੂਪ ਹਨ।

'ਖੜਕ ਹੋਵੇ ਜੇ ਡਿੱਗੇ ਪੱਤਾ ਵੀ,
ਐਸੀ ਚੁੱਪ ਹੈ ਤਾਂ ਬਿਰਖ ਅਰਜ਼ ਕਰੇ।17

**ਡਾ. ਯੋਗਰਾਜ ਲਿਖਦੇ ਹਨ** : 'ਸੁਰਜੀਤ ਪਾਤਰ ਦੀ ਕਵਿਤਾ ਵਿਚ ਰੁੱਖ/ਬਿਰਖ ਮਹਿਜ਼ ਕੁਦਰਤ ਦਾ ਹੁਸੀਨ ਚਿੱਤਰਣ ਨਹੀਂ, ਉਸਦੀ ਕਵਿਤਾ ਦੇ ਵਿਸ਼ੇਸ਼ ਮੇਟਾਫਰ ਅਤੇ ਚਿਹਨ ਹਨ। ਜਿਹੜੇ ਕਵਿਤਾ ਦੀ ਵਿਚਾਰਧਾਰਾਈ ਸਾਰ ਦੇ ਅਰਥਾਂ ਨੂੰ ਪ੍ਰਗਟ ਵੀ ਕਰਦੇ ਹਨ ਅਤੇ ਕਵਿਤਾ ਦੇ ਸੁਹਜ ਦਾ ਆਧਾਰ ਵੀ ਬਣਦੇ ਹਨ।'18

ਕਵੀ ਲਈ ਮਨੁੱਖੀ ਸਰੀਰਾਂ ਦਾ ਇਹ ਸਰਬ ਵਿਆਪੀ ਜੰਗਲ ਹੈ। ਜ਼ਿੰਦਗੀ ਦੇ ਸੁਖਾਵੇਂ ਸਮੇਂ ਨੂੰ ਵੀ ਜੰਗਲ ਦੇ ਬਿੰਬਾਂ ਰਾਹੀਂ ਪੇਸ਼ ਕਰਦਾ ਹੈ। ਰੁੱਖ ਜਦੋਂ ਜੰਗਲ ਬਣ ਕੇ ਧੁਖਣ ਲੱਗਦੇ ਹਨ ਤਾਂ ਪਾਤਰ ਨੂੰ ਉਹੀ ਰੁੱਖ ਆਪਣੇ ਦੋਸਤ ਪ੍ਰਤੀਤ ਹੁੰਦੇ ਹਨ। 'ਧੁਖਦਾ

ਜੰਗਲ' ਵਿਚ ਕਵੀ ਨੇ ਪੰਜਾਬੀ ਅਵਾਮ ਨੂੰ ਜੰਗਲ ਦੇ ਚਿਹਨਕ ਰੂਪ ਵਿਚ ਪੇਸ਼ ਕੀਤਾ ਹੈ। ਕਵਿਤਾ ਦੇ ਪਹਿਲੇ ਬੰਦ ਵਿਚ ਜੰਗਲ ਦੀ ਸਿਫ਼ਤ/ਸ਼ਲਾਘਾ ਕਵੀ ਦੁਆਰਾ ਕੀਤੀ ਗਈ ਹੈ। ਕਵੀ ਅਨੁਸਾਰ ਇਹ ਜੰਗਲ ਬਾਹਰ ਤੋਂ ਆਉਣ ਵਾਲੀ ਹਰੇਕ ਮੁਸ਼ਕਿਲ, ਆਫ਼ਤ ਨਾਲ ਲੜਦਾ ਸੀ। ਲੋਕਾਂ ਨੂੰ ਬਾਲਣ ਮੁਹੱਈਆ ਕਰਾਉਂਦਾ ਸੀ ਜ਼ੰਗਲ ਜੋ ਹਮੇਸ਼ਾ ਖੁਸ਼ਬੋਆਂ ਨੂੰ ਵੰਡਦਾ ਸੀ, ਪਰ ਅਚਾਨਕ ਹੀ ਇਹ ਜੰਗਲ ਰੋਹ ਵਿਚ ਆ ਕੇ ਸੁੱਕਣਾ ਸ਼ੁਰੂ ਕਰ ਦਿੰਦੇ ਹਨ। ਹਰ ਰੁੱਖ ਗੁੱਸੇ ਵਿਚ ਆ ਕੇ ਸੁੱਕਣ ਲੱਗਦਾ ਹੈ। ਕਵੀ ਨੂੰ ਕੁਝ ਨਹੀਂ ਸੁੱਝਦਾ ਕਿ ਇਨ੍ਹਾਂ ਰੁੱਖਾਂ ਨੂੰ ਕਿਵੇਂ ਸ਼ਾਂਤ ਕਰੇ।

'ਸ਼ੂਕ ਰਹੇ ਜੰਗਲ ਨੂੰ ਕੀਕਣ ਚੁੱਪ ਕਰਾਵਾਂ ਮੈਂ।

ਕੱਲੇ-ਕੱਲੇ ਰੁੱਖ ਨੂੰ ਜਾ ਕੇ ਕੀ ਸਮਝਾਵਾਂ ਮੈਂ।19

ਰੁੱਖ ਅਤੇ ਬਿਰਖ ਪਾਤਰ ਕਾਵਿ ਦੇ ਪ੍ਰਮੁੱਖ ਚਿਹਨਕ ਹਨ। ਜਿਸ ਵਿਚ ਉਹ ਸਵੈ ਦੀ ਪੇਸ਼ਕਾਰੀ ਬਿਰਖ ਜਾਂ ਰੁੱਖ ਦੇ ਮਾਧਿਅਮ ਰਾਹੀਂ ਕਰ ਰਿਹਾ ਹੈ। ਵੱਖ-ਵੱਖ ਮਨੋਭਾਵਾਂ, ਖੁਸ਼ੀ, ਗਮ, ਆਸ਼ਾ, ਨਿਰਾਸ਼ਾ, ਉਦਾਸੀ ਆਦਿ ਨੂੰ ਬਿਰਖ ਦੇ ਚਿਹਨਕੀ ਰੂਪ ਵਿਚ ਰੂਪਮਾਨ ਕਰਦਾ ਹੈ। ਰੁੱਖ ਬਿਰਖ ਦੇ ਚਿਹਨ ਪਾਤਰ ਕਾਵਿ ਦੀ ਰੂਹ ਪ੍ਰਾਣ ਹਨ।

ਸੁਰਜੀਤ ਪਾਤਰ ਕਾਵਿ ਦਾ ਚਿਹਨਕ ਸੰਸਾਰ ਹੋਰ ਵੀ ਕਈ ਦਿਸ਼ਾਵਾਂ ਵਿਚ ਫੈਲਿਆ ਹੋਇਆ ਹੈ। ਪਰ ਮੈਂ ਪਾਤਰ ਕਾਵਿ ਦਿਸ਼ਾਵਾਂ ਦੇ ਕੁਝ ਮਹੱਤਵਪੂਰਨ ਪਹਿਲੂਆਂ ਤੱਕ ਹੀ ਪਹੁੰਚ ਸਕੀ ਹਾਂ। ਸਾਰੇ ਪਹਿਲੂਆਂ ਤੱਕ ਨਹੀਂ ਪਾਤਰ-ਕਾਵਿ ਦੇ ਚਿਹਨਕ ਸੰਸਾਰ ਨੂੰ ਇਨ੍ਹਾਂ ਸਤਰਾਂ ਨਾਲ ਸਮਾਪਤ ਕਰਾਂਗੀ।

"ਮੈਂ ਕਵਿਤਾ ਮੇਰੇ ਮਨ ਦੇ ਹਰ ਮੌਸਮ ਦੀ ਵਿਥਿਆ ਹੈ।

ਬਹੁਤਾ ਮੇਰਾ, ਥੋੜਾ ਥੋੜਾ ਸਮਿਆਂ ਦਾ ਇਤਿਹਾਸ-ਵੀ ਹੈ।"

ਮੈਂ ਤਾਂ ਸੜਕਾਂ ਤੇ ਵਿਛੀ ਬਿਰਖ ਦੀ ਛਾਂ

ਹਾਂ ਮੈਂ ਨਹੀਂ ਮਿਟਣਾ ਸੌ ਵਾਰੀ ਲੰਘ ਮਸਲ ਕੇ।20

ਪਾਤਰਾਂ ਦੀ ਪ੍ਰਗੀਤਕ ਸ਼ਾਇਰੀ ਬਿਰਖ ਨੂੰ ਵਿਸ਼ੇਸ਼ ਉਪਲਬਧੀ ਹਾਸਲ ਹੈ। ਪਾਤਰ ਦੇ ਲਫ਼ਜ਼ਾਂ ਵਿਚ 'ਬਿਰਖ ਅਰਜ਼ ਕਰੇ' ਕਾਵਿ ਸੰਗ੍ਰਹਿ ਵਿਚ ਹਰੇ ਹਰਫ਼ਾਂ ਤੋਂ ਲੈ ਕੇ ਸੜਦੇ ਜੰਗਲ ਅਤੇ ਧਰਤੀ ਦੀ ਹਿਜ਼ਰਤ ਕਰਦੇ ਰੁੱਖਾਂ ਦੇ ਚਿਹਨ ਹਨ। ਰੁੱਖ ਪਾਤਰ-ਕਾਵਿ ਦਾ ਪ੍ਰਕਿਰਤਕ ਸੁਹਜ ਹਨ। ਜਦੋਂ ਰੁੱਖਾਂ ਨੇ ਪਾਤਰ-ਕਾਵਿ ਨੂੰ ਖੂਬਸੂਰਤ ਚਿੰਤਨ ਦੇ ਨਾਲ-ਨਾਲ ਪ੍ਰਕਿਰਤਕ ਸੁਹਜ ਵੀ ਪ੍ਰਦਾਨ ਕੀਤਾ। ਇਸ ਕਰਕੇ ਜਦੋਂ ਕਵੀ ਸਮਾਜਿਕ ਯਥਾਰਥ ਦੁੱਖ, ਉਦਾਸੀ, ਨਿਰਾਸ਼ਾ ਦੀ ਗੱਲ ਕਿਸੇ ਬਿਰਖ਼ ਦੇ ਛਾਵੇਂ ਬੈਠ ਕੇ ਕਰਦਾ ਹੈ ਤਾਂ ਉਹ ਉਦਾਸੀ ਵਿਚ ਵੀ ਫੁੱਲਾਂ ਦੀ ਮਹਿਕ ਪ੍ਰਾਪਤ ਕਰ ਲੈਂਦਾ ਹੈ।

ਮੈਂ ਕਿਹਾ ਰੁੱਖ ਨੂੰ ਕੋਈ ਨਜ਼ਮ ਸੁਣਾ

ਡਾਲੀ-ਡਾਲੀ 'ਚੋਂ ਪੁੰਗਰੇ ਹਰਫ਼ ਹਰੇ।21

ਮਨੁੱਖ ਦੀ ਸੰਵੇਦਨਾ ਨੂੰ ਜਿਸ ਪ੍ਰਕਾਰ ਆਪਣੀ ਪ੍ਰਗੀਤਕ ਸ਼ਾਇਰੀ ਵਿਚ ਪੇਸ਼ ਕੀਤਾ, ਪੰਜਾਬੀ ਕਵਿਤਾ ਲਈ ਉਹ ਮਾਣ ਵਾਲੀ ਹੈ।

ਹਵਾਲੇ ਤੇ ਟਿੱਪਣੀਆਂ


1. ਗੁਣਵੰਤ ਕੌਰ ਸਿੱਧੂ, ਸੁਰਜੀਤ ਪਾਤਰ ਦੀ ਕਾਵਿ ਸੰਵੇਦਨਾ, ਪੰਨਾ-102

2. ਸੁਰਜੀਤ ਪਾਤਰ, ਹਵਾ ਵਿਚ ਲਿਖੇ ਹਰਫ਼, ਪੰਨਾ-77

3. ਸੁਤਿੰਦਰ ਸਿੰਘ ਨੂਰ ਤੇ ਵਨੀਤਾ (ਸੰਪਾ.) ਸੁਰਜੀਤ ਪਾਤਰ ਦੀ ਕਵਿਤਾ ਦਾ ਸੰਵਾਦ, ਪੰਨਾ 179.

4. ਡਾ. ਕਰਮਜੀਤ ਸਿੰਘ, 'ਇਕ ਪ੍ਰਤੀਕਰਮ ਆਦਿਕਾ 'ਹਵਾ 'ਚ ਲਿਖੇ ਹਰਫ਼'

5. ਸੁਰਜੀਤ ਪਾਤਰ, ਬਿਰਖ ਅਰਜ਼ ਕਰੇ, ਪੰਨਾ-89.

6. ਉਹੀ, ਪੰਨਾ-35.

7. ਸੁਖਵਿੰਦਰ ਅੰਮ੍ਰਿਤ, ਭੂਮਿਕਾ, ਲਫ਼ਜ਼ਾਂ ਦੀ ਦਰਗਾਹ, ਪੰਨਾ-14.

8. ਉਹੀ, ਪੰਨਾ-15

9. ਸੁਰਜੀਤ ਪਾਤਰ, ਲਫ਼ਜ਼ਾਂ ਦੀ ਦਰਗਾਹ, ਪੰਨਾ-33

10. ਉਹੀ, ਪੰਨਾ-51

11. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ, ਪੰਨਾ-91

12. ਸੁਰਜੀਤ ਪਾਤਰ, ਹਵਾ ਵਿਚ ਲਿਖੇ ਹਰਫ਼, ਪੰਨਾ-22

13. ਉਹੀ, ਪੰਨਾ-35

14. ਉਹੀ, ਬਿਰਖ ਅਰਜ਼ ਕਰੇ, ਪੰਨਾ-82.

15. ਡਾ. ਯੋਗਰਾਜ (ਸੰਪਾ.), ਸੁਰਜੀਤ ਪਾਤਰ ਦੀ ਸਾਹਿਤਕ ਪ੍ਰਤਿਭਾ ਸੰਗ ਸੰਵਾਦ, ਪੰਨਾ-27

16. ਸੁਰਜੀਤ ਪਾਤਰ, ਬਿਰਖ ਅਰਜ਼ ਕਰੇ, ਪੰਨਾ-12

17. ਉਹੀ, ਪੰਨਾ-15

18. ਡਾ. ਯੋਗਰਾਜ (ਸੰਪਾ.), ਸੁਰਜੀਤ ਪਾਤਰ ਦੀ ਸਾਹਿਤਕ ਪ੍ਰਤਿਭਾ ਸੰਗ ਸੰਵਾਦ, ਪੰਨਾ-53

19. ਸੁਰਜੀਤ ਪਾਤਰ, ਬਿਰਖ ਅਰਜ ਕਰੇ, ਪੰਨਾ-20

20. ਉਹੀ, ਪੰਨਾ-34.

21. ਉਹੀ, ਪੰਨਾ-15

# ਰਾਜਿੰਦਰ ਰਾਜ਼ ਸਵੱਦੀ ਦੀ ਪੁਸਤਕ 'ਜ਼ਿੰਦਗੀ ਵਿਕਦੀ ਨਹੀ' ਸਮਾਜਿਕਤਾ ਦਾ ਪ੍ਰਤੀਕ

ਰਾਜਿੰਦਰ ਰਾਜ਼ ਸਵੱਦੀ ਕਹਾਣੀਕਾਰ ਸੀ, ਉਸਦੀਆਂ ਦੋ ਪੁਸਤਕਾਂ ਹਵਾੜ (1964) ਅਤੇ ਜ਼ਿੰਦਗੀ ਦਾ ਚਿਹਰਾ(1967 ) ਵਿੱਚ ਪ੍ਰਕਾਸ਼ਤ ਹੋਈਆਂ ਸਨ। ਅਜੇ ਉਹ ਸਾਹਿਤਕ ਖੇਤਰ ਵਿੱਚ ਸਥਾਪਤਹੋਣ ਜਾ ਹੀ ਰਿਹਾ ਸੀ ਕਿ ਅਚਾਨਕ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਇਸ ਕਰਕੇ ਅਜੇ ਉਹ ਇਨ੍ਹਾਂ ਪੁਸਤਕਾਂ ਨਾਲ ਸਾਹਿਤਕ ਖੇਤਰ ਦੇ ਪਹਿਲੇ ਪੜਾਅ ਵਿੱਚ ਹੀ ਸੀ। ਉਨ੍ਹਾਂ ਦੇ ਲੜਕੇ ਰਾਜਦੀਪ ਸਿੰਘ ਤੂਰਗਜ਼ਲਗੋ ਨੇ ਉਨ੍ਹਾਂ ਦੋਹਾਂ ਪੁਸਤਕਾਂ ਨੂੰ **'ਜ਼ਿੰਦਗੀ ਵਿਕਦੀ ਨਹੀਂ'** ਦੇ ਨਾਮਹੇਠਇੱਕ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਤ ਕਰਕੇ ਆਪਣੀ ਸਾਹਿਤਕ ਵਿਰਾਸਤ ਨੂੰ ਸੰਭਾਲਿਆ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਕੁਲ 31 ਕਹਾਣੀਆਂ ਹਨ। ਇਹ ਸਾਰੀਆਂ ਕਹਾਣੀਆਂ ਸਮਾਜਿਕ ਵਿਸੰਗਤੀਆਂ ਦੀਬਾਤ ਪਾਉਂਦੀਆਂ ਹਨ। ਕਹਾਣੀਕਾਰ ਨੇ ਸਮਾਜਿਕ ਬੁਰਾਈਆਂ ਨੂੰ ਆਧਾਰ ਬਣਾਕੇ ਵੱਖ-ਵੱਖ ਵੰਨਗੀਆਂ ਵਾਲੇ ਵਿਸ਼ੇ ਚੁਣਕੇ ਕਹਾਣੀਆਂ ਲਿਖੀਆਂ ਸਨ। ਇਨ੍ਹਾਂ ਕਹਾਣੀਆਂ ਵਿੱਚ ਕਈ ਰੰਗ ਵੇਖਣ ਨੂੰ ਮਿਲਦੇ ਹਨ। ਮੁੱਖ ਤੌਰ 'ਤੇ ਸਮਾਜਿਕ ਤਾਣੇ-ਬਾਣੇ ਵਿੱਚ ਔਰਤਾਂ ਨਾਲ ਹੋ ਰਹੀਆਂ ਸਮਾਜਿਕ, ਆਰਥਿਕ ਅਤੇ ਭਾਵਨਾਤਮਿਕ ਜ਼ਿਆਦਤੀਆਂ ਬਾਰੇ ਹਨ। ਕਹਾਣੀ ਸੰਗ੍ਰਹਿ ਦੀ ਖਾਸੀਅਤ ਇਹ ਹੈ ਕਿ ਇਸ ਦੀ ਸ਼ੈਲੀ ਸਰਲ ਤੇ ਗੱਲਬਾਤੀ ਹੈ, ਜਿਵੇਂ ਦਿਹਾਤੀ ਲੋਕ ਆਪਸ ਵਿੱਚ ਰੋਜ਼ ਮਰ੍ਰਾ ਦੇ ਜੀਵਨ ਵਿੱਚ ਵਿਚਰਦਿਆਂ ਸੁਭਾਵਕ ਹੀ ਗੱਲਾਂ-ਬਾਤਾਂ ਕਰਦੇ ਹੋਣ। ਜੇ ਮੈਂ ਇਹ ਕਹਿ ਲਵਾਂ ਕਿ ਉਸਦੇ ਅਧਿਆਪਕ ਹੋਣ ਦੇ ਤਰਜ਼ਬੇ ਦਾ ਨਚੋੜ ਹਨ, ਤਾਂ ਵੀ ਕੋਈ ਅਤਕਥਨੀ ਨਹੀਂ ਹੋਵੇਗੀ। ਸਹਿਜਤਾ ਨਾਲ ਕਹਾਣੀਆਂ ਲਿਖੀਆਂ ਗਈਆਂ ਸਨ, ਜਿਨ੍ਹਾਂ ਵਿੱਚ ਦਿਹਾਤੀ ਸ਼ਬਦਾ ਵਲੀ ਦੀ ਵਰਤੋਂ ਕੀਤੀ ਗਈ ਹੈ। ਕਹਾਣੀਆਂ ਪੜ੍ਹਕੇ ਕਈ ਵਾਰ ਏਦਾਂ ਮਹਿਸੂਸ ਹੁੰਦਾ ਹੈ ਕਿ ਪਾਠਕ ਆਪਣੇ ਪਿੰਡਦੀ ਸੱਥ ਵਿੱਚ ਬੈਠਾ ਗਲ-ਬਾਤ ਸੁਣ ਰਿਹਾ ਹੈ। ਬਹੁਤੀਆਂ ਕਹਾਣੀਆਂ ਵਿੱਚ ਦਿਹਾਤੀ ਪ੍ਰਕ੍ਰਿਤਕ ਮਾਹੌਲ ਸਿਰਜਿਆ ਹੋਇਆ ਹੈ। ਇੱਕ ਕਿਸਮ ਨਾਲ ਦਿਹਾਤੀ ਲੋਕ ਧਾਰਾ ਦੇ ਸਾਰੇ ਰੂਪ ਇਨ੍ਹਾਂ ਕਹਾਣੀਆਂ ਵਿੱਚ ਵੇਖਣ ਨੂੰ ਮਿਲਦੇ ਹਨ। ਨਿੱਕੇ-ਨਿੱਕੇ ਸਰਲ ਵਾਕਾਂ ਰਾਹੀਂ ਦਿਹਾਤੀ ਅਤੇ ਨੀਮ ਸ਼ਹਿਰੀ ਲੋਕਾਂ ਦੀ ਬੋਲਚਾਲ, ਵਿਵਹਾਰ, ਸਲੀਕਾ, ਰਹਿਣ-ਸਹਿਣ ਤੇ ਸ਼ਿਸ਼ਟਾਚਾਰ ਦੀਆਂ ਉਦਾਹਰਨਾ ਮਿਲਦੀਆਂ ਹਨ। ਇਸਤਰੀਆਂ ਦੀ ਮਾਨਸਿਕਤਾ ਦਾ ਮਨੋਵਿਸ਼ਲੇਸ਼ਣ ਬਾਕਮਾਲ ਹੈ। ਲਗਪਗ ਹਰ ਕਹਾਣੀ ਦੇ ਮੁੱਖ ਅਤੇ ਸਹਾਇਕ ਪਾਤਰਾਂ ਭਾਵੇਂ ਇਸਤਰੀ ਹੋਵੇ ਜਾਂ ਮਰਦ ਉਨ੍ਹਾਂ ਦੇ ਮਨੋਵਿਸ਼ਲੇਸ਼ਣ ਕੀਤੇ ਗਏ ਹਨ। ਖਾਸ ਤੌਰ 'ਤੇ ਔਰਤਾਂ ਦਾ ਮਨੋਵਿਸ਼ਲੇਸ਼ਣ ਅਜਿਹੇ ਢੰਗ ਨਾਲ ਕੀਤਾ ਗਿਆ ਹੈ, ਇਉਂ ਲੱਗਦਾ ਹੈ ਜਿਵੇਂ ਹਰ ਔਰਤ ਅਜਿਹੇ ਹਾਲਤ ਵਿੱਚੋਂ ਲੰਘ ਰਹੀ ਹੈ। ਔਰਤ ਦੀਆਂ ਭਾਵਨਾਵਾਂ ਖਾਸ ਤੌਰ 'ਤੇ ਦਿਹਾਤੀ ਔਰਤਾਂ ਦਾ ਬਹੁਤ ਹੀ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਬਹੁਤੀਆਂ ਕਹਾਣੀਆਂ ਸਿੰਬਾਲਿਕ ਢੰਗ ਨਾਲ ਲਿਖੀਆਂ ਗਈਆਂ ਹਨ। **'ਜ਼ਿੰਦਗੀ ਦਾ ਚਿਹਰਾ'** ਅਤੇ **'ਭੁੱਖ ਹੀ ਭੁੱਖ'** ਦੋਵੇਂ ਕਹਾਣੀਆਂ ਜੰਗ ਦੀ ਬਰਬਾਦੀ ਦੀ ਦਾਸਤਾਂ ਪੇਸ਼ ਕਰਦੀਆਂ ਹਨ। ਵੈਸੇ ਫ਼ੌਜੀ ਜ਼ਿੰਦਗੀ ਨਾਲ ਸੰਬੰਧਤ ਲਗਪਗ ਅੱਧਾ ਦਰਜਨ ਕਹਾਣੀਆਂ ਹਨ। ਫ਼ੌਜੀਆਂ ਦੀਆਂ ਪਤਨੀਆਂ ਦੀਆਂ ਮਨੋਭਾਵਨਾਵਾਂ ਵੀ ਸਿੰਬਾਲਿਕ ਤੌਰ ਤੇ ਪ੍ਰਗਟਾਈਆਂ ਗਈਆਂ ਹਨ। ਕਹਾਣੀਆਂ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਬਹੁਤੇ ਮਰਦ ਔਰਤਾਂ ਦੀਆਂ ਭਾਵਨਾਵਾਂ ਦੀ ਆਪਣੀ ਬੇਸਮਝੀ ਕਰਕੇ ਕਦਰ ਨਹੀਂ ਕਰਦੇ, ਉਹ ਔਰਤ ਨੂੰ ਆਪਣੀ ਗ਼ੁਲਾਮ ਹੀ ਸਮਝਦੇ ਹਨ। **'ਸਫ਼ੈਦ ਦਾਗ਼'** ਕਹਾਣੀ ਵਿੱਚ ਕੀਪਾਂ ਦਾ ਵਿਆਹ ਨਾ ਕਰਨਾ, ਉਸਦੀ ਸ਼ਰਾਫ਼ਤ ਅਤੇ ਸਰੀਰ ਵਿੱਚ ਨੁਕਸ ਹੋਣਾ ਵਿਖਾਇਆ ਗਿਆ ਹੈ। ਅਜਿਹੀ ਸਥਿਤੀ ਵਿੱਚ ਕੀਪਾਂ ਦੀ ਮਾਨਸਿਕਤਾ ਦੀ ਅਣਵੇਖੀ ਹੋ ਰਹੀ ਹੈ। ਮੁਹੱਬਤ ਦੀ ਤਾਂਘ ਤਾਂ ਹਰ ਔਰਤ ਵਿੱਚ ਹੁੰਦੀ ਹੈ, ਪ੍ਰੰਤੂ ਕੀਪਾਂ ਦੀਆਂ ਭਾਵਨਾਵਾਂ ਦੀ ਬੇਕਦਰੀ ਹੋ ਰਹੀ ਹੈ। ਉਹ ਆਪਣੀ ਜ਼ਬਾਨੀ ਕੁਝ ਵੀ ਕਹਿਣ ਦੀ ਹਿੰਮਤ ਨਹੀਂ ਕਰਦੀ।



ਇਸ ਕਹਾਣੀ ਵਿੱਚ ਔਰਤਾਂ ਸੰਬੰਧੀ ਮਨੋਵਿਸ਼ਲੇਸ਼ਣ ਕਰਕੇ ਔਰਤ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ '**ਨਜ਼ਰਾਂ ਬੋਲਣ**' ਕਹਾਣੀ ਵਿੱਚ ਇਹ ਸਾਬਤਕੀਤਾ ਹੈ ਕਿ ਜੇਕਰ ਮੁਹੱਬਤੀ ਸੰਬੰਧ ਸੰਭਾਲੇ ਜਾਣ ਤਾਂ ਬਿਹਤਰ ਹੁੰਦਾ ਹੈ, ਇਸ ਗੱਲ ਨੂੰ ਕਹਾਣੀ ਵਿੱਚ ਲਿਖਿਆ ਗਿਆ ਹੈ, ਕੁੱਤੇ ਵੀ ਸਮਝਦੇ ਹੋਏ ਕਛਹਿਰੇ ਨੂੰ ਛੱਡ ਦਿੰਦੇ ਹਨ, ਕਿਉਂਕਿ ਜੇਕਰ ਉਹ ਦੋਵੇਂ ਖਿਚਦੇ ਰਹੇ ਤਾਂ ਉਹ ਲੀਰੋ ਲੀਰ ਹੋ ਜਾਵੇਗਾ, ਸਮਾਜਿਕ ਸੰਬੰਧ ਵੀ ਇਸੇ ਤਰ੍ਹਾਂ ਸਾਂਭਣੇ ਚਾਹੀਦੇ ਹਨ, ਭਾਵ ਹਰ ਮਸਲੇ ਦਾ ਹੱਲ ਮੁਹੱਬਤ ਹੁੰਦਾ ਹੈ। ਔਰਤ ਨੂੰ ਮਰਦ ਆਪਣੀ ਜਾਗੀਰ ਸਮਝਦੇ ਹਨ। ਗ਼ਰੀਬੀ ਦਾ ਸੰਤਾਪ ਅਤੇ ਆਪਣਿਆਂ ਦੀ ਖਿਚ ਦੋਵੇਂ ਰੰਗ ਵੇਖਣ ਨੂੰ ਮਿਲਦੇ ਹਨ। ਇੱਕ ਟੁੱਟਿਆ ਤਾਰਾ ਇਕੱਲਤਾ ਦੀ ਨਿਰਾਸ਼ਤਾ ਵਿੱਚੋਂ ਰੰਗੀਨ ਜ਼ਿੰਦਗੀ ਦਾ ਪ੍ਰਗਟਾਵਾ ਕਰਦਾ ਹੈ। ਭਾਵ ਆਸ਼ਾਵਾਦੀ ਹੋਣਾ ਸੁਖਦਾਇਕ ਹੁੰਦਾ ਹੈ। ਕਹਾਣੀਕਾਰ ਖੁਦ ਸਾਹਿਤਕ ਹੋਣ ਕਰਕੇ ਲਗਪਗ ਇੱਕ ਦਰਜਨ ਕਹਾਣੀਆਂ ਵਿੱਚ ਸਾਹਿਤਕਾਰਾਂ ਦੀ ਜ਼ਿੰਦਗੀ ਦਾ ਵਿਵਰਣ ਜ਼ਰੂਰ ਦਿੰਦਾ ਹੈ। '**ਲੂਣ ਤੇਲ**' ਕਹਾਣੀ ਇੱਕ ਸਾਹਿਤਕਾਰ ਦੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਪਰਿਵਾਰਿਕ ਪ੍ਰਸਥਿਤੀਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਾਹਿਤਕ ਵਿਅਕਤੀਆਂ ਦੀਆਂ ਆਪਸੀ ਖੁੰਦਕਾਂ ਦੀਆਂ ਤਲਖ ਟਿਪਣੀਆਂ ਵੀ ਵੇਖਣ ਨੂੰ ਮਿਲਦੀਆਂ ਹਨ। ਇਹ ਵੀ ਦਰਸਾਇਆ ਗਿਆ ਹੈ ਕਿ ਸਾਹਿਤਕ ਮਸ ਜ਼ਿੰਦਗੀ ਦਾ ਰੁੱਖ ਬਦਲਣ ਵਿੱਚ ਵੀ ਸਹਾਇਤਾ ਕਰਦੀ ਹੈ। '**ਦੂਸਰਾ ਮੋੜ**' ਕਹਾਣੀ ਵਿੱਚ ਪਿਆਰ ਵਿੱਚੋਂ ਅਸਫਲ ਰਹਿਣ 'ਤੇ ਘਰੋਂ ਭੱਜੀ ਲੜਕੀ ਰੇਲਵੇ ਸਟੇਸ਼ਨ ਤੇ ਬੈਠੀ ਲੈਂਪ ਦੀ ਰੌਸ਼ਨੀ ਵਿੱਚੋਂ ਆ ਰਹੀਆਂ ਕਿਰਨਾ ਨੂੰ ਬਜਰੀ ਦੀਆਂ ਵੱਟੀਆਂ ਮਾਰਕੇ ਕਿਰਨਾ ਨਾਲ ਆਪਣੀਆਂ ਭਾਵਨਾਵਾਂ ਦਾ ਅਚੇਤਮਨ ਵਿੱਚ ਮੁਕਾਬਲਾ ਕਰਦੀ ਹੈ, ਕਿਉਂਕਿ ਉਸਦੇ ਪ੍ਰੇਮੀ ਵੱਲੋਂ ਕਿਸੇ ਹੋਰ ਲੜਕੀ ਨਾਲ ਵਿਆਹ ਕਰਵਾਉਣ ਤੋਂ ਬਾਅਦ ਉਸਦੀ ਜ਼ਿੰਦਗੀ ਦੀ ਰੌਸ਼ਨੀ ਮੱਧਮ ਪਈ ਹੋਈ ਹੈ। ਇਸੇ ਕਹਾਣੀ ਵਿੱਚ ਕਹਾਣੀਕਾਰ ਸਾਹਿਤਕਾਰ ਨੂੰ ਮਿਲਣ ਤੋਂ ਬਾਅਦ ਲੜਕੀ ਦੀ ਜ਼ਿੰਦਗੀ ਵਿੱਚ ਤਬਦੀਲੀਲਿਆ ਦਿੰਦਾ ਹੈ ਤੇ ਉਹ ਘਰ ਵਾਪਸ ਜਾ ਕੇ ਵਿਆਹ ਕਰਵਾਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਸੰਕਲਪ ਕਰਦੀ ਹੈ। ਇਸ ਕਹਾਣੀ ਦਾ ਉਸਾਰੂ ਪੱਖ ਆਤਮ ਹੱਤਿਆ ਨੂੰ ਬੁਜ਼ਦਿਲੀ ਗਰਦਾਨਣਾ ਹੈ। ਇਸੇ ਤਰ੍ਹਾਂ 'ਅੰਗਿਆਰ' ਕਹਾਣੀ ਵਿੱਚ ਜਿੰਦੀ ਡੱਕੇ ਨਾਲ ਛੋਟੇ-ਛੋਟੇ ਅੰਗਿਆਰਾਂ ਨੂੰ ਬਾਹਰ ਕੱਢਕੇ ਸੇਕਣਾ ਚਾਹੁੰਦੀ ਹੈ, ਪ੍ਰੰਤੂ ਜਿਵੇਂ ਉਸ ਦੀਆਂ ਭਾਵਨਾਵਾਂ ਦੇ ਅੰਗਿਆਰ ਹਾਲਾਤ ਨੇ ਠੰਡੇ ਕਰ ਦਿੱਤੇ ਹਨ, ਉਸੇ ਤਰ੍ਹਾਂ ਉਹ ਅੱਗ ਦੇ ਅੰਗਿਆਰ ਥੋੜ੍ਹੀ ਦੇਰ ਬਾਅਦ ਠੰਡੇ ਹੋ ਕੇ ਸੁਆਹ ਬਣ ਜਾਂਦੇ ਹਨ। ਇਹ ਅੰਗਿਆਰ ਜਿੰਦੀ ਦੀਆਂ ਭਾਵਨਾਵਾਂ ਦਾ ਸਿੰਬਾਲਿਕ ਪ੍ਰਮਾਣ ਹਨ। ਕੁਝ ਕਹਾਣੀਆਂ ਵਿੱਚ ਪਿਆਰ ਦੀਆਂ ਪੀਂਘਾਂ ਵੀ ਪਾਈਆਂ ਗਈਆਂ ਹਨ ਪ੍ਰੰਤੂ ਇਹ ਪਿਆਰ ਵੀ ਸਮਾਜਿਕ ਤਬਦੀਲੀ ਦੇ ਸੰਧਰਵ ਵਿੱਚ ਹਨ। 'ਵਾਰਸ' ਕਹਾਣੀ ਵਿੱਚ ਗ਼ਰੀਬੀ, ਇਮਾਨਦਾਰੀ ਅਤੇ ਇਨਸਾਨੀਅਤ ਦੀ ਤਸਵੀਰ ਪੇਸ਼ ਕੀਤੀ ਗਈ ਹੈ। 'ਤੀਲਾਂ ਵਾਲੀ ਡੱਬੀ' ਕਹਾਣੀ ਵਿੱਚ ਧਾਰਮਿਕ ਸਥਾਨਾ ਵਿੱਚ ਦਾਨ ਦੇ ਕੇ ਸਵੈ-ਪ੍ਰਸੰਸਾ ਪੱਥਰਾਂ 'ਤੇ ਆਪਣੇ ਨਾਮ ਲਿਖਵਾ ਕੇ ਕੀਤੀ ਗਈ ਹੈ, ਜੋ ਧਾਰਮਿਕ ਹੋਣ ਦੀ ਗਵਾਹੀ ਨਹੀਂ ਭਰਦੀ। 'ਫਿਰ ਵੀ ਤੂੰ ਇੰਝ ਆਖਦੀ' ਕਹਾਣੀ ਖੁਦਗਰਜ਼ੀ, ਬੇਰੋਜ਼ਗਾਰੀ ਅਤੇ ਆਵਾਜਾਈ ਦੇ ਅਸੂਲਾਂ ਦੀ ਉਲੰਘਣਾ ਸੰਬੰਧੀ ਕਿੰਤੂ-ਪ੍ਰੰਤੂ ਕਰਦੀ ਹੈ। ਇਨਸਾਨੀਅਤ ਪਰਲਾ ਕੇ ਉਡ ਗਈ ਤੇ ਲੋਕਾਂ ਵਿੱਚ ਆਪੋ ਧਾਪੀ ਦਾ ਬ੍ਰਿਤਾਂਤ ਹੈ। 'ਤਕਦੀਰ ਦਾ ਭੇਦ' ਸਮੇਂ ਦੀ ਕਦਰ ਨਾ ਕਰਨ ਅਤੇ ਦੂਜਿਆਂ ਤੋਂ ਕਦਰ ਕਰਨ ਦੀ ਆਸ ਕਰਨਾ ਜਾਇਜ਼ ਨਹੀਂ, ਸਗੋਂ ਸਭ ਨੂੰ ਸਮੇਂ ਦੀ ਕਦਰ ਕਰਨ ਦੀ ਸਲਾਹ ਦਿੰਦੀ ਹੈ। 'ਜ਼ਿੰਦਗੀ ਵਿਕਦੀ ਨਹੀ' ਬਹੁਤ ਹੀ ਭਾਵਪੂਰਤ ਕਹਾਣੀ ਹੈ, ਜਿਹੜੀ ਅਮੀਰਾਂ ਵੱਲੋਂ ਗ਼ਰੀਬ ਔਰਤਾਂ ਦੇ ਸ਼ੋਸ਼ਣ ਦਾ ਪਰਦਾ ਫਾਸ਼ ਕਰਦੀ ਹੋਈ ਸ਼ੋਸ਼ਣ ਦਾ ਵਿਰੋਧ ਕਰਕੇ ਚੰਨੀ ਬਲਬੀਰ ਦੇ ਥੱਪੜ ਜੜ ਕੇ ਔਰਤ ਦੀ ਦਲੇਰੀ ਦਾ ਪ੍ਰਗਟਾਵਾ ਕਰਦੀ ਹੈ। ਇਸ ਕਹਾਣੀ ਵਿੱਚ ਇੱਕ ਮੰਗਤੀ ਦਲਾਲੀ ਕਰਦੀ ਵੀ ਵਿਖਾਈ ਗਈ ਹੈ। 'ਦੋ ਨੋਟ' ਵੀ ਇਸਤਰੀ ਦੇ ਸ਼ੋਸ਼ਣ ਵਿਰੁੱਧ ਬਗਾਬਤ ਦੀ ਦਾਸਤਾਂ ਹੈ। 'ਬੱਦਲ' ਕਹਾਣੀ ਵਿੱਚ ਵਿਧਵਾਵਾਂ ਨੂੰ ਦੁਬਾਰਾ ਵਿਆਹ ਕਰਾਉਣ ਦਾ ਸਮਾਜ ਵੱਲੋਂ ਵਿਰੋਧ ਵਿਖਾਇਆ ਗਿਆ ਹੈ ਪ੍ਰੰਤੂ ਮਰਦ ਦੁਬਾਰਾ ਵਿਆਹ ਕਰਵਾ ਸਕਦੇ ਹਨ। ਕ੍ਰਿਸ਼ਨਾ ਨੇ ਵਿਧਵਾ ਹੋ ਜਾਣ ਤੋਂ ਬਾਅਦ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣ ਦਾ ਰਾਹ ਅਪਣਾਉਣਾ ਔਰਤ ਦੇ ਹੱਕਾਂ ਦੀ ਵਕਾਲਤ ਹੈ। ਕਹਾਣੀਕਾਰ ਦੇ ਸਪੁੱਤਰ ਵੱਲੋਂ ਆਪਣੇ ਪਿਤਾ ਦੀ ਸਾਹਿਤਕ ਵਿਰਾਸਤ ਨੂੰ ਸਾਂਭਣਾ ਸ਼ੁਭ ਸ਼ਗਨ ਹੈ, ਜੋ ਖੋਜੀ ਵਿਦਿਆਰਥੀਆਂ ਲਈ ਲਾਭਦਾਇਕ ਹੋ ਸਕਦਾ ਹੈ।

167 ਪੰਨਿਆਂ, 300 ਰੁਪਏ ਕੀਮਤ ਵਾਲੀ ਇਹ ਪੁਸਤਕ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।

-ਉਜਾਗਰ ਸਿੰਘ

# ਕਿੱਸਾ ਹੀਰ ਰਾਂਝਾ, ਵਾਰਿਸ ਸ਼ਾਹ : ਅਧਿਆਤਮਕ ਪਰਿਪੇਖ

-ਡਾ. ਰਾਮ ਮੂਰਤੀ

ਕਿੱਸਾ ਹੀਰ ਰਾਂਝਾ ਜੋ ਵਾਰਸ ਸ਼ਾਹ ਵੱਲੋਂ ਲਿਖਿਆ ਗਿਆ ਇੱਕ ਜਗਤ ਪ੍ਰਸਿੱਧ ਰਚਨਾ ਹੈ। ਵਾਰਸ ਸ਼ਾਹ ਤੋਂ ਪਹਿਲਾਂ ਦਮੋਦਰ ਆਪਣੇ ਕਿਸੇ ਹੀਰ ਰਾਂਝਾ ਦੀ ਰਚਨਾ ਕਰ ਚੁੱਕਾ ਸੀ। ਬੇਸ਼ਕ ਦਮੋਦਰ ਦੇ ਕਿੱਸੇ ਦੀ ਕਥਾ ਨੂੰ ਵਾਰਸ ਸ਼ਾਹ ਨੇ ਆਪਣੇ ਕਿਸੇ ਦੀ ਆਧਾਰ ਸਮਗਰੀ ਵਜੋਂ ਵਰਤਿਆ ਪਰ ਆਪਣੇ ਕਾਵਿ ਗੁਣਾਂ ਸਦਕਾ, ਵਿਸ਼ਾਲ ਤੇ ਪਰੌੜ ਵਿਸ਼ਵ ਦ੍ਰਿਸ਼ਟੀ ਸਦਕਾ, ਛੰਦ ਦੇ ਨਿਭਾਓ ਸਦਕਾ, ਕਥਾ ਨੂੰ ਵਿਸਤਰਤ ਬਿਰਤਾਂਤ ਵਿੱਚ ਬੰਨ੍ਹ ਕੇ ਪੇਸ਼ ਕਰ ਸਕਣ ਦੀ ਸਮਰੱਥਾ ਸਦਕਾ, ਵਾਰਸ ਸ਼ਾਹ ਦਮੋਦਰ ਨਾਲੋਂ ਕਿਤੇ ਵੱਧ ਕੱਦਾਵਰ ਸਾਬਤ ਹੋਇਆ। ਬਿਆਨ ਦੀ ਸਮਗਰਤਾ ਤੇ ਵਾਰਤਾਲਾਪ ਦੀ ਦਿਲਚਸਪੀ ਸਦਕਾ ਸੰਗੀਤ ਤੇ ਰਵਾਨੀ ਸਦਕਾ ਸਦੀਆਂ ਪਹਿਲਾਂ ਲਿਖਿਆ ਗਿਆ ਇਹ ਕਿੱਸਾ ਅੱਜ ਵੀ ਪੰਜਾਬੀ ਪਿਆਰਿਆਂ ਵਿੱਚ ਉਨਾ ਹੀ ਮਕਬੂਲ ਹੈ ਜਿੰਨਾ ਇਹ ਆਪਣੇ ਰਚਨਾ ਕਾਲ ਸਮੇਂ ਵਿੱਚ ਸੀ। ਅੱਜ ਵੀ ਅਨੇਕਾਂ ਗਾਇਕ ਗਾਇਕਾਵਾਂ ਗਾਉਂਦੇ ਤੇ ਸਰੋਤੇ ਇਸ ਰਚਨਾ ਨੂੰ ਸੁਣਦੇ ਹੋਏ ਰੱਜਦੇ ਨਹੀਂ। ਆਪਣੇ ਇਹਨਾਂ ਗੁਣ ਲੱਛਣਾਂ ਸਦਕਾ ਇਹ ਸਮਿਆਂ ਤੋਂ ਪਾਰ ਦੀ ਰਚਨਾ ਬਣ ਗਈ ਹੈ। ਇਸੇ ਕਰਕੇ ਇਸ ਨੂੰ ਸਾਡੇ ਸਨਾਤਨੀ ਕਾਵ ਦੀ ਕੋਟੀ ਵਿੱਚ ਰੱਖਿਆ ਜਾਂਦਾ ਹੈ।

ਕਿੱਸਾ ਹੀਰ ਰਾਂਝਾ ਵਾਰਸ ਸ਼ਾਹ ਦੇ ਅਨੇਕਾਂ ਪੱਖ ਤੇ ਪਸਾਰ ਹਨ ਜਿਨਾਂ ਸਬੰਧੀ ਹੁਣ ਤੱਕ ਬੜੀ ਭਰਮੀ ਖੋਜ ਬੀਨ ਹੋ ਚੁੱਕੀ ਹੈ ਤੇ ਹੋ ਰਹੀ ਹੈ। ਜਿਵੇਂ ਲੋਕਧਾਰਕ ਸਮਗਰੀ, ਭਾਸ਼ਾ, ਲੋਕ ਸਿਆਣਪਾਂ, ਹਿਕਮਤ, ਸੱਭਿਆਚਾਰਕ ਹਾਲਾਤ, ਧਾਰਮਿਕ ਹਾਲਾਤ ਆਦਿ। ਇਸ ਰਚਨਾ ਦੇ ਅਧਿਆਤਮਕ ਪਰਿਪੇਖ ਸਬੰਧੀ ਵੀ ਜਰੂਰ ਕੰਮ ਹੋਇਆ ਹੈ ਪਰ ਨਿਗੂਣੀ ਮਾਤਰਾ ਵਿੱਚ। ਇਸ ਕਿੱਸੇ ਦਾ ਇਹ ਪੱਖ ਵੀ ਬੜਾ ਮਜਬੂਤ ਹੈ। ਇਸ ਲਈ ਰਚਨਾ ਦੇ ਇਸ ਪਰਿਪੇਖ ਨੂੰ ਵੀ ਉਭਾਰ ਕੇ ਵਿਆਖਿਆਉਣ ਤੇ ਵਿਸ਼ਲੇਸ਼ਤ ਕਰਨ ਦੀ ਜਰੂਰਤ ਹੈ। ਦਰਅਸਲ ਸਾਡੇ ਭਾਰਤੀ ਸਮਾਜ ਵਿੱਚ ਬਹੁ ਗਿਣਤੀ ਆਸਤਕ ਲੋਕਾਂ ਦੀ ਹੈ। ਮਹਾਂਵੀਰ ਜੈਨ, ਮਹਾਤਮਾ ਬੁੱਧ ਤੋਂ ਲੈ ਕੇ ਗੁਰੂ ਗੋਰਖਨਾਥ, ਗੁਰੂ ਨਾਨਕ ਦੇਵ, ਸੰਤ ਕਬੀਰ, ਸੰਤ ਰਵਿਦਾਸ, ਸੰਤ ਨਾਮਦੇਵ ਤੇ ਹੋਰ ਭਾਰਤੀ ਸੰਤਾਂ ਤੇ ਸੂਫੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਬੜਾ ਦੀਰਗ ਫਲਸਫ਼ਾ ਰਚਿਆ ਹੈ। ਇਸ ਫਲਸਫੇ ਦਾ ਭਾਰਤੀ ਤੇ ਪੰਜਾਬੀ ਲੋਕਾਂ ਉੱਪਰ ਬੜਾ ਗਹਿਰਾ ਪ੍ਰਭਾਵ ਪਿਆ ਹੈ ਜਿਸ ਸਦਕਾ ਅਸੀਂ ਭਾਰਤੀ ਲੋਕ ਇਕ ਰੱਬ ਵਿੱਚ ਯਕੀਨ ਰੱਖਣ ਵਾਲੇ, ਮੌਤ ਨੂੰ ਚੇਤੇ ਰੱਖਣ ਵਾਲੇ ਹਾਂ। ਸਾਨੂੰ ਇਸ ਅਧਿਆਤਮਕ ਫਲਸਫ਼ੇ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਇਹ ਸੰਸਾਰ ਜਿਸ ਵਿੱਚ ਅਸੀਂ ਰਹਿ ਰਹੇ ਹਾਂ ਇਹ ਚੰਦ ਰੋਜ਼ ਦਾ ਟਿਕਾਣਾ ਹੈ। ਇਹ ਸੰਸਾਰ ਖਿਣ ਭੰਗਰ, ਪਾਣੀ ਤੇ ਬੁਲਬਲਾ, ਬੱਦਲ ਦੀ ਛਾਂ ਤੇ ਧੂਏ ਦਾ ਪਹਾੜ ਹੈ। ਇਸ ਲਈ ਇੱਥੇ ਕੁਝ ਵੀ ਮਾਣ ਤੇ ਹੰਕਾਰ ਕਰਨ ਯੋਗ ਨਹੀਂ ਹੈ। ਮਨੁੱਖ ਨੂੰ ਭਲੇ ਦੇ ਕੰਮ ਕਰਨੇ ਚਾਹੀਦੇ ਹਨ ਤੇ ਰੱਬ ਦਾ ਨਾਮ ਜਪਣਾ ਚਾਹੀਦਾ ਹੈ। ਇਹ ਜਨਮ ਮਸੀਂ ਮਿਲਿਆ ਹੈ ਤੇ ਉਹਨਾਂ ਮਨੁੱਖਾਂ ਦਾ ਹੀ ਸਫ਼ਲ ਹੈ ਜੋ ਰੱਬ ਦਾ ਨਾਮ ਜਪਦੇ ਹਨ।

ਵਾਰਸ ਸ਼ਾਹ ਮੁਸਲਿਮ ਧਰਮ ਨਾਲ ਸਬੰਧ ਰੱਖਦਾ ਸੀ ਤੇ ਇੱਕ ਆਸਤਕ ਮਨੁੱਖ ਸੀ। ਕੁਦਰਤੀ ਸੀ ਕਿ ਉਸਦੇ ਕਿੱਸੇ ਵਿੱਚ ਵੀ ਉਸਦੀ ਆਸਤਿਕਤਾ ਝਲਕਾਂ ਮਾਰਦੀ। ਝਲਕਾਂ ਹੀ ਨਹੀਂ ਮਾਰਦੀ ਸਗੋਂ ਇਸ ਕਿੱਸੇ ਦੀ ਆਧਾਰਸ਼ਿਲਾ ਹੀ ਅਧਿਆਤਮਿਕ ਫਲਸਫ਼ੇ ਉੱਪਰ ਉਸਰੀ ਹੋਈ ਹੈ ਜਾਂ ਇਉਂ ਕਹਿ ਲਓ ਕਿ ਇਹ ਕਿੱਸਾ ਲਿਖਣ ਦਾ ਉਸਦਾ ਉਦੇਸ਼ ਹੀ ਆਪਣੇ ਅਧਿਆਤਮਕ ਮੱਤ ਦੀ ਸਿਰਜਣਾਤਮਕ ਪੇਸ਼ਕਾਰੀ ਕਰਨ ਦਾ ਸੀ ਜਿਸ ਵਿੱਚ ਉਹ ਬਹੁਤ ਹੀ ਸਫਲ ਰਿਹਾ ਹੈ। ਹੋਰ ਵੱਖਰਤਾਵਾਂ ਦੇ ਨਾਲ ਨਾਲ ਦਮੋਦਰ ਨਾਲੋਂ ਉਸਦੀ ਇਹ ਵੀ ਇੱਕ ਮਹਾਨ ਵੱਖਰਤਾ ਤੇ

ਉਪਲਬਧੀ ਹੈ ਕਿ ਜਿੱਥੇ ਦਮੋਦਰ ਹੀਰ ਰਾਂਝੇ ਦੀ ਕਥਾ ਨੂੰ ਇਸ਼ਕ ਮਜਾਜੀ ਉਪਰ ਹੀ ਸਮੇਟ ਦਿੰਦਾ ਹੈ ਉੱਥੇ ਵਾਰਸ ਸ਼ਾਹ ਇਸ ਕਥਾ ਨੂੰ ਨਵਾਂ ਵਿਸਥਾਰ ਦਿੰਦਿਆਂ ਰੂਹਾਨੀਅਤ ਦਾ ਜਾਮਾ ਪਹਿਨਾ ਦਿੰਦਾ ਹੈ। ਉਸਦੇ ਇਸ ਯਤਨ ਸਦਕਾ ਹੀਰ ਦੀ ਕਥਾ ਅਧਿਆਤਮਕ ਜਗਤ ਵਿੱਚ ਵੀ ਪ੍ਰਵਾਨ ਕਰ ਲਈ ਜਾਂਦੀ ਹੈ ਤੇ ਬੁੱਲ੍ਹੇ ਸ਼ਾਹ ਵਰਗਾ ਸੂਫ਼ੀ ਫ਼ਕੀਰ ਵੀ ਇਸ ਕਥਾ ਦੇ ਵੇਰਵਿਆਂ ਨੂੰ ਆਪਣੀਆਂ ਕਾਫ਼ੀਆਂ ਵਿੱਚ ਬੜੀ ਸਨਮਾਨ ਯੋਗ ਥਾਂ ਦਿੰਦਾ ਲਿਖਦਾ ਹੈ :

**ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ**
**ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ**
**ਰਾਂਝਾ ਮੈਂ ਵਿੱਚ ਮੈਂ ਰਾਂਝੇ ਵਿੱਚ ਹੋਰ ਖਿਆਲ ਨਾ ਕੋਈ**

**ਜਾਂ**

**ਰਾਂਝੇ ਨੂੰ ਮੈਂ ਗਾਲੀਆਂ ਦੇਵਾਂ ਦਿਲ ਵਿੱਚ ਕਰਾਂ ਦੁਆਈ**
**ਮੈਂ ਤੇ ਰਾਂਝਾ ਇਕੋ ਕੋਈ ਲੋਕਾਂ ਨੂੰ ਭਰਮਾਈ**

ਵਾਰਸ ਸ਼ਾਹ ਦੁਨਿਆਵੀ ਹੀਰ ਨੂੰ ਧਰਤੀ ਤੋਂ ਚੁੱਕ ਕੇ ਅਰਸ਼ਾਂ ਤੱਕ ਲੈ ਜਾਂਦਾ ਹੈ ਤੇ ਆਪਣੀ ਅਧਿਆਤਮਿਕਤਾ ਦੇ ਬਲਬੂਤੇ ਉਸਨੂੰ ਰੂਹ ਦਾ ਰੁਤਬਾ ਪ੍ਰਦਾਨ ਕਰ ਦਿੰਦਾ ਹੈ। ਇਹੋ ਕਵੀ ਦੀ ਸਮਰੱਥਾ ਹੁੰਦੀ ਹੈ ਕਿ ਉਹ ਜ਼ੱਰੇ ਨੂੰ ਪਹਾੜ ਤੇ ਪਹਾੜ ਨੂੰ ਜ਼ੱਰੇ ਬਣਾ ਸਕਦਾ ਹੈ, ਨਿਰਵਿਸ਼ੇਸ਼ ਨੂੰ ਵਿਸ਼ੇਸ਼ ਤੇ ਵਿਸ਼ੇਸ਼ ਨੂੰ ਨਿਰ ਵਿਸ਼ੇਸ਼ ਬਣਾ ਕੇ ਪੇਸ਼ ਕਰ ਸਕਦਾ ਹੈ। ਤਕਨੀਕੀ ਸ਼ਬਦਾਵਲੀ ਵਿੱਚ ਕਵੀ ਦੇ ਇਸ ਖੇਲ ਨੂੰ ਅਜਨਬੀਕਰਨ ਦੀ ਜੁਗਤ ਕਿਹਾ ਜਾਂਦਾ ਹੈ। ਆਪਣੇ ਅਧਿਆਤਮਿਕ ਮਤਿ ਦੀ ਪੇਸ਼ਕਾਰੀ ਕਰਦਾ ਹੋਇਆ ਵਾਰਸ ਸ਼ਾਹ ਲਿਖਦਾ ਹੈ :

**ਹੀਰ ਰੂਹ ਤੇ ਚਾਕ ਕਲਬੂਤ ਜਾਣੋ, ਬਾਲ ਨਾਥ ਇਹ ਪੀਰ ਬਣਾਇਆ ਈ**

**ਪੰਜ ਪੀਰ ਹਵਾਸ ਇਹ ਪੰਜ ਤੇਰੇ ਜਿਨਾਂ ਥਾਪਣਾ ਤੁਧ ਨੂੰ ਲਾਇਆ ਈ**

**ਕਾਜ਼ੀ ਹੱਕ ਚਬੇਲ ਨੇ ਅਸਲ ਤੇਰੇ ਇਆਲ ਮੁਨਕਰ ਨਕੀਰ ਠਹਿਰਾਇਆ ਈ**

**ਕੋਠਾ ਹੋਰ ਇਜਰਾਇਲ ਹੈ ਇਹ ਖੇੜਾ ਜਿਹੜਾ ਲੈਦੋਂ ਹੀ ਰੂਹ ਨੂੰ ਧਾਇਆ ਈ**

**ਕੈਦੋ ਲੰਡਾਂ ਸ਼ੈਤਾਨ ਮਲੂਕ ਜਾਣੋ ਜਿਸ ਨੇ ਵਿੱਚ ਦੀਵਾਨ ਫੜਾਇਆ ਈ**

**ਸਈਆਂ ਹੀਰ ਦੀਆਂ ਹਨ ਘਰ ਬਾਰ ਤੇਰਾ ਜਿਨਾ ਨਾਲ ਪੈਵੰਦ ਬਣਾਇਆ ਈ**

**ਵਾਂਗ ਹੀਰ ਦੇ ਬੰਨ ਲੈ ਜਾਣ ਤੈਨੂੰ ਕਿਸੇ ਨਾਲ ਨਾ ਸਾਥ ਲਦਾਇਆ ਈ**

ਵਾਰਸ ਸ਼ਾਹ ਦਾ ਕਮਾਲ ਇਹ ਹੈ ਕਿ ਕਿੱਸਾ ਉਹ ਇੱਕ ਪ੍ਰੇਮ ਕਹਾਣੀ ਤੋਂ ਸ਼ੁਰੂ ਕਰਦਾ ਹੈ , ਸਮੇਂ ਦੇ ਸਮਾਜ ਦੇ ਆਲੇ ਦੁਆਲੇ ਦੇ ਹਾਲਾਤ ਪੇਸ਼ ਕਰਦਾ ਹੈ। ਭ੍ਰਿਸ਼ਟ ਸਮਾਜਿਕ ਤੇ ਧਾਰਮਿਕ ਜੀਵਨ ਦੀ ਕੱਟੜਤਾ ਦੀ ਯਥਾਰਥਕ ਦੀ ਤਸਵੀਰਕਸ਼ੀ ਵੀ ਕਰਦਾ ਹੈ, ਜੋ ਦੋ ਪ੍ਰੇਮੀਆਂ ਦੇ ਪਿਆਰ ਦੇ ਪ੍ਰਵਾਨ ਚੜਨ ਦੇ ਰਾਹ ਵਿੱਚ ਅੱਕੜਾਂ ਖੜੀਆਂ ਕਰਦੀ ਹੈ। ਇਸ ਹਾਲਾਤ ਵਿੱਚ ਹੀਰ ਤੇ ਰਾਂਝਾ ਇੱਕ ਦੂਜੇ ਨੂੰ ਮਿਲਣ ਲਈ ਤਰਸਦੇ ਹਨ ਪਰ ਇਹ ਸ਼ਾਇਦ ਉਹਨਾਂ ਨੂੰ ਵੀ ਨਹੀਂ ਪਤਾ ਕਿ ਉਹ ਦੋਵੇਂ ਰੂਹ ਤੇ ਕਲਬੂਤ ਭਾਵ ਸਰੀਰ ਵਾਂਗ ਇੱਕੋ ਹੀ ਹਨ। ਉਹਨਾਂ ਦਾ ਤਾਂ ਰੂਹਾਨੀ ਮਿਲਾਪ ਹੈ। ਅਧਿਆਤਮਕ ਫਲਸਫ਼ੇ ਦੀ ਇੰਨੀ ਪ੍ਰਤੀਕਆਤਮਕ ਤੇ ਸਿਰਜਣਾਤਮਕ ਪੇਸ਼ਕਾਰੀ, ਕਾਵਿ ਸਮਰੱਥਾ ਤੇ ਸਫ਼ਲਤਾ ਦੇ ਇੰਨੇ ਉੱਚੇ ਮਿਆਰ ਸਿਰਜ ਜਾਂਦੀ ਹੈ ਜਿਸ ਦੀ ਬਰਾਬਰੀ ਕਰ ਸਕਣਾ ਕਿਸੇ ਹਾਰੀ ਸਾਰੀ ਦਾ ਕੰਮ ਨਹੀਂ ਹੈ। ਵਾਰਸ ਸ਼ਾਹ ਨੇ ਕਥਾ ਬਿਰਤਾਂਤ ਰਾਹੀਂ ਜੋ ਕੋਡਿੰਗ ਕੀਤੀ ਸੀ ਕਿੱਸੇ ਦੇ ਅੰਤ ਵਿੱਚ ਉਹ ਆਪ ਹੀ ਆਪਣੀ ਕੋਡਿੰਗ ਨੂੰ ਡੀਕੋਡ ਕਰਦਾ ਹੋਇਆ ਹੀਰ, ਚਾਕ, ਪੰਜ ਪੀਰ, ਕਾਜ਼ੀ, ਕੋਠਾ, ਕੈਦੋ, ਸਹੀਆਂ ਦੇ ਸਿਰਜੇ ਗਏ ਪ੍ਰਤੀਕਾਂ ਨੂੰ ਖੋਲ੍ਹ ਕੇ ਦੱਸਣ ਵਿੱਚ ਸਫ਼ਲ ਹੁੰਦਾ ਹੈ ਕਿ ਕਿਵੇਂ ਰੂਹ ਇਹਨਾਂ ਦੁਨਿਆਵੀ ਉਲਝਣਾ ਕਾਜ਼ੀ/ਕੈਦੋਂ/ਕੋਠਾ ਆਦਿ ਵਿੱਚ ਫ਼ਸੀ ਹੋਈ ਹੈ।

ਮੱਧਕਾਲ ਦੇ ਹਰ ਕਿੱਸਾਕਾਰ ਵਾਂਗ ਵਾਰਸ ਸ਼ਾਹ ਆਪਣੇ ਇਸ ਕਿੱਸੇ ਦਾ ਆਰੰਭ ਵੀ ਮੰਗਲਾਚਰਨ ਨਾਲ ਕਰਦਾ ਹੈ। ਕਿੱਸੇ ਦੇ ਮੁਢਲੇ ਬੰਦਾਂ ਵਿੱਚ ਉਸਨੇ ਅੱਲਾ ਤਾਲਾ ਦੀ ਸਿਫ਼ਤ ਸਲਾਹ ਕੀਤੀ ਹੈ ਤੇ ਇਸ਼ਕ ਨੂੰ ਇਸ ਜਗਤ ਦਾ ਮੂਲ ਦੱਸਿਆ ਹੈ ਭਾਵ

ਉਹ ਮੰਨਦਾ ਹੈ ਕਿ ਇਸ ਜਗਤ ਦੀ ਰਚਨਾ ਇਸ਼ਕ ਤੋਂ ਹੋਈ ਹੈ ਤੇ ਅੱਲਾ ਤਾਲਾ ਨੇ ਪਹਿਲਾਂ ਇਸ਼ਕ ਨਬੀ ਰਸੂਲ ਭਾਵ ਹਜਰਤ ਮੁਹੰਮਦ ਸਾਹਿਬ ਨਾਲ ਕੀਤਾ। ਇਸ਼ਕ ਨੂੰ ਉਹ ਬੜਾ ਉੱਚਾ ਦਰਜਾ ਦਿੰਦਾ ਹੋਇਆ ਇਸ ਨੂੰ ਪੀਰਾਂ ਫਕੀਰਾਂ ਦਾ ਮਰਤਬਾ ਦੱਸਦਾ ਹੈ। ਆਪਣਾ ਕਿੱਸਾ ਸ਼ੁਰੂ ਕਰਨ ਤੋਂ ਪਹਿਲਾਂ ਉਹ ਰੱਬ ਦੇ ਨਾਮ ਦੀ ਉਸਤਤ ਕਰਨਾ ਲਾਜ਼ਮੀ ਸਮਝਦਾ ਹੈ ਤਾਂ ਜੋ ਆਰੰਭ ਕੀਤੇ ਕਾਰਜ ਨੂੰ ਸਫ਼ਲਤਾ ਪੂਰਵਕ ਸੰਪੰਨ ਕੀਤਾ ਜਾ ਸਕੇ। ਉਹ ਲਿਖਦਾ ਹੈ:

**ਅਵਲ ਹਮਦ ਖੁਦਾਏ ਦਾ ਵਿਰਦ ਕੀਜੇ ਇਸ਼ਕ ਕੀਤਾ ਸੋ ਜੱਗ ਦਾ ਮੂਲ ਮੀਆਂ**

**ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ ਮਾਸ਼ੂਕ ਹੈ ਨਬੀ ਰਸੂਲ ਮੀਆਂ**

**ਇਸ਼ਕ ਪੀਰ ਫਕੀਰ ਦਾ ਮਰਤਬਾ ਹੈ ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ**

**ਖਿਲੇ ਤਿਨਾਂ ਦੇ ਬਾਗ ਕਲੂਬ ਅੰਦਰ ਜਿਨਾਂ ਕੀਤਾ ਹੈ ਇਸ਼ਕ ਕਬੂਲ ਮੀਆਂ**

ਇਸ ਤਰਾਂ ਵਾਰਸ ਸ਼ਾਹ ਦੇ ਸ਼ਬਦਾਂ ਵਿੱਚ ਇਸ਼ਕ ਇਕ ਬਹੁਤ ਹੀ ਪਾਕ ਪਵਿੱਤਰ ਤੇ ਉੱਚਾ ਸੁੱਚਾ ਜਜ਼ਬਾ ਹੈ। ਉਹ ਕੁਲ ਸੰਸਾਰ ਨਾਲੋਂ ਇਸ਼ਕ ਦੇ ਮਰਤਬੇ ਨੂੰ ਬਹੁਤ ਉੱਚਾ ਗਿਣਦਾ ਹੈ ਤੇ ਅਜਿਹਾ ਇਸ਼ਕ ਕਰਨ ਵਾਲਿਆਂ ਨੂੰ ਪੀਰ ਫ਼ਕੀਰ ਦਾ ਰੁਤਬਾ ਪ੍ਰਦਾਨ ਕਰਦਾ ਹੈ। ਹੀਰ ਨੇ ਆਪਣੇ ਪਾਕ ਪਵਿੱਤਰ ਇਸ਼ਕ ਨੂੰ ਆਪਣੀ ਜਾਨ ਦੇ ਕੇ ਤੋੜ ਚੜ੍ਹਾਇਆ ਇਸ ਲਈ ਕੁਲ ਸੰਸਾਰ ਵਿੱਚ ਉਸਦਾ ਮਰਤਬਾ ਬਹੁਤ ਹੀ ਉੱਚਾ ਹੋ ਗਿਆ। ਹੀਰ ਨੇ ਇੰਨੀ ਸ਼ੋਭਾ ਖੱਟੀ ਕਿ ਅੱਜ ਸੰਸਾਰ ਵਿੱਚ ਉਸ ਨੂੰ ਮਾਈ ਹੀਰ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਇਹ ਵਾਰਸ ਦੀ ਕਲਮ ਦਾ ਹੀ ਕਮਾਲ ਹੈ ਕਿ ਉਸਨੇ ਇਸ਼ਕ ਮੁਸ਼ਕ ਦੀ ਇਸ ਸਧਾਰਨ ਜਿਹੀ ਘਟਨਾ ਨੂੰ ਮਾਰਫ਼ਤ ਦਾ ਜਾਮਾ ਪਹਿਨਾ ਕੇ ਸਦਾ ਲਈ ਅਮਰ ਕਰ ਦਿੱਤਾ ਤੇ ਖੁਦ ਵੀ ਅਮਰ ਹੋ ਗਿਆ। ਹਜ਼ਰਤ ਮੁਹੰਮਦ ਸਾਹਿਬ ਦੇ ਜ਼ਿਕਰ ਤੋਂ ਬਾਅਦ ਉਹ ਰਸੂਲ ਦੇ ਚੌਹਾਂ ਸਾਥੀਆਂ ਅਬੂ ਬਕਰ, ਉਮਰ, ਉਸਮਾਨ ਤੇ ਅਲੀ ਦੀ ਸਿਫ਼ਤ ਕਰਦਾ ਹੈ। ਅਗਲੇ ਬੰਦ ਵਿੱਚ ਪੀਰ ਦੀ ਸਿਫ਼ਤ ਕਰਦਾ ਹੋਇਆ ਉਹ ਆਖਦਾ ਹੈ ਕਿ ਇਸ਼ਕ ਭਾਵ ਰੱਬੀ ਪ੍ਰੇਮ ਵਿੱਚ ਸਫ਼ਲ ਹੋਣ ਲਈ ਕਿਸੇ ਪੀਰ ਫ਼ਕੀਰ ਭਾਵ ਕਿਸੇ ਕਾਮਲ ਮੁਰਸ਼ਦ ਦੀ ਸੰਗਤ ਕਰਨ ਦੀ ਜਰੂਰਤ ਹੈ। ਵਾਰਸ ਸ਼ਾਹ ਲਿਖਦਾ ਹੈ:

**ਮਦਹੋ ਪੀਰ ਦੀ ਹੁਬ ਦੇ ਨਾਲ ਕੀਚੈ ਜਿਹਦੇ ਖਾਦਮ ਦੇ ਵਿੱਚ ਪੀਰੀਆਂ ਨੇ**

**ਬਾਜ ਉਸ ਜਨਾਬ ਦੇ ਪਾਰ ਨਾਹੀ ਲੱਖ ਢੂੰਢਦੇ ਫਿਰਨ ਫਕੀਰੀਆਂ ਨੀ**

**ਜਿਹੜੇ ਪੀਰ ਦੀ ਮਿਹਰ ਮਨਜ਼ੂਰ ਹੋਏ ਘਰ ਤਿਨਾਂ ਦੇ ਪੀਰੀਆਂ ਨੇੜੀਆਂ ਨੀ**

**ਰੋਜ਼ ਹਸ਼ਰ ਦੇ ਪੀਰ ਦੇ ਤਾਲਬਾਂ ਨੂੰ ਹੱਥ ਸੱਜੜੇ ਮਿਲਣਗੀਆਂ ਚੀਰੀਆਂ ਨੀ**

ਵਾਰਸ ਸ਼ਾਹ ਦੀ ਇਹ ਧਾਰਨਾ ਸੂਫ਼ੀ ਕਾਵਿ ਵਿੱਚ ਮਿਲਦੇ ਕਾਮਲ ਮੁਰਸ਼ਦ ਦੇ ਸੰਕਲਪ ਅਤੇ ਗੁਰਬਾਣੀ ਵਿੱਚ ਮਿਲਦੇ ਪੂਰੇ ਗੁਰੂ ਜਾਂ ਸਤਿਗੁਰੂ ਨਾਲ ਮੇਲ ਖਾਂਦੀ ਹੈ। ਅਧਿਆਤਮਕ ਜਗਤ ਵਿੱਚ ਪੀਰ/ਪੂਰੇ ਗੁਰੂ ਜਾਂ ਸਤਿਗੁਰੂ ਨੂੰ ਲੀਡਰ ਭਾਵ ਆਗੂ ਮੰਨਿਆ ਜਾਂਦਾ ਹੈ ਜਿਸ ਦੀ ਅਗਵਾਈ ਤੋਂ ਬਿਨਾਂ ਜਗਿਆਸੂ ਜਾਂ ਸ਼ਿਸ਼ ਨੂੰ ਅਧਿਆਤਮਕ ਸੰਸਾਰ ਵਿੱਚ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਜਿਹੜੇ ਪੀਰ ਦੀ ਦਇਆ ਮਿਹਰ ਦੇ ਪਾਤਰ ਬਣ ਜਾਂਦੇ ਹਨ ਉਹਨਾਂ ਨੂੰ ਮੀਰੀਆਂ ਤੇ ਪੀਰੀਆਂ ਮਿਲਦੀਆਂ ਹਨ ਤੇ ਮੌਤ ਤੋਂ ਬਾਅਦ ਰੱਬ ਦੇ ਦਰਬਾਰ ਵਿੱਚ ਉਹਨਾਂ ਦਾ ਬੜਾ ਇੱਜ਼ਤ ਮਾਣ ਹੁੰਦਾ ਹੈ। ਅਧਿਆਤਮਿਕ ਜਗਤ ਵਿੱਚ ਇਸ ਸੰਸਾਰ ਨੂੰ ਛਿਣ ਭੰਗਰ ਮੰਨਿਆ ਗਿਆ ਹੈ ਤੇ 'ਇੱਥੇ ਰਹਿਣ ਕਥਾਹੂ ਨਾਹੀ' ਦੀ ਸੁਰ ਕੁਝ ਉਚੇਰੀ ਕਰਕੇ ਅਲਾਪੀ ਜਾਂਦੀ ਹੈ ਤਾਂ ਜੋ ਮਨੁੱਖ ਪਾਪਾਂ ਅਪਰਾਧਾਂ ਤੋਂ ਕੁਝ ਨਾ ਕੁਝ ਬਚਿਆ ਰਹਿ ਸਕੇ। ਸੰਸਾਰ ਦੀ ਨਾਸ਼ਵਾਨਤਾ ਨਿਸ਼ਚਿਤ ਹੈ। ਇਹ ਜਗਤ ਇੱਕ ਸਰਾਂ ਵਾਂਗ ਹੈ ਜਿੱਥੋਂ ਇਕ ਨਾ ਇਕ ਦਿਨ ਸਾਨੂੰ ਸਭ ਨੂੰ ਜਾਣਾ ਹੀ ਪੈਣਾ ਹੈ। ਅਧਿਆਤਮਕ ਪੰਜਾਬੀ ਸਾਹਿਤ ਨੇ ਇਸ ਬ੍ਰਹਮੰਡਕ ਸਤਿ ਨੂੰ ਹਮੇਸ਼ਾ ਹੀ ਤਸਲੀਮ ਕੀਤਾ ਹੈ। ਵਾਰਸ ਸ਼ਾਹ ਲਿਖਦਾ ਹੈ:

**ਕਈ ਬੋਲ ਗਏ ਸਾਖ ਉਮਰ ਦੀ ਤੇ ਇੱਥੇ ਆਲਣਾ ਕਿਸੇ ਨਾ**

ਪਾਇਆ ਈ

**ਕਈ ਹੁਕਮ ਤੇ ਜੁਲਮ ਕਮਾ ਚੱਲੇ ਨਾਲ ਕਿਸੇ ਨਾ ਸਾਥ ਲਦਾਇਆ ਈ**

**ਜਾਂ**

**ਵਾਰਸ ਸ਼ਾਹ ਇਸ ਖਾਬ ਸਰਾਏ ਅੰਦਰ ਕਈ ਵਾਜੜੇ ਗਏ ਵਜਾ ਮੀਆਂ**

**ਜਾਂ**

**ਵਲੀ ਗੌਸ ਤੇ ਕੁਤਬ ਸਭ ਖਤਮ ਹੋਏ ਮੌਤ ਸੱਚ ਹੈ ਰੱਬ ਫੁਰਮਾਇਆ ਈ।**

**ਕੁਲ ਸ਼ਆਨ ਹਾਲੇਕੁਲਾ ਵਜਹਾ ਹੁਕਮ ਵਿੱਚ ਕੁਰਾਨ ਦੇ ਆਇਆ ਈ**

ਹੀਰ ਤੇ ਰਾਂਝੇ ਦਾ ਪਿਆਰ ਹਕੀਕੀ ਸਦੀਵੀ ਤੇ ਮਹਾਂ ਪਵਿੱਤਰ ਸੀ। ਦੋਵੇਂ ਇੱਕ ਜਾਨ ਤੇ ਦੋ ਕਲਬੂਤ ਸਨ। ਇਕ ਦੂਜੇ ਤੋਂ ਬਗੈਰ ਜੀ ਨਹੀਂ ਸੀ ਸਕਦੇ। ਇਸੇ ਕਰਕੇ ਜਦੋਂ ਰਾਂਝਾ ਹੀਰ ਦੀ ਮੌਤ ਦੀ ਖਬਰ ਸੁਣਦਾ ਹੈ ਤਾਂ ਇਸ ਸਦਮੇ ਨੂੰ ਨਾ ਸਹਾਰਦਾ ਹੋਇਆ ਆਪਣੀ ਜਾਨ ਵੀ ਦੇ ਦਿੰਦਾ ਹੈ। ਵਾਰਸ ਸ਼ਾਹ ਇਸ ਦ੍ਰਿਸ਼ ਨੂੰ ਇਉ ਪੇਸ਼ ਕਰਦਾ ਹੈ:

**ਰਾਂਝੇ ਵਾਂਗ ਫਰਹਾਦ ਦੇ ਆਹ ਕੱਢੀ ਜਾਨ ਗਈ ਸੁ ਹੋ ਹਵਾ ਮੀਆਂ**

**ਦੋਵੇਂ ਦਾਰੇ ਫਨਾਹ ਥੀ ਗਏ ਸਾਬਤ ਜਾ ਰੁੱਖੇ ਨੇ ਦਾਰੇ ਬਕਾ ਮੀਆ**

**ਦੋਵੇਂ ਰਾਹ ਮਜਾਜ ਦੇ ਰਹੇ ਸਾਬਤ ਨਾਲ ਸਿਦਕ ਤੇ ਗਏ ਵਾਹ ਮੀਆ**

ਵਿਅਕਤੀ ਨੂੰ ਸਰੀਰੋਂ ਮਾਰਨ ਵਾਲਾ ਸੋਚਦਾ ਹੈ ਕਿ ਉਸਨੂੰ ਮਾਰ ਦਿੱਤਾ ਗਿਆ ਹੈ ਲੇਕਿਨ ਅਧਿਆਤਮਿਕ ਜਗਤ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਰੂਹ ਦਾ ਜੀਵਨ ਸਦੀਵੀ ਹੈ ਆਤਮਾ ਅਮਰ ਤੇ ਅਜਰ ਹੈ। ਇਹ ਕਦੇ ਨਹੀਂ ਮਰਦੀ। ਹੀਰ ਦੇ ਮਾਪੇ ਹੀਰ ਨੂੰ ਮਾਰ ਕੇ ਇਸੇ ਭੁਲੇਖੇ ਦੇ ਸ਼ਿਕਾਰ ਹੁੰਦੇ ਹਨ ਜਦਕਿ ਹੀਰ ਨੂੰ ਇਸ ਸਤਿ ਤੇ ਪੂਰਨ ਭਰੋਸਾ ਹੈ ਕਿ ਉਹ ਤੇ ਉਸਦਾ ਰਾਂਝਾ ਜੰਨਤ ਵਿੱਚ ਜਰੂਰ ਮਿਲ ਜਾਣਗੇ। ਉਥੇ ਉਹਨਾਂ ਨੂੰ ਮਿਲਣ ਤੋਂ ਕੋਈ ਨਹੀਂ ਰੋਕ ਸਕਦਾ। ਇਸ ਸਤਿ ਨੂੰ ਵਾਰਸ ਸ਼ਾਹ ਇਉ ਪੇਸ਼ ਕਰਦਾ ਹੈ:

**ਮਾਰ ਸੁੱਟਿਆ ਹੀਰ ਨੂੰ ਮਾਪਿਆਂ ਨੇ ਇਹ ਪੇਖਨੇ ਉਸ ਦੇ ਖਿਆਲ ਦੇ ਨੀ**

**ਬਦ ਅਮਲੀਆਂ ਜਿਨਾਂ ਤੋਂ ਕਰੇਂ ਚੋਰੀ ਮਹਿਰਮ ਹਾਲ ਤੇਰੇ ਵਾਲ ਵਾਲ ਦੇ ਨੀ**

**ਸਾਨੂੰ ਜੰਨਤੀ ਸਾਥ ਰਲਾਉਣਾ ਈ ਅਸਾਂ ਆਸਰੇ ਫਜ਼ਲ ਕਮਾਲ ਦੇ ਨੀ**

ਇਹ ਵੀ ਇੱਕ ਅਧਿਆਤਮਕ ਸੱਚਾਈ ਹੈ ਕਿ ਜਦੋਂ ਮਨੁੱਖ ਆਪਣਿਆਂ ਹੱਥੋਂ ਠੋਕਰ ਖਾਂਦਾ ਹੈ ਤਾਂ ਉਦਾਸ ਨਿਰਾਸ਼ ਹੋ ਜਾਂਦਾ ਹੈ। ਨਿਰਾਸ਼ ਹੋ ਕੇ ਉਹ ਫਿਰ ਦਰਵੇਸ਼ੀ ਦਾ ਪੱਲਾ ਫੜ ਲੈਂਦਾ ਹੈ ਤੇ ਕਿਸੇ ਉਚੇਰੇ ਆਨੰਦ ਜਾਂ ਖੁਸ਼ੀ ਦੀ ਤਲਾਸ਼ ਵਿੱਚ ਨਿਕਲ ਤੁਰਦਾ ਹੈ। ਅਜਿਹਾ ਹੀ ਕੁਝ ਇਸ ਕਿੱਸੇ ਦੇ ਨਾਇਕ ਰਾਂਝੇ ਨਾਲ ਵੀ ਹੁੰਦਾ ਹੈ। ਉਸਦੇ ਭਾਈ ਉਸ ਨੂੰ ਹਿੱਸੇ ਆਉਂਦੀ ਬੰਜਰ ਜ਼ਮੀਨ ਦੇ ਛੱਡਦੇ ਹਨ। ਅਜਿਹੀ ਬੰਜਰ ਭੂਮੀ ਉੱਪਰ ਰਾਂਝੇ ਲਈ ਖੇਤੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਜਦੋਂ ਉਸ ਖੇਤੀ ਵਿੱਚੋਂ ਕੁਝ ਵੀ ਪੱਲੇ ਨਹੀਂ ਪੈਂਦਾ ਤਾਂ ਉਹ ਨਿਰਾਸ਼ ਹੋ ਕੇ ਤਖਤ ਹਜ਼ਾਰਾਂ ਛੱਡ ਦਿੰਦਾ ਹੈ ਤੇ ਕਿਸੇ ਉਚੇਰੀ ਖੁਸ਼ੀ ਭਾਵ ਹੀਰ ਦੀ ਭਾਲ ਵਿੱਚ ਨਿਕਲ ਤੁਰਦਾ ਹੈ। ਉਸਦੀ ਅਜਿਹੀ ਮਾਨਸਿਕ ਅਵਸਥਾ ਨੂੰ ਵਾਰਸ ਸ਼ਾਹ ਨੇ ਬੜੇ ਮਾਰਮਿਕ ਅੰਦਾਜ਼ ਵਿੱਚ ਚਿਤਰਿਆ ਹੈ। ਉਹ ਲਿਖਦਾ ਹੈ:

**ਰੂਹ ਛੱਡ ਕਲਬੂਤ ਜਿਉ ਵਿਦਾ ਹੁੰਦਾ ਤੇ ਤਿਵੇਂ ਇਹ ਦਰਵੇਸ਼ ਸਿਧਾਇਆ ਈ**

**ਅੰਨ ਪਾਣੀ ਹਜ਼ਾਰੇ ਦਾ ਕਸਮ ਕਰਕੇ ਕਸਦ ਝੰਗ ਸਿਆਲ ਚਿਤਾਰਿਆ ਈ**

**ਕੀਤਾ ਰਿਜਕ ਨੇ ਆਣ ਉਦਾਸ ਰਾਂਝਾ ਚਲੋ ਚਲੀ ਹੀ ਜਿਉ ਪੁਕਾਰਿਆ ਈ**

**ਕੱਛੇ ਵੰਜਲੀ ਮਾਰ ਕੇ ਰਵਾਂ ਹੋਇਆ ਵਾਰਸ ਸ਼ਾਹ ਨੇ ਵਤਨ ਵਿਸਾਰਿਆ ਈ**

ਇਥੋਂ ਇਕ ਹੋਰ ਬੜਾ ਦਿਲਚਸਪ ਅਧਿਆਤਮਕ ਪ੍ਰਤੀਕ ਉਭਰਦਾ ਹੈ। ਅਸਲ ਵਿੱਚ ਰਾਂਝਾ ਇਥੇ ਆਮ ਮਨੁੱਖ ਹੈ ਤੇ ਇਹ ਸੰਸਾਰ ਬੰਜਰ ਭੂਮੀ ਦੇ ਸਮਾਨ ਹੈ ਜਿੱਥੇ ਅੱਜ ਤੱਕ ਕਿਸੇ ਨੂੰ ਆਖਰ

ਕੁਝ ਵੀ ਪ੍ਰਾਪਤ ਨਹੀਂ ਹੁੰਦਾ ਤੇ ਇਸ ਬੰਜਰ ਭੂਮੀ ਭਾਵ ਸੰਸਾਰ ਨਾਲ ਸੰਘਰਸ਼ ਕਰਦਾ ਮਨੁੱਖ ਅੰਤ ਨਿਰਾਸ਼ ਹੋ ਜਾਂਦਾ ਹੈ। ਰਾਂਝੇ ਦਾ ਇਹ ਐਪੀਸੋਡ ਦਰਸਾਉਂਦਾ ਹੈ ਕਿ ਮਨੁੱਖ ਅੰਤ ਇਕਲਾ ਹੀ ਹੈ। ਮਤਲਬ ਪ੍ਰਸਤੀ ਦੀ ਇਸ ਦੁਨੀਆਂ ਵਿੱਚ ਅਤਿ ਨਜਦੀਕੀ ਰਿਸ਼ਤੇ ਨਾਤੇ ਵੀ ਉਦੋਂ ਤੱਕ ਬਰਕਰਾਰ ਹਨ ਜਦੋਂ ਤੱਕ ਇਹ ਇੱਕ ਦੂਸਰੇ ਦੇ ਹਿੱਤਾਂ ਦੀ ਪੂਰਤੀ ਕਰਦੇ ਰਹਿੰਦੇ ਹਨ। ਇਹਨਾਂ ਰਿਸ਼ਤਿਆਂ ਨਾਤਿਆਂ ਤੋਂ ਨਿਰਾਸ਼ ਹੋ ਕੇ ਮਨੁੱਖ ਕਿਸੇ ਉਚੇਰੀ ਖ਼ੁਸ਼ੀ ਦੀ ਭਾਲ ਵਿੱਚ ਭਟਕਦਾ ਫਿਰਦਾ ਹੈ। 12 ਸਾਲ ਮੱਝਾਂ ਚਾਰ ਕੇ ਭਾਵ ਵਗਾਰਾਂ ਕਰਕੇ ਵੀ ਜਦੋਂ ਹੀਰ ਰੂਪੀ ਖ਼ੁਸ਼ੀ ਦੀ ਪ੍ਰਾਪਤੀ ਰਾਂਝੇ ਨੂੰ ਨਹੀਂ ਹੁੰਦੀ ਤਾਂ ਉਹ ਕਿਸੇ ਪੀਰ ਫ਼ਕੀਰ ਦੀ ਸ਼ਰਨ ਵਿੱਚ ਜਾਣਾ ਪਸੰਦ ਕਰਦਾ ਹੈ। ਅੰਤ ਇਸ ਖ਼ੁਸ਼ੀ/ਆਨੰਦ/ਹੀਰ ਦੀ ਪ੍ਰਾਪਤੀ ਉਸਨੂੰ ਗੁਰੂ ਗੋਰਖ ਨਾਥ ਵਰਗੇ ਪੀਰ ਫ਼ਕੀਰ ਦੀ ਸ਼ਰਨ ਵਿੱਚ ਜਾ ਕੇ ਹੀ ਹੁੰਦੀ ਹੈ। ਜਦੋਂ ਰਾਂਝਾ ਗੁਰੂ ਗੋਰਖ ਨਾਥ ਤੋਂ ਯੋਗ ਲੈ ਲੈਂਦਾ ਹੈ ਤਾਂ ਹੀਰ ਵੀ ਉਸ ਕੋਲੋਂ ਬਸ਼ਸ਼ਵਾ ਲੈਂਦਾ ਹੈ। ਹੀਰ ਦੀ ਬਖਸ਼ਿਸ਼ ਕਰਦਾ ਹੋਇਆ ਗੁਰੂ ਗੋਰਖ ਨਾਥ ਉਸ ਨੂੰ ਇਹ ਬਚਨ ਆਖਦਾ ਹੈ:

**ਨਾਥ ਖੋਲ ਅੱਖੀਂ ਕਿਹਾ ਰਾਂਝਣੇ ਨੂੰ ਬੱਚਾ ਜਾ ਤੇਰਾ ਕੰਮ ਹੋਇਆ ਈ**

**ਫਲ ਆਣ ਲੱਗਾ ਉਸ ਬੂਟੜੇ ਨੂੰ ਜਿਹੜਾ ਵਿੱਚ ਦਰਗਾਹ ਦੇ ਬੋਇਆ ਈ**

**ਹੀਰ ਬਖਸ਼ ਦਿੱਤੀ ਸੱਚੇ ਰੱਬ ਤੈਨੂੰ ਮੋਤੀ ਲਾਲ ਦੇ ਨਾਲ ਪਰੋਇਆ ਈ**

**ਚੜ ਦੌੜ ਕੇ ਜਿੱਤ ਲੈ ਖੇੜਿਆਂ ਨੂੰ ਬੱਚਾ ਸੌਣ ਤੈਨੂੰ ਭਲਾ ਹੋਇਆ ਈ**

ਇਸ ਤਰ੍ਹਾਂ ਵਾਰਸ ਸ਼ਾਹ ਇਸ ਭਾਵ ਨੂੰ ਦ੍ਰਿੜ ਕਰਦਾ ਹੈ ਕਿ ਅਧਿਆਤਮਕ ਜੀਵਨ ਵਿੱਚ ਪੂਰੇ ਗੁਰੂ ਜਾਂ ਪੀਰ ਦਾ ਲੜ ਫੜੇ ਬਗੈਰ ਪ੍ਰਾਪਤੀ ਅਸੰਭਵ ਹੈ। ਅਧਿਆਤਮਿਕ ਜਗਤ ਵਿੱਚ ਕਾਰਜਸ਼ੀਲ ਵਿਅਕਤੀ ਸਭ ਕਿਸਮ ਦੇ ਸਮਾਜਿਕ ਬੰਧਨਾ, ਧਾਰਮਿਕ ਕਰਮ-ਕਾਂਡਾਂ ਅਤੇ ਮਜ਼ਹਬਾਂ ਦੇ ਬਖੇੜਿਆਂ ਤੋਂ ਉੱਪਰ ਹੁੰਦਾ ਹੈ। ਇਥੇ ਸਾਧਕ ਕੇਵਲ ਤੇ ਕੇਵਲ ਆਪਣੇ ਉਦੇਸ਼ ਨੂੰ ਮੁੱਖ ਰੱਖਦਾ ਹੈ। ਉਦੇਸ਼ ਹੁੰਦਾ ਹੈ ਰੂਹਾਨੀ ਪ੍ਰਾਪਤੀ। ਇਸ ਕਿੱਸੇ ਵਿੱਚ ਰਾਂਝੇ ਦਾ ਉਦੇਸ਼ ਵੀ ਰੂਹਾਨੀ ਪ੍ਰਾਪਤੀ ਹੀ ਹੈ ਜਿਸਨੂੰ ਹੀਰ ਦਾ ਸਿੰਬਲ ਦੇ ਕੇ ਪੇਸ਼ ਕੀਤਾ ਗਿਆ ਹੈ। ਇਸ ਪ੍ਰਾਪਤੀ ਨੂੰ ਸਨਮੁੱਖ ਰੱਖਦਿਆਂ ਰਾਂਝਾ ਸਭ ਕਿਸਮ ਦੇ ਧਰਮਾ ਮਜ਼ਹਬਾਂ ਦੇ ਬੰਧਨਾਂ ਤੋਂ ਉੱਪਰ ਉੱਠ ਜਾਂਦਾ ਹੈ। ਉਹ ਮੁਸਲਿਮ ਹੋ ਕੇ ਪੰਜਾਂ ਪੀਰਾਂ ਦੀ ਅਰਾਧਨਾ ਵੀ ਕਰਦਾ ਹੈ ਪਰ ਜਦੋਂ ਪੂਰੇ ਗੁਰੂ ਦੀ ਲੋੜ ਮਹਿਸੂਸ ਕਰਦਾ ਹੈ ਤਾਂ ਧਾਰਮਿਕ ਬੰਧਨਾਂ ਨੂੰ ਛਿੱਕੇ ਟੰਗ ਕੇ ਹਿੰਦੂ ਧਰਮ ਦੇ ਗੁਰੂ, ਗੁਰੂ ਨਾਥ ਪਾਸੋਂ ਜੋਗ ਵੀ ਧਾਰਨ ਕਰ ਲੈਂਦਾ ਹੈ। ਇਸ ਤਰ੍ਹਾਂ ਇਸ ਕਿਸੇ ਵਿੱਚੋਂ ਰਾਂਝਾ ਸੰਪਰਦਾਇਕ ਸਦਭਾਵਨਾ ਦਾ ਵੱਡਾ ਅਲੰਬਰਦਾਰ ਬਣ ਕੇ ਉਭਰਦਾ ਹੈ ਅਤੇ ਇਹ ਸੁਨੇਹਾ ਵੀ ਦਿੰਦਾ ਹੈ ਕਿ ਉਦੇਸ਼ ਜੇ ਉੱਚਾ ਤੇ ਸੁੱਚਾ ਹੋਵੇ ਤਾਂ ਉਸਦੀ ਪੂਰਤੀ ਦੇ ਰਾਹ ਵਿੱਚ ਜਾਤਾਂ ਗੋਤਾਂ ਤੇ ਧਰਮਾਂ ਮਜਬਹਾ ਦੀਆਂ ਇਹ ਵਲਗਣਾ ਨਹੀਂ ਆਉਣੀਆਂ ਚਾਹੀਦੀਆਂ ਤੇ ਮਨੁੱਖ ਨੂੰ ਇਹਨਾਂ ਤੋਂ ਉੱਪਰ ਉੱਠ ਜਾਣਾ ਚਾਹੀਦਾ ਹੈ। ਅਜੋਕੇ ਸੰਪਰਦਾਇਕ ਅਸਹਿਣਸ਼ੀਲਤਾ ਦੇ ਦੌਰ ਵਿੱਚ ਰਾਂਝੇ ਦਾ ਇਹ ਕਿਰਦਾਰ ਸਾਡੇ ਲਈ ਹੋਰ ਵੀ ਪ੍ਰਸੰਗਿਕ ਹੋ ਨਿਬੜਦਾ ਹੈ। ਕੁਰਾਨ ਦੇ ਮਾਅਨਿਆਂ ਵਿਚ ਲਿਖੀ ਇਸ ਰਚਨਾ ਦਾ ਨਾਇਕ ਜੇ ਕਿਸੇ ਹੋਰ ਧਰਮ ਦੀ ਸੰਪਰਦਾ ਦੇ ਮੁਖੀ ਨੂੰ ਆਪਣਾ ਗੁਰੂ ਬਣਾਉਂਦਾ ਹੈ ਤਾਂ ਹੋਰ ਵੀ ਮਹੱਤਵਪੂਰਨ ਤੇ ਸਲਾਹੁਣ ਯੋਗ ਵਰਤਾਰਾ ਕਿਹਾ ਜਾ ਸਕਦਾ ਹੈ ਜੇ ਇਸ ਨੂੰ ਧਰਮ ਪਰਿਵਰਤਨ ਦਾ ਇਲਜ਼ਾਮ ਲਗਾ ਕੇ ਰੱਦ ਨਾ ਕੀਤਾ ਜਾਵੇ ਤਾਂ।

ਉਪਰੋਕਤ ਚਰਚਾ ਦੇ ਅਧਾਰ ਤੇ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਵਾਰਸ ਸ਼ਾਹ ਦੇ ਇਸ ਕਿੱਸੇ ਦੀ ਪਿੱਠ ਭੂਮੀ ਵਿੱਚ ਅਧਿਆਤਮਕ ਵਿਚਾਰਧਾਰਾ ਕੰਮ ਕਰਦੀ ਹੈ। ਹੀਰ ਰੂਪੀ ਖ਼ੁਸ਼ੀ ਨੂੰ ਰਾਂਝਾ ਰੂਪ ਮਨੁੱਖੀ ਕਲਬੂਤ ਭਾਲਦਾ ਫਿਰਦਾ ਹੈ ਅਤੇ ਇਹ ਪ੍ਰਾਪਤੀ ਉਸਨੂੰ ਪੂਰੇ ਗੁਰੂ ਦੀ ਸ਼ਰਨ ਵਿੱਚ ਜਾ ਕੇ ਹੀ ਹੋ ਸਕਦੀ ਹੈ। ਇਸ ਤਰ੍ਹਾਂ ਅਧਿਆਤਮਿਕ ਜਗਤ ਦੀਆਂ ਰਵਾਇਤਾਂ ਨੂੰ ਇਸ ਕਿੱਸੇ ਵਿੱਚ ਪ੍ਰਤੀਕਆਤਮਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਹਨਾਂ ਅਰਥਾਂ ਵਿੱਚ ਇਸ ਕਿੱਸੇ ਦਾ ਹੋਰ ਵੀ ਗਹਿਨ ਅਧਿਐਨ ਕਰਨ ਦੀ ਲੋੜ ਬਣੀ ਹੋਈ ਹੈ।

# ਵਿਕਾਸ ਵਿੱਚ ਵਿਨਾਸ਼ ਦਾ ਖੋਰਾ



ਪ੍ਰੋਮਿਲਾ ਅਰੋੜਾ

ਖੋਰਾ

ਡਾ. ਧਰਮਪਾਲ ਸਾਹਿਲ

ਚੇਤਨਾ ਪ੍ਰਕਾਸ਼ਨ

ਲੁਧਿਆਣਾ।ਕੀਮਤ 350/ਰੁਪੈ


.........................................

ਡਾ. ਧਰਮਪਾਲ ਸਾਹਿਲ ਹਿੰਦੀ ਤੇ ਪੰਜਾਬੀ ਸਾਹਿਤ ਵਿੱਚ ਇੱਕ ਮਕਬੂਲ ਨਾਂ ਹੈ। ਓਹਨਾਂ ਦੋਹਾਂ ਭਾਸ਼ਾਵਾਂ ਵਿੱਚ ਵੱਖ ਵੱਖ ਵਿਧਾਵਾਂ ਵਿੱਚ ਉੱਤਮ ਸਾਹਿਤ ਦੀ ਰਚਨਾ ਕੀਤੀ ਹੈ। ਭਾਵੇਂ ਨਾਵਲ ਹੋਵੇ ਜਾਂ ਕਹਾਣੀ, ਮਿੰਨੀ ਕਹਾਣੀ ਹੋਵੇ ਜਾਂ ਮਿੰਨੀ ਕਵਿਤਾ, ਯਾਤਰਾ ਸੰਸਮਰਣ ਜਾਂ ਬਾਲ ਸਾਹਿਤ, ਕੋਸ਼ਕਾਰੀ ਜਾਂ ਕੰਢੀ ਖੇਤਰ ਤੇ ਭਾਸ਼ਾ ਉਪਰ ਖੋਜਪੂਰਨ ਲੇਖ, ਹਰ ਵਿਧਾ ਵਿਚ ਓਹਨਾਂ ਪੂਰੀ ਲਗਨ ਤੇ ਸਮਰਪਣ ਨਾਲ ਇਨਸਾਫ਼ ਕੀਤਾ ਹੈ।

ਜੇਕਰ ਓਹਨਾਂ ਦੇ ਕੰਢੀ ਖੇਤਰ ਨਾਲ ਸੰਬੰਧਤ ਸਾਹਿਤ ਤੇ ਝਾਤ ਮਾਰੀਏ ਤਾਂ ਇਹ 'ਕੰਢੀ ਦਾ ਜੁਗਨੂੰ' 'ਕੰਢੀ ਦਾ ਚਾਨਣ ਮੁਨਾਰਾ' ਬਣਦਾ ਦਿਖਾਈ ਦਿੰਦਾ ਹੈ ਕਿਉਂਕਿ ਪੰਜਾਬੀ ਵਿੱਚ ਆਂਚਲਿਕ ਸਾਹਿਤ ਦੀ ਰਚਨਾ ਬਹੁਤ ਘੱਟ ਹੋਈ ਹੈ। ਜੇ ਦੇਖਿਆ ਜਾਵੇ ਤਾਂ ਇਹਨਾਂ ਦੀ ਤੁਲਨਾ ਅੰਗਰੇਜ਼ੀ ਦੇ 'ਥਾਮਸ ਹਾਰਡੀ,' ਹਿੰਦੀ ਦੇ 'ਫਨੀਸ਼ਵਰ ਨਾਥ ਰੇਨੂੰ 'ਤੇ ਪੰਜਾਬੀ ਦੇ 'ਗੁਰਦਿਆਲ ਸਿੰਘ' ਨਾਲ ਕੀਤੀ ਜਾ ਸਕਦੀ ਹੈ ।

ਬੇਸ਼ੱਕ ਮੈਂ ਓਹਨਾਂ ਦੇ ਹਿੰਦੀ ਤੇ ਪੰਜਾਬੀ ਵਿੱਚ ਲਿਖੇ ਕੰਢੀ ਖੇਤਰ ਨਾਲ ਸਬੰਧਤ ਨਾਵਲ ਪੜ੍ਹੇ ਹਨ ਪਰ 'ਖੋਰਾ' ਓਹਨਾਂ ਨਾਵਲਾਂ ਤੋਂ ਵੱਖਰਾ ਹੈ ਕਿਉਂਕਿ ਉਹ ਨਾਵਲ ਇੱਕ ਪਾਤਰ ਜਾਂ ਕੰਢੀ ਖੇਤਰ ਦੀ ਇਕ ਵਸਤੂ ਨੂੰ ਕੇਂਦਰਿਤ ਕਰਕੇ ਲਿਖੇ ਗਏ ਸਨ ਤੇ ਓਹਨਾਂ ਦੇ ਜ਼ਰੀਏ ਭਾਸ਼ਾ ਤੇ ਸੱਭਿਆਚਾਰ ਦੀ ਗੱਲ ਅੱਗੇ ਵਧਦੀ ਸੀ ਪਰ ਇਸ ਨਾਵਲ ਵਿੱਚ ਕੰਢੀ ਖੇਤਰ ਦੀ ਸੱਭਿਅਤਾ ਤੇ ਮਾਨਸਿਕਤਾ ਨੂੰ ਖੋਰਾ ਲੱਗਣ ਦੀ ਗੱਲ ਕੀਤੀ ਗਈ ਹੈ। ਜਿੱਥੇ ਮਨੁੱਖ ਦੇ ਦਿਮਾਗ ਨੇ ਉਸਨੂੰ ਪੱਥਰ ਯੁੱਗ ਤੋਂ ਕੰਪਿਊਟਰ ਯੁੱਗ ਵਿਚ ਲੈ ਆਉਂਦਾ ਹੈ ਓਥੇ ਮਨੁੱਖ ਤੋਂ ਮਨੁੱਖ ਦੀ ਨੇੜਤਾ, ਆਪਸੀ ਪਿਆਰ ਤੇ ਭਾਈਚਾਰਾ ਅਤੇ ਕਾਦਰ ਦੀ ਕੁਦਰਤ ਨੂੰ ਖੋਰਾ ਲੱਗਿਆ ਹੈ।ਇਹ ਵਿਕਾਸ ਨਾਲ ਵੱਡਾ ਵਿਨਾਸ਼ ਹੋਇਆ ਹੈ।

ਨਾਵਲ ਦਾ ਆਰੰਭ ਵਰਤਮਾਨ ਸਮੇਂ ਵਿੱਚ ਕਰਦੇ ਹੋਏ ਲੇਖਕ ਨੇ ਸ਼ਹਿਰਾਂ ਵਿੱਚ ਪ੍ਰਵਾਸ ਕਾਰਣ ਉਜਾੜ ਹੋਏ ਵਿਹੜਿਆਂ ਦਾ ਜੋ ਵਰਨਣ ਕੀਤਾ ਹੈ ਉਸ ਨਾਲ ਰੂਹ ਕੰਬ ਜਾਂਦੀ ਹੈ, ਪਰੰਤੂ ਜਦੋਂ ਉਹ ਅਤੀਤ ਦੇ ਸਫ਼ੇ ਖੋਲਦਾ ਹੈ ਤਾਂ ਉਸਦੀ ਕਲਪਨਾ ਤੇ ਲਿਖਤ ਦੀ ਸ਼ਿਲਪ ਤੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਉਹ ਇੱਕ ਇੱਕ ਘਰ ਦਾ ਨਕਸ਼ਾ ਲਫਜ਼ਾਂ ਵਿੱਚ ਖਿੱਚਦਾ ਹੈ। ਇੱਕ ਇੱਕ ਘਰ ਦੇ ਜੀਆਂ ਦੀ ਤਫ਼ਸੀਲ ਤੇ ਰਹਿਣ ਸਹਿਣ ਜਮੀਨ ਜਾਇਦਾਦ ਤੇ ਹੋਰ ਪਹਿਲੂਆਂ ਨੂੰ ਲਿਖਦਾ ਹੈ ਕਿ ਇੰਝ ਜਾਪਦਾ ਹੈ ਕਿ ਜਿਹਨ ਵਿੱਚ ਇਹ ਬਸਤੀ ਵੱਸ ਗਈ ਹੋਵੇ। ਲੇਖਕ ਸੱਚ ਹੀ ਤਾਂ ਲਿਖਦਾ ਹੈ ਕਿ



ਖੰਡਰਾਂ ਦੀ ਉਮਰ ਮਹਿਲਾਂ ਨਾਲੋ ਲੰਮੀ ਹੁੰਦੀ ਹੈ 'ਤੇ ਇਹ ਯੂ ਆਕਾਰ ਵਿਹੜੇ ਦੇ ਖੰਡਰ ਪਾਠਕ ਦੇ ਮਨ ਵਿੱਚ ਵਸ ਜਾਂਦੇ ਹਨ।

ਇਸ ਨਾਵਲ ਨੂੰ ਪਾਠਕ ਕੇਵਲ ਪੜ੍ਹਦਾ ਹੀ ਨਹੀਂ ਬਲਕਿ ਇਸਦਾ ਹਿੱਸਾ ਬਣ ਜਾਂਦਾ ਹੈ। ਲੇਖਕ ਨੇ ਉਸ ਵਾਦੀ ਦੀ ਭੂਗੋਲਿਕ ਦਸ਼ਾ, ਫਸਲਾਂ, ਬਨਸਪਤੀ, ਪਾਣੀ ਦੇ ਸ੍ਰੋਤ, ਰੁੱਖਾਂ ਅਤੇ ਇਹਨਾਂ ਤੇ ਰਹਿਣ ਵਾਲੇ ਪੰਛੀਆ, ਜਾਨਵਰਾਂ ਦੀਆ ਕਿਸਮਾਂ, ਜੀਵਨ ਸ਼ੈਲੀ ਤੇ ਜੀਵਨ ਦੀਆਂ ਮੁਸ਼ਕਿਲਾਂ ਤੋਂ ਇਲਾਵਾ, ਉੱਥੋਂ ਦੇ ਲੋਕਾਂ ਦੀਆਂ ਮਾਨਸਿਕ ਪਰਤਾਂ ਨੂੰ ਇਸ ਢੰਗ ਨਾਲ ਪੇਸ਼ ਕੀਤਾ ਹੈ ਕਿ ਪਾਠਕ ਦੇ ਮਨ ਵਿਚ ਸ਼ਬਦ ਚਿੱਤਰ ਇਸ ਤਰ੍ਹਾਂ ਉਭਰਦੇ ਹਨ ਕਿ ਉਹ ਮਾਨਸਿਕ ਰੂਪ ਵਿੱਚ ਕਥਾਨਕ ਦੇ ਨਾਲ ਜੁੜ ਕੇ ਇੰਜ ਮਹਿਸੂਸ ਕਰਦਾ ਹੈ ਕਿ ਇਹ ਸਭ ਕੁਝ ਉਸ ਨਾਲ ਵਾਪਰ ਰਿਹਾ ਹੋਵੇ ਤੇ ਉਹ ਆਪਣੇ ਸਾਮ੍ਹਣੇ ਘਟਨਾਵਾਂ ਹੁੰਦਿਆਂ ਦੇਖ ਰਿਹਾ ਹੋਵੇ। ਇਸ ਤਰ੍ਹਾਂ ਉਹ ਖੁਦ ਨੂੰ ਨਾਵਲ ਦਾ ਹਿੱਸਾ ਬਣਿਆ ਮਹਿਸੂਸ ਕਰਦਾ ਹੈ।

ਨਾਵਲ ਦਾ ਕਥਾਨਕ ਨਰੋਤਮ, ਉਸਦੇ ਉਸਦੇ ਪਰਿਵਾਰ 'ਚੋਂ ਉਸਦੀ ਨੂੰਹ ਦੇਵਕੀ, ਪੋਤਰੇ ਬਿਰਜੂ, ਰਾਣੀ ਦਾਈ ਦੀ ਪੁੱਤਰੀ ਬਾਲੋ ਦੁਆਲੇ ਘੁੰਮਦੀ ਹੈ। ਬਿਰਜੂ ਦੇ ਜਨਮ ਸਮੇਂ ਇਲਾਕੇ ਦਾ ਬਿਰਤਾਂਤ, ਇਸ ਦੀਆਂ ਮੁਸ਼ਕਿਲਾਂ ਤੋਂ ਇਲਾਵਾ ਜਨਮ ਸਮੇਂ ਦੀਆਂ ਪੀੜਾਂ ਤੇ ਹੋਰ ਮਾਨਤਾਵਾਂ ਦਾ ਵਰਨਣ ਲੇਖਕ ਨੇ ਬਾਖੂਬੀ ਚਿਤਰਿਆ ਹੈ। ਜਿਸ ਤਰ੍ਹਾਂ ਹਸਪਤਾਲ ਵਿੱਚ ਓਪਰੇਸ਼ਨ ਦੀ ਤਿਆਰੀ ਦੌਰਾਨ ਉਹ ਬਿਰਜੂ ਨੂੰ ਆਮ ਢੰਗ ਨਾਲ ਪੈਦਾ ਕਰਾਉਣ ਦਾ ਵਰਨਣ ਹੈ ਤਾਂ ਇੰਜ ਜਾਪਦਾ ਹੈ ਕਿ ਲੇਖਕ ਇਕ ਟ੍ਰੇਨਿੰਗ ਪ੍ਰਾਪਤ ਦਾਈ ਹੋਵੇ। ਇੱਥੇ ਲੇਖਕ ਜਨਮ ਸਮੇਂ ਦੀਆਂ ਰਸਮਾਂ ਖੁਸ਼ੀ ਦੇ ਗੀਤ, ਅਸ਼ੀਰਵਾਦ ਆਦਿ ਦਾ ਖ਼ੂਬਸੂਰਤ ਵਰਨਣ ਕਰਦਾ ਹੈ ਜੋਂ ਕੰਢੀ ਖੇਤਰ ਨੂੰ ਸਜੀਵ ਕਰਦਾ ਹੈ। ਇਸ ਤੋਂ ਇਲਾਵਾ ਮੁੰਡਣ, ਵਿਆਹ ਆਦਿ ਦੀਆਂ ਰਸਮਾਂ ਤੇ ਗਾਏ ਜਾਣ ਵਾਲੇ ਗੀਤਾਂ ਦੇ ਨਾਲ ਭਾਈਚਾਰੇ ਦੀ ਸ਼ਮੂਲੀਅਤ ਰਾਹੀਂ ਕੰਢੀ ਖੇਤਰ ਦੀ ਸੱਭਿਅਤਾ ਤੇ ਸੱਭਿਆਚਾਰ ਨੂੰ ਵੀ ਪਾਠਕ ਦੇ ਰੂਬਰੂ ਕਰਦਾ ਹੈ। ਛੋਟੇ ਛੋਟੇ ਜਿਹੇ ਵਰਨਣ ਜਿਵੇਂ ਰੇਡੀਓ ਤੇ ਭੈਣਾਂ ਦਾ ਪ੍ਰੋਗਰਾਮ ਸੁਣਨ ਲਈ ਇਕੱਠੇ ਹੋਣਾ, ਪਾਣੀ ਭਰਨ ਇਕੱਠੇ ਜਾਣਾ ਤੇ ਸੁੱਖ ਦੁੱਖ ਕਰਨਾ ਔਕੜਾਂ ਦੇ ਬਾਵਜੂਦ ਖੁਸ਼ ਰਹਿਣਾ, ਧੀਆ ਭੈਣਾਂ ਨੂੰ ਇੱਜਤ ਦੇਣਾ, ਓਹਨਾਂ ਨੂੰ ਮਨੁੱਖ ਤੋਂ ਡਰ ਨਾ ਹੋਣਾ ਜੰਗਲੀ ਜਾਨਵਰਾਂ ਦਾ ਡਰ ਭਾਵੇਂ ਹੋਵੇ ਬਹੁਤ ਕੁਝ ਅਜਿਹਾ ਹੈ ਜੋ ਸ਼ਹਿਰੀ ਜੀਵਨ ਦੀ ਭੇਂਟ ਚੜ੍ਹ ਗਿਆ ਹੈ।

ਲੇਖਕ ਦਾ ਮੂਲ ਉਦੇਸ਼ ਇਸ ਨਾਵਲ ਰਾਹੀਂ ਇਹ ਸੰਦੇਸ਼ ਦੇਣਾ ਹੈ ਕਿ ਭੌਤਿਕ ਤਰੱਕੀ ਵਿੱਚ ਅਸੀਂ ਮਨੁੱਖੀ ਭਾਵਨਾਵਾਂ ਤੇ ਕਦਰਾਂ ਕੀਮਤਾਂ ਨੂੰ ਖੋਰਾ ਲਾਇਆ ਹੈ। ਬਾਲੋ ਤੇ ਬਿਰਜੂ ਦਾ ਨਿਰਛਲ ਸਨੇਹ ਕ੍ਰਿਸ਼ਨ ਰਾਧਾ ਦੇ ਆਤਮਿਕ ਪ੍ਰੇਮ ਦੀ ਝਲਕ ਪੇਸ਼ ਕਰਦਾ ਹੈ। ਦੋਹਾਂ ਦੀਆਂ ਬਾਹਾਂ ਇਕੋ ਦਿਨ ਟੁੱਟਣਾ ਤੇ 35 ਸਾਲ ਬਾਅਦ ਬਾਲੋ ਦਾ ਬਿਰਜੂ ਦੀਆਂ ਬਾਹਾਂ ਵਿੱਚ ਅੰਤਿਮ ਸਾਹ ਲੈਣਾ ਅਧਿਆਤਮਿਕ ਪ੍ਰੇਮ ਦੀ ਚਰਮ ਸੀਮਾ ਹੈ।

ਨਰੋਤਮ ਤੇ ਉਸਦੇ ਪਰਿਵਾਰ ਦੇ ਰਾਹੀਂ ਲੇਖਕ ਨੇ ਪ੍ਰਵਾਸ ਦੀ ਮਜਬੂਰੀ ਤੇ ਬਜ਼ੁਰਗਾਂ ਦੇ ਆਪਣੀ ਧਰਤੀ ਪ੍ਰਤੀ ਮੋਹ ਕਰਕੇ ਇਕਾਂਤਵਾਸ ਨੂੰ ਦਰਸਾਇਆ ਹੈ। ਵਿਕਾਸ ਦੇ ਨਾਂ ਤੇ ਹੋਈਆਂ ਬੇਨਿਯਮਿਆਂ ਤੇ ਬੇਈਮਾਨੀਆਂ ਦੀ ਪੋਲ ਵੀ ਖੋਲੀ ਹੈ ਜਿਸਦਾ ਸਿਹਰਾ ਨਰੋਤਮ ਦੇ ਸਿਰੜ, ਸੂਝਬੂਝ ਤੇ ਸਚਾਈ ਦੇ ਪ੍ਰਤੀ ਪ੍ਰਤੀਬੱਧਤਾ ਨੂੰ ਜਾਂਦਾ ਹੈ। ਬੇਸ਼ੱਕ ਇਹ ਕੰਢੀ ਖੇਤਰ ਲੜਾਈ ਝਗੜਿਆਂ ਤੋਂ ਮੁਕਤ ਨਹੀਂ ਪਰ ਦੁੱਖ ਦੇ ਸਮੇਂ ਸਭ ਕੁਝ ਭੁੱਲ ਕੇ ਮਦਦ ਕਰਨਾ ਇਹਨਾਂ ਲੋਕਾਂ ਦੀ ਖੂਬੀ ਹੈ ਜਿਵੇਂ ਜਗਮੀਤ ਨਰੋਤਮ ਦੇ ਆਖਰੀ ਸਮੇਂ ਸਹਾਇਤਾ ਕਰਦਾ ਹੈ। ਨਰੋਤਮ ਦੀ ਅੰਤਿਮ ਯਾਤਰਾ ਦਾ ਪ੍ਰਬੰਧ ਸਾਰੇ ਮਿਲਜੁਲ ਕੇ ਕਰਦੇ ਹਨ। ਇੱਥੇ ਲੇਖਕ ਨੇ ਇਸ ਖੇਤਰ ਵਿੱਚ ਅੰਤਿਮ ਰਸਮਾਂ ਦਾ ਜ਼ਿਕਰ ਵੀ ਕੀਤਾ ਹੈ। ਇਸ ਤਰ੍ਹਾਂ ਜਨਮ ਤੋਂ ਲੈਕੇ ਮੌਤ ਤੱਕ ਹਰ ਤਰ੍ਹਾਂ ਦੇ ਸ਼ਗਨ ਤੇ ਰਹੁ ਰੀਤਾਂ ਦਾ ਜਿਕਰ ਇਸ ਨਾਵਲ ਵਿੱਚ ਆਉਂਦਾ ਹੈ। ਇਸ ਤੋਂ ਇਲਾਵਾ ਤਰੱਕੀ ਦੇ ਨਾਂ ਤੇ ਬੰਬਾਂ ਨਾਲ ਇਸ ਧਰਤੀ ਦੀ ਖੂਬਸੂਰਤੀ ਤੇ ਕੁਦਰਤੀ ਸੋਮਿਆ ਦਾ ਨੁਕਸਾਨ ਤੇ ਹਿਰਖ ਵੀ ਹੈ।

ਨਾਵਲ ਦੇ ਸਾਰੇ ਵਾਰਤਾਲਾਪ ਕੰਢੀ ਖੇਤਰ ਦੀ ਭਾਸ਼ਾ ਚ ਪੜ੍ਹ ਕੇ ਪਾਠਕ ਆਪਣੇ ਆਪ ਨੂੰ ਇਸ ਖੇਤਰ ਦਾ ਹਿੱਸਾ ਹੀ ਮੰਨਦਾ ਹੈ। ਕਿਤੇ ਕਿਤੇ ਹਿੰਦੀ ਦੇ ਲਫਜ਼ਾਂ ਦਾ ਪ੍ਰਯੋਗ ਹੈ ਪਰ ਉਹ ਸੁਭਾਵਿਕ ਲਗਦਾ ਹੈ।

ਇਸ ਨਾਵਲ ਦੀ ਵਿਸ਼ਾ ਵਸਤੂ, ਘਟਨਾਵਾਂ ਦੇ ਵਰਣਨ ਨੂੰ ਦਾਰਸ਼ਨਿਕ ਢੰਗ ਨਾਲ ਬੁਣਨਾ, ਕੰਢੀ ਖੇਤਰ ਦੀ ਲੋਕਭਾਸ਼ਾ ਵਿੱਚ ਹਰ ਚੀਜ਼ ਨੂੰ ਬਹੁਤ ਬਰੀਕੀ ਨਾਲ ਪੇਸ਼ ਕਰਦਾ ਇਹ ਨਾਵਲ ਇੱਕ ਉੱਚ ਕੋਟੀ ਦਾ ਆਂਚਲਿਕ ਉਪਨਿਆਸ ਹੋ ਨਿਬੜਿਆ ਹੈ।

ਆਸ ਹੈ ਪਾਠਕ ਇਸਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰਨਗੇ ਅਤੇ ਵਧੀਆ ਹੁੰਗਾਰਾ ਦੇਣਗੇ। ਡਾ ਧਰਮਪਾਲ ਸਾਹਿਲ ਇਸ ਲਈ ਵਧਾਈ ਦੇ ਪਾਤਰ ਹਨ।

**ਪ੍ਰੋਮਿਲਾ ਅਰੋੜਾ** (ਰਿਟਾ. ਪ੍ਰਿੰਸੀਪਲ ਤ੍ਰੈਭਾਸ਼ੀ ਲੇਖਿਕਾ)
ਅਨੁਵਾਦਕ ਤੇ ਸਮਾਜ ਸੇਵਿਕਾ
ਕਪੂਰਥਲਾ, (ਪੰਜਾਬ) 9814958386

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ



**ਜਗਦੀਸ਼ ਰਾਏ ਕੁਲਰੀਆਂ**

**ਪੰਜਾਬੀ ਮਿੰਨੀ ਕਹਾਣੀ ਦੀ ਸਾਹਿਤ ਵਿਚ ਆਮਦ ਪੰਜ ਦਹਾਕਿਆਂ ਤੋਂ ਉੱਪਰ ਹੋ ਚੱਲੀ ਹੈ, ਜਦ ਕਿ ਹਿੰਦੀ ਵਿਚ ਲਘੂਕਥਾ ਨੂੰ ਲਗਭਗ ਸੌ ਸਾਲ ਦਾ ਸਮਾਂ ਹੋ ਗਿਆ ਹੈ। ਹਿੰਦੀ, ਪੰਜਾਬੀ ਤੋਂ ਇਲਾਵਾ ਹੋਰਨਾਂ ਭਾਰਤੀ ਭਾਸ਼ਾਵਾਂ ਵਿਚ ਵੀ ਇਸ ਦੀ ਸਿਰਜਣਾ ਤਾਂ ਹੋ ਰਹੀ ਹੈ, ਪਰ ਹੋਰਨਾਂ ਭਾਰਤੀ ਭਾਸ਼ਾਵਾਂ ਇਹ ਵਿਧਾ ਵਿਚ ਵਿਸ਼ੇ, ਰੂਪਕ ਤੇ ਸ਼ੈਲੀ ਪੱਖੋਂ ਹਿੰਦੀ, ਪੰਜਾਬੀ ਜਿੰਨ੍ਹੀ ਪਰਪੱਕਤਾ ਹਾਸਿਲ ਨਹੀਂ ਕਰ ਸਕੀ। ਹਿੰਦੀ ਤੋਂ ਬਾਅਦ ਪੰਜਾਬੀ ਭਾਸ਼ਾ ਵਿਚ ਹੀ ਇਸ ਵਿਧਾ ਤੇ ਨਿੱਠ ਕਾਰਜ ਹੋ ਰਹੇ ਹਨ। ਪੰਜਾਬੀ ਵਿਚ 'ਮਿੰਨੀ ਕਹਾਣੀ', ਹਿੰਦੀ, ਮਰਾਠੀ ਵਿਚ 'ਲਘੂਕਥਾ', ਉਰਦੂ ਵਿਚ 'ਅਫਸਾਨਚਾ', ਬੰਗਾਲੀ ਵਿਚ 'ਅਣੂ ਗਲਪ', ਮੈਥਲੀ ਵਿਚ 'ਬੀਹਨੀ ਕਥਾ', ਸਿੰਧੀ ਵਿਚ 'ਆਖਊਨ' , ਅਗ੍ਰੇਜ਼ੀ ਵਿਚ 'ਸਟੋਰੀਯੇਟ' ਜਾਂ 'ਵਨ ਪੇਜ਼ ਸਟੋਰੀ' ਆਦਿ ਨਾਵਾਂ ਇਸ ਵਿਧਾ ਨੂੰ ਲਿਖਿਆ ਜਾ ਰਿਹਾ ਹੈ। ਪੇਸ਼ ਹਨ ਕੁਝ ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ:—**

**ਪੇਸ਼ਕਸ਼ : ਜਗਦੀਸ਼ ਰਾਏ ਕੁਲਰੀਆਂ**

**ਹਿੰਦੀ / ਡੱਡੂਆਂ ਦੇ ਵਿਚਾਲੇ / ਸੁਕੇਸ਼ ਸਾਹਨੀ, ਬਰੇਲੀ**

ਬਹੁਤ ਸਾਲ ਪਹਿਲਾਂ ਮੈਂ ਆਪਣੇ ਬੇਟੇ ਨੂੰ ਇਕ ਕਹਾਣੀ ਸੁਣਾਈ ਸੀ, ਜਿਹੜੀ ਕੁਝ ਇਸ ਪ੍ਰਕਾਰ ਸੀ :

ਇਕ ਵਾਰ ਦੀ ਗੱਲ ਹੈ, ਰਾਤ ਦੇ ਹਨੇਰੇ ਵਿਚ ਇਕ ਗਾਂ ਤਿਲਕ ਕੇ ਨਾਲੇ ਵਿਚ ਜਾ ਡਿੱਗੀ।

ਸਵੇਰੇ ਉਹਦੇ ਆਲੇ-ਦੁਆਲੇ ਬਹੁਤ ਸਾਰੇ ਡੱਡੂ ਇਕੱਠੇ ਹੋ ਗਏ।

"ਆਖਿਰ ਗਾਂ ਨਾਲੇ ਵਿਚ ਡਿੱਗੀ ਕਿਵੇਂ?" ਉਨ੍ਹਾਂ ਵਿਚੋਂ ਇਕ ਡੱਡੂ ਨੇ ਟਰੈਂ ਟਰੈਂ ਕੀਤੀ, "ਸਾਨੂੰ ਇਸ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦੈ।"

"ਮੈਨੂੰ ਤਾਂ ਦਾਲ ਵਿਚ ਕੁਝ ਕਾਲਾ ਲਗਦਾ ਹੈ!" ਦੂਜੇ ਨੇ ਕਿਹਾ।

"ਕੁਝ ਵੀ ਕਹੋ" ਤੀਜਾ ਡੱਡੂ ਬੋਲਿਆ, "ਜੇਕਰ ਪੁੰਨ ਕਮਾਉਣਾ ਹੈ ਤਾਂ ਇਹਨੂੰ ਬਾਹਰ ਕੱਢਣਾ ਹੋਵੇਗਾ।"

"ਮਰਨ ਦਿਓ!" ਚੌਥਾ ਟਰਟਰਾਇਆਂ, "ਸਾਡੇ ਮੂਹਰੇ ਰੋਜ਼ ਹੀ ਸੈਂਕੜੇ ਗਾਵਾਂ-ਵੱਛੇ ਵੱਢੇ ਜਾਂਦੇ ਹਨ, ਉਦੋਂ ਅਸੀਂ ਕੀ ਕਰ ਲੈਂਦੇ ਹਾਂ?"

"ਅਸੀਂ ਤਾਂ ਚੂੜੀਆਂ ਪਾ ਰੱਖੀਆਂ ਨੇ", ਪੰਜਵੇਂ ਡੱਡੂ ਨੇ ਟਰੈਂ ਟਰੈਂ ਕੀਤੀ।

"ਭਰਾਵੋ!" ਉਨ੍ਹਾਂ ਸਾਰਿਆਂ ਨੂੰ ਸ਼ਾਂਤ ਕਰਦੇ ਹੋਏ ਇਕ ਬਜ਼ੁਰਗ ਡੱਡੂ ਨੇ ਕਿਹਾ, "ਜੇਕਰ ਇਹ ਗਾਂ ਨਾ ਹੋ ਕੇ ਕੁੱਤਾ ਬਿੱਲੀ ਹੁੰਦਾ ਤਾਂ ਕੀ ਅਸੀਂ ਇਸਨੂੰ ਇੰਝ ਹੀ ਮਰਨ ਦੇਣਾ ਸੀ?"

ਇਕ ਵਾਰ ਉਥੇ ਚੁੱਪ ਛਾ ਗਈ। ਉਹ ਸਾਰੇ ਉਸ ਬਜ਼ੁਰਗ ਡੱਡੂ ਨੂੰ ਸ਼ੱਕ ਦੀਆਂ ਨਜ਼ਰਾ ਨਾਲ ਘੂਰਨ ਲੱਗੇ। ਅਗਲੇ ਹੀ ਪਲ ਉਹ ਸਾਰੇ ਦੇ ਸਾਰੇ ਉਸ ਤੇ ਟੁੱਟ ਪਏ। ਉਹਨਾਂ ਨੇ ਉਹਨੂੰ ਲਹੂ-ਲੁਹਾਨ ਕਰਕੇ ਨਾਲੇ ਵਿਚ ਸੁੱਟ ਦਿੱਤਾ। ਇਸ ਘਟਨਾ ਨਾਲ ਡੱਡੂਆਂ ਵਿਚ ਭੱਜ-ਦੜ ਮੱਚ ਗਈ। ਉਹ ਸਾਰੇ ਸੁਰੱਖਿਅਤ ਸਥਾਨਾਂ ਵਿਚ ਲੁਕ ਗਏ। ਘਟਨਾ ਸਥਾਨ ਤੇ ਸੰਨਾਟਾ ਛਾ ਗਿਆ।

"ਫੇਰ ਕੀ ਹੋਇਆ?" ਮੈਨੂੰ ਚੁੱਪ ਦੇਖ ਕੇ ਬੱਚੇ ਨੇ ਪੁੱਛਿਆ ਸੀ।

"ਫੇਰ? ਉਥੇ ਇੱਕ ਆਦਮੀ ਆਇਆ, ਉਹਨੇ ਰੱਸੀ ਦੀ ਮਦਦ ਨਾਲ ਗਾਂ ਨੂੰ ਨਾਲੇ 'ਚੋਂ ਬਾਹਰ ਕੱਢ ਦਿੱਤਾ। ਆਪਣੀ ਜਮਾਤ (ਬਿਰਾਦਰੀ) ਤੋਂ ਬਾਹਰਵਾਲੇ ਦਾ ਅਜਿਹਾ ਕਰਨਾ ਡੱਡੂਆਂ ਨੂੰ ਚੰਗਾ ਨਹੀਂ ਲੱਗਿਆ। ਉਨ੍ਹਾਂ ਨੂੰ ਇਸ ਵਿਚ ਕੋਈ ਸਾਜਿਸ਼ ਦਿਖਾਈ ਦੇਣ ਲੱਗੀ। ਇਹ ਗੱਲ ਕੰਨੋ-ਕੰਨ ਸਾਰੀ ਦੀ ਸਾਰੀ ਡੱਡੂ ਬਿਰਾਦਰੀ ਵਿਚ ਫੈਲ ਗਈ।

ਉਹ ਇੱਕੋ ਆਵਾਜ਼ ਵਿਚ ਜ਼ੋਰ ਜ਼ੋਰ ਨਾਲ ਟਰੈਂ ਟਰੈਂ ਕਰਨ ਲੱਗੇ।

ਕਹਿ ਕੇ ਮੈਂ ਚੁੱਪ ਹੋ ਗਿਆ ਸੀ।

"ਹੁਣ ਡੱਡੂ ਕਿਉਂ ਟਰੈਂ ਟਰੈਂ ਕਰ ਰਹੇ ਸਨ, ਪਾਪਾ?"

"ਹੁਣ ਉਹ ਇਸ ਬਹਿਸ ਵਿਚ ਉਲਝੇ ਸਨ ਕਿ ਗਾਂ ਨੂੰ ਬਾਹਰ ਕੱਢਣ ਵਾਲਾ ਹਿੰਦੂ ਸੀ ਜਾਂ ਮੁਸਲਮਾਨ।"

"ਫੇਰ..."

"ਫੇਰ ਕੀ? ਉਹਨਾਂ ਦਾ ਟਰਟਰਾਉਣਾ ਅੱਜ ਵੀ ਜਾਰੀ ਹੈ।"

ਬੱਚਾ ਸੋਚ ਵਿਚ ਪੈ ਗਿਆ ਸੀ। ਥੋੜ੍ਹੇ ਸਮੇਂ ਬਾਦ ਉਹਨੇ ਪੁੱਛਿਆ ਸੀ, "ਪਾਪਾ, ਤੁਹਾਨੂੰ ਤਾਂ ਪਤਾ ਹੀ ਹੋਵੇਗਾ ਕਿ ਆਦਮੀ

ਕੌਣ ਸੀ?"

"ਬੇਟਾ, ਮੈਨੂੰ ਸਿਰਫ਼ ਏਨਾ ਹੀ ਪਤਾ ਹੈ ਕਿ ਉਹ ਇਕ ਚੰਗਾ ਆਦਮੀ ਸੀ," ਮੈਂ ਉਸ ਦੀਆਂ ਭੋਲੀਆਂ ਅੱਖਾਂ ਵਿਚ ਝਾਕਦੇ ਹੋਏ ਕਿਹਾ ਸੀ, "ਉਹ ਹਿੰਦੂ ਸੀ ਜਾਂ ਮੁਸਲਮਾਨ, ਇਹ ਜਾਨਣ ਦੀ ਕੋਸ਼ਿਸ਼ ਮੈਂ ਨਹੀਂ ਕੀਤੀ ਸੀ, ਕਿਉਂਕਿ ਤੇਰੇ ਦਾਦਾ ਜੀ ਨੇ ਮੈਨੂੰ ਬਚਪਨ ਵਿਚ ਹੀ ਸਾਵਧਾਨ ਕਰ ਦਿੱਤਾ ਸੀ ਕਿ ਜਿਸ ਦਿਨ ਮੈਂ ਇਸ ਚੱਕਰ ਵਿਚ ਪਵਾਂਗਾ, ਉਸ ਦਿਨ ਆਦਮੀ ਤੋਂ ਡੱਡੂ ਵਿਚ ਬਦਲ ਜਾਵਾਂਗਾ।"

ਇਸ ਤੋਂ ਮਗਰੋਂ ਮੇਰੇ ਬੇਟੇ ਨੇ ਮੈਨੂੰ ਇਸ ਬਾਰੇ ਕੋਈ ਸਵਾਲ ਨਹੀਂ ਕੀਤਾ ਸੀ ਅਤੇ ਮੇਰੇ ਨਾਲ ਲਿਪਟ ਕੇ ਸੌਂ ਗਿਆ ਸੀ।

ਮੈਨੂੰ ਨਹੀਂ ਪਤਾ ਕਿ ਇਹ ਕਹਾਣੀ ਮੇਰੇ ਬੱਚੇ ਦੇ ਮਤਲਬ ਦੀ ਸੀ ਜਾਂ ਨਹੀਂ, ਉਹਦੀ ਸਮਝ ਵਿਚ ਆਈ ਸੀ ਜਾਂ ਨਹੀਂ, ਪਰ ਏਨਾ ਜ਼ਰੂਰ ਹੈ ਕਿ ਉਸ ਦਿਨ ਤੋਂ ਬਾਦ ਉਹ 'ਡੱਡੂਆਂ' ਤੋਂ ਥੋੜ੍ਹਾ ਦੂਰ ਹੀ ਰਹਿੰਦਾ ਹੈ।

—o—

**ਪੰਜਾਬੀ/ ਜਵਾਬ /ਡਾ. ਸ਼ਿਆਮ ਸੁੰਦਰ ਦੀਪਤੀ**

ਮਾਇਆ ਦੇਵੀ ਫੋਨ ਸੁਣਦੀ, ਡਰਾਇੰਗ ਰੂਮ ਵੱਲ ਆ ਗਈ, ਜਿਥੇ ਬਾਬੂ ਰਾਮ ਪ੍ਰਕਾਸ਼ ਬੈਠੇ ਕੋਈ ਕਿਤਾਬ ਪੜ੍ਹ ਰਹੇ ਸਨ।

ਮਾਇਆ ਦੇਵੀ, ਆਪਣੀ ਇਕਲੌਤੀ ਧੀ ਮਧੂ ਕੋਲ, ਪਿਛਲੇ ਇਕ ਮਹੀਨੇ ਤੋਂ ਹੈ। ਮਧੂ ਦੇ ਜਣੇਪੇ ਵੇਲੇ ਆਈ ਸੀ। ਮਾਇਆ ਦੇਵੀ ਨੇ ਤਾਂ ਚਾਹਿਆ ਸੀ ਪਹਿਲਾ ਬੱਚਾ ਪੇਕੇ ਹੀ ਹੋਵੇ, ਜੋ ਕਿ ਰੀਤ ਵੀ ਹੈ, ਪਰ ਇਕ ਮਜ਼ਬੂਰੀ ਸੀ ਕਿ ਮਧੂ ਦੀ ਸੱਸ ਨਹੀਂ ਹੈ। ਉਹ ਤਾਂ ਪੁੱਤ ਦੇ ਵਿਆਹ ਦੇ ਕੁੱਝ ਦਿਨਾਂ ਬਾਅਦ ਹੀ ਸਵਰਗ ਸਿਧਾਰ ਗਈ। ਇਸ ਲਈ ਮਧੂ ਦੇ ਸੋਹਰੇ ਬਾਬੂ ਰਾਮ ਪ੍ਰਕਾਸ਼ ਨੇ ਮਧੂ ਦੀ ਮੰਮੀ ਨੂੰ ਗੁਜ਼ਾਰਿਸ਼ ਕੀਤੀ ਕਿ ਉਹ ਹੀ ਇਥੇ ਆ ਜਾਵੇ। ਇਸ ਤਰ੍ਹਾਂ ਮਧੂ ਦੀ ਸੰਭਾਲ ਵੀ ਹੋ ਜਾਵੇਗੀ ਤੇ ਪਿਉ-ਪੁੱਤ ਦੀ ਰੋਟੀ ਵੀ ਤੁਰਦੀ ਰਹੇਗੀ।

ਮਾਇਆ ਦੇਵੀ ਨੇ ਨੇੜੇ ਬੈਠਦਿਆਂ ਕਿਹਾ, "ਕਿਸ਼ਨ ਦਾ ਫੋਨ ਸੀ। ਕਹਿ ਰਿਹਾ ਸੀ, ਮੈਂ ਲੈਣ ਆਵਾ ਜਾਂ ਰਾਜੀਵ ਛੱਡ ਜਾਵੇਗਾ?"

ਬਾਬੂ ਰਾਮ ਪ੍ਰਕਾਸ਼ ਨੇ ਕਿਤਾਬ ਪਾਸੇ ਕਰ ਕੇ, ਮਾਇਆ ਦੇਵੀ ਦੀ ਗਲ ਸੁਣੀ, ਪਰ ਬੋਲੇ ਕੁਝ ਨਹੀਂ।

ਮਾਇਆ ਦੇਵੀ ਨੂੰ ਉਮੀਦ ਸੀ ਕਿ ਉਹ ਹਮੇਸ਼ਾ ਦੀ ਤਰ੍ਹਾਂ ਕਹਿਣਗੇ, "ਤੁਸੀਂ ਜੇ ਚਾਹੋ ਇਥੇ ਹੀ ਰਹੋ। ਇਸ ਨੂੰ ਆਪਣਾ ਘਰ ਹੀ ਸਮਝੋ।" ਤੇ ਫਿਰ ਹਲਕਾ ਜਿਹਾ ਮੁਸਕਰਾ ਕੇ, ਇਹ ਵੀ ਜੋੜ ਦੇਣਗੇ ਕਿ "ਅਜ ਕੱਲ੍ਹ ਧੀ-ਪੁੱਤ ਵਿਚ ਫ਼ਰਕ ਹੀ ਕਿਥੇ ਹੈ।"

ਮਾਇਆ ਦੇਵੀ ਮਹਿਸੂਸ ਕਰਦੀ ਸੀ ਕਿ ਜਦੋਂ ਵੀ ਰਾਮ ਪ੍ਰਕਾਸ਼ ਇਸ ਤਰ੍ਹਾਂ ਕੁਝ ਕਹਿੰਦੇ ਸੀ, ਉਨ੍ਹਾਂ ਦੇ ਚਿਹਰੇ ਤੇ ਅਲਗ ਹੀ ਤਰ੍ਹਾਂ ਦੀ ਚਮਕ ਹੁੰਦੀ।

ਇਨਾਂ ਦਿਨਾਂ ਵਿਚ, ਰਾਮ ਪ੍ਰਕਾਸ਼ ਨਾਲ ਬੈਠ ਕੇ, ਆਪਸ ਵਿਚ ਖਾਂਦੇ-ਪੀਂਦੇ, ਗੱਲਾਂ ਕਰਦੇ, ਮਾਇਆ ਦੇਵੀ ਨੂੰ ਵੀ ਚੰਗਾ ਲੱਗਣ ਲਗਿਆ ਸੀ।

ਗੱਲਾਂ ਗੱਲਾਂ ਵਿਚ, ਦੋਨੋਂ ਇਕ ਦੂਸਰੇ ਨੂੰ ਦਸ ਵੀ ਚੁਕੇ ਸੀ ਕਿ ਕੁਦਰਤ ਦਾ ਵੀ ਕਿਹੋ ਜਿਹਾ ਨੇਮ ਹੈ, ਜਦੋਂ ਸਾਥ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਦੋਂ ਹੀ ਜੀਵਨ ਭਰ ਦਾ ਸਾਥ ਨਿਭਾਉਣ ਵਾਲਾ ਸਾਥੀ, ਇਕੱਲਾ ਛੱਡ ਕੇ ਚਲਾ ਜਾਂਦਾ ਹੈ।

ਮਾਇਆ ਦੇਵੀ ਜਾਣਦੀ ਸੀ ਕਿ ਉਸ ਦਾ ਪੁੱਤ ਕਿਸ਼ਨ ਭਾਵੇਂ ਬੱਚੇ ਯਾਦ ਕਰਦੇ ਨੇ, ਦੀ ਗਲ ਕਰ ਰਿਹਾ ਸੀ, ਪਰ ਉਥੇ ਘਰ ਵਿਚ ਨੂੰਹ-ਪੁੱਤ ਆਪਣੇ ਕਮਰੇ ਵਿਚ ਤੇ ਬੱਚੇ ਆਪਣੇ ਮਸਤ। ਸਭ ਕੁਝ ਹੁੰਦੇ ਹੋਇਆਂ ਵੀ, ਉਸ ਨੂੰ ਇਕੱਲਾਪਣ ਤਾਂ ਹਮੇਸ਼ਾ ਮਹਿਸੂਸ ਹੁੰਦਾ ਸੀ। ਇਥੇ ਰਾਮ ਪ੍ਰਕਾਸ਼ ਨਾਲ, ਉਹਨੂੰ ਪਤਾ ਹੀ ਨਾ ਚਲਿਆ ਕਿ ਕਦੋਂ ਇਕ ਮਹੀਨਾ ਬੀਤ ਗਿਆ।

ਮਾਇਆ ਦੇਵੀ ਨੇ ਇਕ ਵਾਰ ਫਿਰ, ਰਾਮ ਪ੍ਰਕਾਸ਼ ਦੇ ਮੂੰਹੋਂ ਕੁਝ ਜਾਨਣ ਦੀ ਇੱਛਾ ਨਾਲ ਕੁਝ ਕਿਹਾ, "ਕਿਸ਼ਨ ਦਾ ਫਿਰ ਫੋਨ ਆਵੇਗਾ, ਕੀ ਜਵਾਬ ਦਿਆਂ ਉਸ ਨੂੰ", ਤੇ ਫਿਰ ਰੁਕ ਕੇ ਬੋਲੀ, "ਮਧੂ ਕਹਿ ਰਹੀ ਸੀ, ਰਾਜੀਵ ਤਾਂ ਕੁਝ ਜਿਆਦਾ ਹੀ ਬਿਜ਼ੀ ਹੈ, ਡੈਡੀ ਨਾਲ ਗੱਲ ਕਰਨੀ ਪੈਣੀ ਹੈ। ਉਹ ਛੱਡ ਆਉਣਗੇ।"

ਬਾਬੂ ਰਾਮ ਪ੍ਰਕਾਸ਼ ਨੇ ਕਿਤਾਬ ਇਕ ਪਾਸੇ ਰੱਖੀ ਤੇ ਸਿੱਧੇ ਬੈਠਦਿਆਂ ਕਿਹਾ, "ਦੇਖੋ ਜੀ, ਸੱਚੀ ਗੱਲ ਕਹਾਂ, ਮੇਰਾ ਮਨ ਤਾਂ ਤੁਹਾਨੂੰ ਛੱਡ ਕੇ ਆਉਣ ਦਾ ਬਿਲਕੁਲ ਨਹੀਂ ਹੈ," ਫਿਰ ਰੁਕੇ ਤੇ ਅੰਦਾਜ਼ ਬਦਲਦੇ ਹੋਏ ਬੋਲੇ, "ਕਿਸ ਦਾ ਮਨ ਕਰੇਗਾ ਕਿ ਉਸ ਦਾ ਸੁੰਨਾਪਨ ਫਿਰ ਤੋਂ ਮੁੜ ਆਵੇ। ਬਾਕੀ ਤੁਹਾਡੀ ਮਰਜ਼ੀ।"

ਕਿਸ਼ਨ ਦਾ ਫੋਨ ਮੁੜ ਤੋਂ ਆ ਹੀ ਗਿਆ। ਮਾਇਆ ਦੇਵੀ ਨੇ ਜਵਾਬ ਦਿੱਤਾ, "ਪੁੱਤ ! ਬੱਚਿਆਂ ਦਾ ਜੇਕਰ ਬਹੁਤ ਮਨ ਕਰ ਰਿਹਾ ਹੈ ਤਾਂ ਉਨ੍ਹਾਂ ਨੂੰ ਇਥੇ ਲੈ ਆ, ਮੈਨੂੰ ਮਿਲ ਜਾਣਗੇ। ਹਾਲੇ ਮੇਰਾ ਉਥੇ ਮੁੜਨਾ ਸੰਭਵ ਨਹੀਂ ਹੈ।" ਮਾਇਆ ਦੇਵੀ ਨੇ ਘਰ ਦੀਆਂ ਦੋ ਚਾਰ ਗੱਲਾਂ ਪੁੱਛੀਆਂ ਤੇ ਫਿਰ ਫੋਨ ਬੰਦ ਕਰ ਦਿੱਤਾ 'ਤੇ ਫਿਰ ਵਾਪਸ ਮੁੜਦਿਆਂ ਇਕ ਵਾਰੀ ਰਾਮ ਪ੍ਰਕਾਸ਼ ਨੂੰ ਦੇਖਿਆ ਤੇ ਹਲਕਾ-ਹਲਕਾ ਮੁਸਕਰਾਉਣ ਲੱਗੀ।

—o—

## ਸਿੰਧੀ / ਭੰਨ ਤੋੜ / ਘਨਸ਼ਿਆਮ ਸਾਗਰ

"ਉਹ ਕੰਧ, ਜਿਹਨੂੰ ਤੋੜਨ ਲਈ ਘੱਟੋ-ਘੱਟ ਤਿੰਨ ਦਿਨ ਲੱਗਣੇ ਸਨ, ਤੂੰ ਇੱਕ ਦਿਨ ਵਿੱਚ ਹੀ ਡੇਗ ਦਿੱਤੀ। ਤੇਰੇ ਵਰਗਾ ਇਮਾਨਦਾਰ ਮਜ਼ਦੂਰ ਮੈਂ ਪਹਿਲਾ ਕਦੇ ਨਹੀਂ ਦੇਖਿਆ।"

ਇੱਕ ਉਦਯੋਗਪਤੀ ਸੇਠ ਆਪਣੇ ਬੰਗਲੇ ਨੂੰ ਤੁੜਵਾ ਕੇ ਨਵਾਂ ਬੰਗਲਾ ਤਿਆਰ ਕਰਵਾ ਰਿਹਾ ਸੀ। ਇਸ ਕੰਮ ਲਈ ਆਏ ਕਾਲੂ ਨਾਮ ਦੇ ਮਜ਼ਦੂਰ ਦੀ ਇਮਾਨਦਾਰੀ ਦੀ ਹੀ ਪ੍ਰਸ਼ੰਸਾ ਕਰ ਰਿਹਾ ਸੀ।

ਸੇਠ ਨੇ ਕਿਹਾ, "ਕਾਲੂ, ਜੇ ਤੂੰ ਚਾਹੇ ਤਾਂ ਮੇਰੇ ਕਾਰਖਾਨੇ ਵਿੱਚ ਕੰਮ ਕਰ।"

"ਨਹੀਂ, ਸੇਠ ਸਾਹਿਬ, ਮੈਂ ਕਾਰਖਾਨੇ ਦੇ ਵਿੱਚ ਕੰਮ ਕਰਨ ਲਈ ਯੋਗ ਨਹੀਂ ਹਾਂ।" ਕਾਲੂ ਨੇ ਮਨ੍ਹਾਂ ਕਰਦੇ ਕਿਹਾ।

"ਪ੍ਰੰਤੂ ਕਿਉ?" ਸੇਠ ਨੇ ਪੁਛਿਆ।

ਉਥੇ ਹੀ ਕਾਲੂ ਦੇ ਬਚਪਨ ਦਾ ਮਿੱਤਰ ਖੜਿਆ ਸੀ। ਉਹਨੇ ਕਿਹਾ, "ਸਾਬ੍ਹ! ਕਾਲੂ ਇਮਾਨਦਾਰ ਬੇਸ਼ੱਕ ਹੈ, ਪ੍ਰੰਤੂ ਕਾਰਖਾਨੇ ਵਿੱਚ ਜਿੰਨ੍ਹੀ ਮਰਜ਼ੀ ਤਨਖਾਹ ਦਿਓ, ਇਹ ਕੰਮ ਨਹੀਂ ਕਰੇਗਾ। ਹੁਣ ਤੁਸੀਂ ਪੁੱਛੋਗੇ ਕਿਉਂ? ਇਹਦਾ ਕਾਰਨ ਇਹ ਹੈ ਕਿ ਤੋੜਨ ਵਿੱਚ ਇਹਨੂੰ ਜਿੰਨ੍ਹੀ ਮੁਹਾਰਤ ਹੈ, ਉਨੀ ਜੋੜਨ ਵਿੱਚ ਨਹੀਂ। ਬਚਪਨ ਵਿੱਚ ਜਦੋਂ ਅਸੀਂ ਨਦੀ ਕਿਨਾਰੇ ਜਾ ਕੇ ਮਿੱਟੀ ਦੇ ਘਰ ਬਣਾਉਂਦੇ ਸੀ ਤਾਂ ਇਹ ਲੱਤ ਨਾਲ ਉਹਨਾਂ ਨੂੰ ਤੋੜ ਦਿੰਦਾ ਸੀ।"

ਉਦੋਂ ਸੇਠ ਨੇ ਕਾਲੂ ਵੱਲ ਦੇਖਿਆ, ਜਿਹੜਾ ਆਪਣੇ ਮਿੱਤਰ ਦੀ ਗੱਲ ਧਿਆਨ ਨਾਲ ਸੁਣ ਰਿਹਾ ਸੀ ਅਤੇ ਨਾਲ ਨਾਲ ਆਪਣੀ ਕਮੀਜ਼ ਦੇ ਕਾਲਰ ਨੂੰ ਵੀ ਮੂੰਹ ਵਿੱਚ ਚੱਬ ਕੇ ਫਾੜ ਰਿਹਾ ਸੀ।

—o—

## ਉਰਦੂ / ਸ਼ਿਕਾਰ / ਮੁਹੰਮਦ ਬਸ਼ੀਰ

ਇਸ ਸਨਸਨੀਖੇਜ਼ ਵਾਰਦਾਤ ਨੇ ਪੂਰੇ ਸ਼ਹਿਰ ਵਿਚ ਤਹਿਲਕਾ ਮਚਾ ਦਿੱਤਾ ਸੀ। ਜਿਹੜਾ ਵੀ ਸੁਣਦਾ ਉਹਦਾ ਮੂੰਹ ਅੱਡਿਆ ਰਹਿ ਜਾਦਾ।

-ਕਤਲ ? ਅਤੇ ਉਹ ਵੀ ਕਰੀਮ ਭਾਈ ਦਾ?

-ਪਰ ਕਿਉਂ?

ਨਾ ਤਾਂ ਉਹ ਫਿਰਕਾਪ੍ਰਸਤ ਸਨ ਅਤੇ ਨਾ ਹੀ ਕਿਸੇ ਰਾਜਨੀਤਿਕ ਪਾਰਟੀ ਨਾਲ ਉਨ੍ਹਾਂ ਦਾ ਸੰਬੰਧ ਸੀ ਅਤੇ ਨਾ ਹੀ ਉਹ ਪੂੰਜੀਪਤੀ ਜਾਂ ਗੈਂਗਸਟਰ ਹੀ ਸਨ।

ਫੇਰ ਉਨ੍ਹਾਂ ਦਾ ਕਤਲ ਹੋਇਆ ਤਾਂ ਕਿਉਂ ? ਅਤੇ ਕੀਹਨੇ ਕੀਤਾ?

ਕਰੀਮ ਭਾਈ ਦੋਵੇਂ ਫ਼ਿਰਕਿਆਂ ਵਿਚ ਪਸੰਦ ਕੀਤੇ ਜਾਦੇ ਸਨ। ਉਹ ਇੱਕ ਸੱਚੇ ਦੇਸ਼ ਭਗਤ ਅਤੇ ਸਮਾਜ ਸੇਵਕ ਵੀ ਸਨ, ਤਾਂ ਅਜਿਹੇ ਵਿਅਕਤੀ ਦਾ ਭਲਾ ਕੌਣ ਦੁਸ਼ਮਣ ਹੋ ਸਕਦਾ ਹੈ ?

ਆਖਿਰਕਾਰ ਇੱਕ ਦਿਨ ਕਤਲ ਦੀ ਗੁੱਥੀ ਸੁਲਝ ਹੀ ਗਈ, ਜਦੋਂ ਸਾਰੇ ਸਵਾਲਾਂ ਦਾ ਜਵਾਬ ਜੱਗ ਜ਼ਾਹਿਰ ਹੋ ਗਿਆ। ਜਿਹਨੂੰ ਸੁਣ ਕੇ ਸ਼ਹਿਰ ਦੇ ਲੋਕ ਕਿਸੇ ਅਣਜਾਣ ਡਰ ਨਾਲ ਕੰਬ ਗਏ ਅਤੇ ਆਪਣੀ ਸੁਰੱਖਿਆਂ ਦਾ ਫ਼ਿਕਰ ਕਰਨ ਲੱਗ ਗਏ, ਕਿਉਂਕਿ ਕਰੀਮ ਭਾਈ ਦਾ ਕਤਲ ਨਹੀਂ ਬਲਕਿ ਸ਼ੇਰ, ਚੀਤੇ ਜਾਂ ਹਿਰਨ ਵਾਂਗ ਸ਼ਿਕਾਰ ਕੀਤਾ ਗਿਆ ਸੀ।

ਪੋਸਟਮਾਰਟਮ ਦੀ ਰਿਪੋਰਟ ਦੇ ਅਨੁਸਾਰ ਕਰੀਮ ਭਾਈ ਨੂੰ ਕਤਲ ਕਰਨ ਤੋਂ ਬਾਦ ਉਸ ਦੀਆਂ ਦੋਵੇਂ ਅੱਖਾਂ ਅਤੇ ਗੁਰਦੇ ਕੱਢ ਕੇ ਲਾਸ਼ ਨੂੰ ਝਾੜੀਆਂ ਵਿਚ ਸੁੱਟ ਦਿੱਤਾ ਸੀ।#

—o—

## ਮੈਥਲੀ/ਬੇਵਕੂਫ਼/ਘਣਸ਼ਿਆਮ ਘਨੇਰੋ

"ਓਏ! ਏਨਾ ਵੱਡਾ ਹੋ ਗਿਐ ਅਜੇ ਤੱਕ ਇੱਕ ਸ਼ੀਸ਼ਾ ਨਹੀਂ ਖਰੀਦਣਾ ਆਇਆ।"

"ਸ਼ੀਸ਼ੇ ਵਿਚ ਕੁਝ ਹੁੰਦਾ ਐ ਕੀ?"

"ਘੱਟੋ ਘੱਟ ਇਕ ਵਾਰ ਆਪਣਾ ਮੂੰਹ ਹੀ ਦੇਖ ਲੈਂਦਾ ਪੈਸੇ ਦੇਣ ਤੋਂ ਪਹਿਲਾਂ। ਦੇਖ ਕਿਵੇਂ ਧੁੰਦਲਾ ਦਿਸਦਾ ਹੈ"

"ਮੈਨੂੰ ਲੈਣਾ ਨਹੀਂ ਆਇਆ, ਤੈਨੂੰ ਕਿਹੜਾ ਲੈਣ ਦਾ ਚੱਜ ਐ?"

"ਕਿਉਂ , ਐਵੇਂ ਕਿਉਂ ਬੋਲਦੈਂ?"

"ਤਾਂ ਫੇਰ ਤੂੰ ਹਰ ਸਮੇਂ ਗੁੰਮ-ਸੁੰਮ ਕਿਉਂ ਰਹਿਨੀ ਐਂ? ਨੂੰਹ ਵੀ ਤਾਂ ਤੂੰ ਦੇਖ ਕੇ ਹੀ ਚੁਣੀ ਸੀ ਨਾ। ਗੁਣਵੰਤੀ ਅਤੇ ਰੂਪਵਤੀ।"

"ਚੁੱਪ! ਜ਼ਿੰਦਗੀ 'ਚ ਇੱਕ ਵਾਰੀ ਕਿਹੜਾ ਨੀ ਠੱਗਿਆ ਜਾਂਦਾ?"

"ਤਾਂ ਫੇਰ ਮੇਰਾ ਸ਼ੀਸ਼ਾ ਧੁੰਦਲਾ ਕਿਵੇਂ ਹੋ ਗਿਆ?"

—o—

## ਰਾਜਸਥਾਨੀ /ਫੋਟੋ ਦੀ ਥਾਂ/

## ਡਾ. ਰਾਮ ਕੁਮਾਰ ਘੋਟੜ

"ਨੀ, ਇੱਥੇ ਸਬਾਤ ਵਿਚ ਤੇਰੇ ਸਹੁਰੇ ਦੀ ਫੋਟੋ ਲੱਗੀ ਸੀ, ਉਹ ਕੀਹਨੇ ਲਾਹੀ ਐ? ਮੈਂ ਤਾਂ ਰੋਜ਼ਾਨਾ ਉਨਾਂ ਦੇ ਦਰਸ਼ਨ ਕਰਕੇ ਹੀ ਕਿਸੇ ਕੰਮ ਦੀ ਸ਼ੁਰੂਆਤ ਕਰਦੀ ਹਾਂ।" ਸੱਸ ਨੇ ਆਪਣੀ ਨੂੰਹ ਨੂੰ ਕਿਹਾ।

"ਮੈਂ ਹੀ ਇਥੋਂ ਲਾਹੀ ਹੈ ਮਾਂ ਜੀ।" ਨੂੰਹ ਨੇ ਮੋੜਵਾਂ ਜਵਾਬ ਦਿਤਾ।

"ਕਿਉਂ ਤੈਨੂੰ ਕੀ ਲੋੜ ਪੈ ਗਈ ਫੋਟੋ ਲਾਹੁਣ ਦੀ? ਵੱਡੇ ਲੋਕਾਂ ਦਾ ਕੀ ਐਵੇਂ ਆਦਰ–ਮਾਣ ਕਰਦੇ ਨੇ?" ਸੱਸ ਗੁੱਸੇ ਹੋ ਗਈ।

"ਫੋਟੋ ਅਤੇ ਕੰਧ ਦੇ ਵਿਚਾਲੇ ਚਿੜੀਆਂ ਨੇ ਆਪਣਾ ਆਲ੍ਹਣਾ ਬਣਾ ਲਿਆ ਸੀ। ਉਨ੍ਹਾਂ ਦੀ ਚੀਂ–ਚੀਂ ਦੀ ਆਵਾਜ਼ ਨੇ ਸਾਰੇ ਘਰ ਨੂੰ ਸਿਰ ਤੇ ਚੁੱਕ ਰੱਖਿਆ ਸੀ। ਆਲ੍ਹਣੇ ਦੇ ਤਿਣਕੇ ਖਿੰਡ ਕੇ ਰਸੋਈ ਵਿਚ ਆ ਜਾਂਦੇ ਸਨ। ਮੈਂ ਤਾਂ ਰਸੋਈ ਵਿਚ ਝਾੜੂ ਲਗਾਉਂਦੀ –ਲਗਾਉਂਦੀ ਥਕ ਗਈ। ਇਹਦੇ ਵਿਚ ਆਦਰ–ਮਾਣ ਘਟਣ ਵਾਲੀ ਤਾਂ ਕੋਈ ਗੱਲ ਨੀ।"

"ਠੀਕ ਹੈ ਠੀਕ ਹੈ, ਪਰ ਉਹ ਫੋਟੋ ਹੈ ਕਿੱਥੇ?" ਸੱਸ ਨੇ ਫੇਰ ਪੁੱਛਿਆ।

"ਉਹ ਦੇਖੋ, ਸਾਮ੍ਹਣੇ ਗੁਸਲਖਾਨੇ ਦੀ ਕੰਧ 'ਤੇ। ਉਸ ਥਾਂ ਤੇ ਟੈਂਕੀ ਦੀ ਸਲਾਬ ਨਾਲ ਕੰਧ ਦਾ ਰੰਗ ਉਤਰ ਗਿਆ ਸੀ। ਆਉਣ–ਜਾਣ ਵਾਲਿਆਂ ਦੀ ਨਿਗਾਂ ਪੈਂਦੀ ਐ ਤਾਂ ਸ਼ਰਮ ਜਿਹੀ ਆਉਂਦੀ ਹੈ। ਫੋਟੋ ਟੰਗਣ ਲਈ ਇਸ ਤੋਂ ਵਧੀਆਂ ਥਾਂ ਹੋਰ ਕਿਹੜੀ ਹੋ ਸਕਦੀ ਸੀ?" ਨੂੰਹ ਦਾ ਇਹ ਜਵਾਬ ਸੁਣ ਕੇ ਵਿਹੜੇ ਵਿਚ ਚੁੱਪ ਪਸਰ ਗਈ।

–o–

## ਨਿਮਾੜੀ / ਰੋਟੀਆਂ/ ਅਸ਼ੋਕ ਗਰਗ 'ਅਸਰ'

ਮਾਂ–ਬਾਪ ਨੇ ਸ਼ਹਿਰ ਵਿਚ ਪੜ੍ਹ ਰਹੀ ਬੇਟੀ ਦੇ ਕੋਲ ਜਾਣ ਦਾ ਸੋਚਿਆ। ਬੇਟੀ ਨੂੰ ਸ਼ਹਿਰ ਵਿਚ ਚੰਗਾ ਖਾਣਾ ਨਹੀਂ ਮਿਲਦਾ ਹੋਵੇਗਾ ਸੋਚ ਕੇ ਮਾਂ ਨੇ ਜਲਦੀ–ਜਲਦੀ ਰੋਟੀ ਸ਼ਬਜੀ ਬਣਾਈ, ਪਿਓ ਨੇ ਜਰੂਰੀ ਸਮਾਨ ਸਮੇਟਿਆ ਅਤੇ ਸਵੇਰੇ ੬ ਵਜੇ ਵਾਲੀ ਬੱਸ ਤੇ ਲੰਬਾ ਸਫ਼ਰ ਤੈਅ ਕਰਕੇ ਬੇਟੀ ਕੋਲ ਪਹੁੰਚੇ। ਸਫ਼ਰ ਦੀ ਥਕਾਵਟ ਲਾਹ ਮਾਂ–ਪਿਓ, ਨਾਲ ਖਾਣਾ ਖਾਣ ਲਈ ਬੈਠੇ। ਥਾਲੀ ਤੇ ਨਜ਼ਰ ਪੈਂਦੇ ਹੀ ਬੇਟੀ ਗੁੱਸੇ ਵਿਚ ਮਾਂ ਨੂੰ ਬੋਲੀ,"ਏਹ ਕੀ ਲੈ ਆਈ? ਠੰਡੀਆਂ ਰੋਟੀਆਂ ਅਤੇ ਬੇਸੁਆਦ ਸਬਜ਼ੀ, ਕੌਣ ਖਾਊਗਾ?"

ਬੇਟੀ ਤਿਲਮਿਲਾਉਂਦੇ ਹੋਏ ਬਗੈਰ ਰੋਟੀ ਖਾਦਿਆਂ ਆਪਣੇ ਕਮਰੇ ਵਿਚ ਚਲੀ ਗਈ। ਮਾਂ ਨੂੰ ਆਪਣੀ ਮਾਂ ਯਾਦ ਆਈ, ਜਦੋਂ ਉਹ ਸ਼ਹਿਰ ਵਿਚ ਪੜ੍ਹਦੀ ਸੀ ਤਾਂ ਆਪਣੀ ਮਾਂ ਦੀਆਂ ਦਿੱਤੀਆਂ ਰੋਟੀਆਂ ਦੋ–ਤਿੰਨ ਬਚਾ–ਬਚਾ ਕੇ ਖਾਂਦੀ ਸੀ, ਉਹਨੂੰ ਉਹਨਾਂ ਰੋਟੀਆਂ ਵਿਚ ਆਪਣੀ ਮਾਂ ਦਾ ਪਿਆਰ ਅਤੇ ਮਮਤਾ ਨਜ਼ਰ ਆਉਂਦੀ ਸੀ। ਮਾਂ ਦੀਆਂ ਅੱਖਾਂ ਭਰ ਆਈਆਂ ਅਤੇ ਪਿਓ ਦੀਆਂ ਵੀ।

–o–

## ਗੀਤ - ਪਾਣੀ

ਪਾਣੀ ਬਚਾਓ ਦਾ ਆਓ ਰਲ਼ ਹੋਕਾ ਲਾਈਏ,
ਰੇਗਿਸਤਾਨ ਹੋਣ ਤੋਂ ਪੰਜਾਬ ਬਚਾਈਏ .....

ਧਰਤੀ ਮਾਂ ਦੀ ਸੁਣਦੀ ਕਿਉਂ ਨਹੀਂ ਪੁਕਾਰ,
ਬੂੰਦ-ਬੂੰਦ ਪਾਣੀ ਲਈ ਨਾ ਕਰੇ ਵਿਚਾਰ,
ਆਓ ਰਲ਼ ਸਭ ਐਸੀ ਲਹਿਰ ਚਲਾਈਏ .....

ਪਾਣੀ ਮੁੱਕਿਆ ਫਿਰ ਮੁੱਕ ਜਾਣੀ ਕਹਾਣੀ,
ਜਲ ਹੀ ਜੀਵਨ ਹੈ ਨਾ ਭੁੱਲ ਜਾਈਂ ਪ੍ਰਾਣੀ,
ਬੱਚੇ-ਬੁੱਢੇ ਜਵਾਨਾਂ ਨੂੰ ਗਲ ਸਮਝਾਈਏ .....

ਪੰਜ-ਆਬ ਦੀ ਧਰਤੀ ਦਾ ਤੂੰ ਪੁੱਤ ਕਹਾਏ,
ਫ਼ਰਜ਼ ਨਿਭਾਉਣੋਂ ਕਿਉਂ ਨਹੀਂ ਕਤਰਾਏ,
ਹਵਾ, ਪਾਣੀ, ਰੁੱਖ ਤੇ ਧਰਤ ਬਚਾਈਏ .....

'ਪ੍ਰੀਤ ਬੀੜ ਕਿਸ਼ਨ' ਤੂੰ ਬਣ ਸਿਆਣਾ,
ਖੁੰਝਿਆਂ ਵੇਲਾ ਫਿਰ ਹੱਥ ਨਹੀਂ ਆਉਣਾ,
ਲਾਲਚ ਦੀ ਮੈਲ਼ ਨੂੰ ਮਲ਼-ਮਲ਼ ਲਾਹੀਏ .....

- ਗੁਰਪ੍ਰੀਤ ਸਿੰਘ ਬੀੜ ਕਿਸ਼ਨ
ਪਿੰਡ ਬੀਜਾ, ਤਹਿਸੀਲ ਖੰਨਾ,
ਜ਼ਿਲ੍ਹਾ-ਲੁਧਿਆਣਾ
ਮੋਬਾ. ਨੰ. 99884-66885

# ਯੁੱਧ ਕੀਹਦੇ ਨਾਲ ਲੜੀਏ



ਛੱਡੋ ਯੁੱਧ ਦੇਸ਼ਾਂ ਨਾਲ ਦੇਸ਼ਾਂ ਦਿਓ ਹਾਕਮੋ ਉਏ,
ਯੁੱਧ ਲੜ ਵੈਰ ਨਾ ਸਹੇੜੀਏ।
ਲੱਗੇ ਜੋ ਕੁਰੀਤੀਆਂ ਦੇ ਕੋਹੜ ਨੇ ਸਮਾਜ ਉੱਤੇ,
ਉਹਨਾ ਨਾਲ ਰਲ ਯੁੱਧ ਛੇੜੀਏ।

ਨਸ਼ਿਆਂ ਖਿਲਾਫ ਯੁੱਧ ਲੜਨਾ ਜ਼ਰੂਰ ਪੈਣਾ,
ਕੰਨੀ ਕਤਰਾਓ ਕਾਹਤੋਂ ਏਸ ਤੋਂ।
ਦੁਸ਼ਮਣ ਵੱਡਾ ਇਹ ਜਵਾਨੀਆਂ ਦਾ ਘਾਣ ਕਰੇ,
ਜਾਨ ਛੁਡਵਾ ਦਿਓ ਕਲੇਸ਼ ਤੋਂ।

ਫਿਰਕੂ ਜਨੂੰਨ ਦੇ ਖਿਲਾਫ਼ ਲੜੋ ਯੁੱਧ ਯਾਰੋ,
ਕਿਲਾ ਕੌਮੀ ਏਕਤਾ ਉਸਾਰ ਕੇ।
ਲੋਕਾਂ ਨੂੰ ਦਵਾਓ ਅਭੈਦਾਨ ਏਸ ਸ਼ਿਕਰੇ ਤੋਂ,
ਦਿਲੋਂ ਮੰਦੀ ਭਾਵਨਾ ਨੂੰ ਮਾਰ ਕੇ।

ਫੈਲਿਆ ਪਾਖੰਡ ਵਾਦ ਬਣ ਕੇ ਨਸੂਰ ਭੈੜਾ,
ਏਸ ਦੇ ਖਿਲਾਫ਼ ਹੱਲਾ ਬੋਲੀਏ।
ਠੱਗ ਚੋਰ ਤਸਕਰ ਸੋਧ ਦਿਓ ਸਾਰੇ ਫੜ,
ਪਾਜ ਇਹਨਾ ਵਾਲੇ ਕੁੱਲ ਖੋਲ੍ਹੀਏ।

ਉੱਤੇ ਪੂੰਜੀਵਾਦ ਦੇ ਬਰਾਬਰੀ ਚਲਾਓ ਤੋਪ,
ਹੱਕ ਖੋਹਣ ਵਾਲੇ ਫੜ ਛੁੰਡੀਏ।
ਬੂਟਾ ਉਚ ਨੀਚ ਦਾ ਜੋ ਬੀਜਿਆ ਏ ਸ਼ਾਤਰਾਂ ਨੇ,
ਮੁੱਢੋਂ ਫੜ ਏਸ ਨੂੰ ਮਰੁੰਡੀਏ।

ਰਗੜੋ ਬਲਾਤਕਾਰੀ ਨਾਲ ਹੀ ਛਿਨਾਰ ਨਾਰੀ,
ਇੱਜ਼ਤਾਂ ਦਾ ਮਾਰੀਏ ਮੈਦਾਨ ਜੀ।
ਦੁਨੀਆਂ ਤੇ ਹੋਵੇ ਬੋਲਬਾਲਾ ਨੇਕ ਬੰਦਿਆਂ ਦਾ,
ਮਨਾ ਵਿੱਚੋਂ ਮਾਰੀਏ ਸ਼ੈਤਾਨ ਜੀ।

ਰਿਸ਼ਵਤ ਖੋਰੀ ਦੇ ਖਿਲਾਫ਼ ਹੋਈਏ ਲਾਮਬੰਦ,
ਨਾਮ ਇਹਦਾ ਜੱਗ ਤੋਂ ਮਿਟਾ ਦੇਈਏ।
ਦਾਜ ਉੱਤੇ ਵਾਰ ਕਰ ਅਕਲਾਂ ਦੋਨਾਲੀਆਂ ਦੇ,
ਮੁੱਢ ਮੂਲ ਏਸ ਦਾ ਮੁਕਾ ਦੇਈਏ।

ਬੇ ਲੋੜੇ ਫੈਸ਼ਨ ਨੰਗੇਜ਼ ਤਾਈਂ ਲਲਕਾਰ,
ਗੋਲੇ ਮਾਰ ਸਾਦਗੀ ਉਡਾ ਦੇਈਏ।
ਕਾਮ ਦੀ ਭੱਠੀ ਚ ਜਿਹੜੇ ਝੋਕਦੇ ਜਵਾਨੀਆਂ ਨੂੰ,
ਹੱਲਾ ਬੋਲ ਗੰਦਗੀ ਮੁਕਾ ਦੇਈਏ।

ਦੈਂਤ ਜੋ ਜਹਾਲਤ ਦਾ ਅਜੇ ਨਹੀ ਮਾਰ ਹੋਇਆ,
ਅਕਲ ਮਿਜ਼ਾਈਲ ਇਹਨੂੰ ਮਾਰੀਏ।
ਅੰਧਵਿਸ਼ਵਾਸ ਦੀਆਂ ਫੌਜਾਂ ਤਾਈਂ ਮਾਤ ਦੇ ਕੇ,
ਸੁੰਦਰ ਸਮਾਜ ਨੂੰ ਉਸਾਰੀਏ।

ਪਲਟਣ ਮਾਰੀਏ ਇਹ ਬੇਰੁਜ਼ਗਾਰੀ ਵਾਲੀ,
ਰੁਜ਼ਗਾਰ ਯੁਕਤ ਬਣਾ ਦੇਈਏ।
ਮਹਿੰਗਾਈ ਵਾਲਾ ਕਰ ਮੋਰਚਾ ਫਤਹਿ ਜੇ ਲਈਏ,
ਹਾਸੇ ਹਰ ਮੁੱਖ ਤੇ ਖਿੰਡਾ ਦੇਈਏ।

ਐਟਮ ਸਵੱਛਤਾ ਦਾ ਦੈਂਤ ਪ੍ਰਦੂਸ਼ਣ ਤੇ,
ਸੁੱਟੀਏ ਨਾ ਖੋਜ ਰਹੇ ਏਸ ਦਾ।
ਜ਼ਹਿਰ ਦੀ ਤਜਾਰਤ ਤੇ ਸੀਜ ਫਾਇਰ ਖੋਲ੍ਹ ਦੇਈਏ,
ਮਾਰੋ ਵੈਰੀ ਫਨੀਅਰ ਦੇਸ਼ ਦਾ।

ਜਾਤੀ ਵਾਦ ਮਜ਼?ਹਬ ਦਾ ਢਾਹ ਦਈਏ ਕਿਲਾ,
ਓਥੇ ਏਕਤਾ ਦਾ ਮੰਦਰ ਉਸਾਰੀਏ।
ਉਹ ਜੰਗ ਛੱਡ ਆਓ ਇਹ ਜੰਗਾਂ ਲੜੀਏ,
ਵਿਕਾਸ ਦਾ ਪਸਾਰ ਹੀ ਪਸਾਰੀਏ।

ਬਾਜਵਾ ਪਿਆਰ ਦੇ ਚਲਾ ਕੇ ਚੰਗੇ ਕਾਰਤੂਸ,
ਨਫ਼ਰਤ ਮਨਾ ਵਿੱਚੋਂ ਮਾਰੀਏ।
ਜੰਗ ਦੀ ਭੱਠੀ ਚ ਛਡ ਝੋਕਣਾ ਜਹਾਨ ਸਾਰਾ,
ਮੂੰਹ ਮੱਥਾ ਧਰਾ ਦਾ ਸਵਾਰੀਏ।

**ਲਖਵਿੰਦਰ ਸਿੰਘ ਬਾਜਵਾ**
9416734506,
9729608492

# ਸੰਤ ਸੰਧੂ ਦੀ ਇਨਕਲਾਬੀ ਚੇਤਨਾ



ਡਾ. ਹਰਨੇਕ ਸਿੰਘ ਹੇਅਰ

ਸਾਹਿਤਕਾਰ ਆਪਣੀ ਸਾਹਿਤਕ ਕਿਰਤ ਵਿੱਚ ਕਿਸੇ ਵਰਗ ਵਿਸ਼ੇਸ਼ ਦਾ ਪੱਖ ਪੂਰ ਰਿਹਾ ਹੁੰਦਾ ਹੈ। ਕੁਝ ਸਾਹਿਤਕਾਰਾਂ ਨੂੰ ਹਾਕਮ ਜਮਾਤ ਦੀ ਸਰਪ੍ਰਸਤੀ ਹਾਸਿਲ ਹੁੰਦੀ ਹੈ। ਇਵਜ਼ਾਨੇ ਵਜੋਂ ਉਹ ਅਜਿਹੀਆਂ ਵਿਚਾਰਧਾਰਕ ਰਚਨਾਵਾਂ ਦੀ ਸਿਰਜਣਾ ਕਰਦੇ ਹਨ ਜਿਨ੍ਹਾਂ ਨਾਲ ਹਾਕਮ ਜਮਾਤ ਦੇ ਹਿੱਤ ਸੁਰੱਖਿਅਤ ਰਹਿਣ। ਅਜਿਹੇ ਸਾਹਿਤਕਾਰ ਰਾਜ-ਦਰਬਾਰ ਦੇ ਢਾਡੀ/ਭੰਡ ਬਣ ਕੇ ਰਹਿ ਜਾਂਦੇ ਹਨ ਅਤੇ ਸਮੇਂ ਦੀ ਸਹੀ ਇਤਿਹਾਸਕ ਤਸਵੀਰ ਉਹਨਾਂ ਦੀਆਂ ਰਚਨਾਵਾਂ ਵਿੱਚ ਪੇਸ਼ ਨਹੀਂ ਹੋ ਪਾਉਂਦੀ । ਇਸ ਤੋਂ ਉਲਟ ਲੋਕ ਪੱਖੀ ਸਾਹਿਤਕਾਰ ਹੁੰਦੇ ਹਨ। ਇਹ ਸਾਹਿਤਕਾਰ ਆਪਣੀਆਂ ਰਚਨਾਵਾਂ ਰਾਹੀਂ ਸੱਤਾ ਵਰਗ ਦੁਆਰਾ ਫੈਲਾਏ ਭਰਮਾਂ ਨੂੰ ਤੋੜਨ ਦਾ ਕਾਰਜ ਕਰਦੇ ਹਨ ਅਤੇ ਨਾਲ ਹੀ ਲੋਕ ਵਿਰੋਧੀ ਹਕੂਮਤ ਵਿਰੁੱਧ ਆਵਾਜ਼ ਬੁਲੰਦ ਕਰਕੇ ਲੋਕਾਂ ਵਿੱਚ ਚੇਤਨਾ ਭਰਦੇ ਹਨ ਤਾਂ ਕਿ ਲੋਕ ਸੰਗਰਾਮ ਲਈ ਉੱਠ ਖਲੋਣ। ਇਹ ਸਾਹਿਤਕਾਰ ਸ਼ੋਸ਼ਕ ਵਰਗ/ਹਾਕਮ ਵਰਗ ਵਿਰੁੱਧ ਸਮਾਜ ਨੂੰ ਜਾਗ੍ਰਿਤ ਕਰਦੇ ਹਨ। ਅਜਿਹੇ ਸਾਹਿਤਕਾਰਾਂ ਦਾ ਕਾਰਜ ਖੰਡੇ ਦੀ ਧਾਰ 'ਤੇ ਚੱਲਣ ਵਰਗਾ ਕਠਿਨ ਹੁੰਦਾ ਹੈ।

ਸੰਤ ਸੰਧੂ ਸ਼ੁਰੂ ਤੋਂ ਹੀ ਲੋਕ ਪੱਖੀ ਵਿਚਾਰਧਾਰਾ ਦਾ ਮੁਦੱਈ ਰਿਹਾ ਹੈ। ਉਸ ਨੇ ਰਾਜ ਦਰਬਾਰ ਦੇ ਜੂਲੇ ਥੱਲੇ ਵਗਣ ਦੀ ਥਾਵੇਂ ਸਾਧਨ ਵਿਹੂਣੇ ਲੋਕਾਂ ਦੇ ਹੱਕ ਵਿੱਚ ਖੜੋਣ ਦੀ ਨਾ ਕੇਵਲ ਦਲੇਰੀ ਹੀ ਕੀਤੀ ਬਲਕਿ ਸਾਧਨਾਂ ਅਤੇ ਸੱਤਾ 'ਤੇ ਕਾਬਜ ਜਮਾਤ ਨਾਲ ਰੋਹ ਭਰਿਆ ਤਿੱਖਾ ਸੰਵਾਦ ਵੀ ਰਚਾਇਆ ਹੈ। ਲੋਕ ਹਿੱਤਾਂ ਨਾਲ ਪ੍ਰਣਾਇਆ ਸੰਧੂ ਲੋਕ ਦੋਖੀ ਧਿਰ ਪ੍ਰਤੀ ਪੂਰੀ ਤਰ੍ਹਾਂ ਬੇਲਿਹਾਜ਼ ਹੈ। ਇਸ ਵਰਗ ਲਈ ਉਹ ਸਖ਼ਤ, ਕਠੋਰ ਤੇ ਬੇਲਿਹਾਜ਼ ਭਾਸ਼ਾ ਵਰਤਣੋਂ ਵੀ ਗੁਰੇਜ਼ ਨਹੀਂ ਕਰਦਾ। ਅਜਿਹੀ ਖਰਵੀਂ ਤੇ ਤਲਖ ਭਾਸ਼ਾ ਦੇ ਦੀਦਾਰ ਉਸ ਦੇ ਹਰੇਕ ਕਾਵਿ ਸੰਗ੍ਰਹਿ ਵਿੱਚ ਕੀਤੇ ਜਾ ਸਕਦੇ ਹਨ। ਕੁਝ ਪ੍ਰਮਾਣ ਪ੍ਰਸਤੁਤ ਹਨ:

ਮੇਰੀ ਮਾਂ ਨੇ
ਸਿਰਫ਼ ਇਕ ਦਿਨ
ਘਿਉ-ਦੁੱਧ ਨੂੰ ਤਾਲਾ ਲਾਇਆ ਸੀ
ਮੈਂ ਮਾਂ ਦਾ ਬੂਥਾ ਨੋਚ ਲੈਣ ਤੱਕ ਗਿਆ ਸੀ ?
ਤੂੰ ਭਾਰਤ ਮਾਤਾ
ਹਰ ਸ਼ੈ ਨੂੰ ਹੀ ਤਾਲਾ ਲਾ ਰੱਖਿਆ ਹੈ
ਤੂੰ ਗੁਦਾਮਾਂ ਦੇ ਤਾਲੇ ਕਦ ਖੋਲ੍ਹਣੇ ਹਨ ?
ਤੂੰ ਚਾਬੀਆਂ ਕਦ ਤੇ ਕਿਵੇਂ ਦੇਣੀਆਂ ਹਨ?
ਕੀ ਮੈਂ ਤੇਰੀ ਇੱਜ਼ਤ ਦਾ ਭਾਂਡਾ
ਵਿਚ ਚੋਰਾਹੇ
ਠੀਕਰ ਠੀਕਰ ਕਰ ਦੇਵਾਂ?

ਸੀਸ ਤਲੀ 'ਤੇ, ਪੰਨਾ 27

ਉਹ ਰਾਣੀ ਖਾਂ ਦੇ ਸਾਲੇ ਨੇ
ਜਿਹੜੇ ਕਰਦੇ ਘਾਲੇ ਮਾਲੇ ਨੇ
ਇਹਦੇ ਲੇਖੀਂ ਲਾਏ ਤਾਲੇ ਨੇ

ਨੌਂ ਮਣ ਰੇਤ, ਪੰਨਾ 112

ਲੋਕ ਵਿਰੋਧੀ ਹਕੂਮਤ ਜਿਸ ਨੂੰ ਉਸ ਦੀ ਕਵਿਤਾ ਵਿੱਚ ਦੱਬੇ ਕੁਚਲੇ ਲੋਕਾਂ ਦਾ ਮੂਲ ਦੁਸ਼ਮਣ ਮੰਨਿਆ ਗਿਆ ਹੈ, ਨੂੰ ਕਵੀ ਅਨੇਕ ਥਾਵਾਂ 'ਤੇ ਸਿੱਧਾ ਵੰਗਾਰਦਾ ਹੈ:

ਰਾਣੀਏ ਰਾਜ ਕਰੇਂਦੀਏ
ਤੋਂ ਬੋਲੇ ਕਰ ਲਏ ਕੰਨ
ਅੱਖੀਂ ਘੱਟਾ ਪਾ ਲਿਆ
ਹੁਣ ਮੇਰੀ ਇਕ ਮੰਨ
ਰਾਣੀਏ ਵਾਗ ਫੜੇਂਦੀਏ
ਵਾਗਾਂ ਦੇਹ ਤੂੰ ਛੱਡ

ਗਹਿਣਾ ਗੱਟਾ ਤੂੰ ਭੁੱਲ ਜਾਹ

ਜਾਨ ਬਚਾ ਕੇ ਭੱਜ ਸੀਸ ਤਲੀ 'ਤੇ, ਪੰਨਾ 54

ਸੰਤ ਸੰਧੂ ਕਾਵਿ ਦਾ ਕਾਵਿ-ਵਕਤਾ ਕੇਵਲ ਲੋਕ-ਦੁਸ਼ਮਣ ਨੂੰ ਹੀ ਮੁਖ਼ਾਤਿਬ ਨਹੀਂ ਹੁੰਦਾ ਉਹ ਆਪਣੇ ਅਥਵਾ ਸਾਧਨ ਵਿਹੂਣੇ ਵਰਗ ਨਾਲ ਵੀ ਸੰਵਾਦ ਰਚਾਉਂਦਾ ਹੈ। ਦੱਬੇ ਕੁਚਲੇ ਲੋਕਾਂ ਨੂੰ ਸੰਬੋਧਿਤ ਹੁੰਦਿਆਂ ਉਹ ਉਹਨਾਂ ਦੀ ਤ੍ਰਾਸਦਿਕ ਸਥਿਤੀ ਤੇ ਇਸ ਦੇ ਅਸਲ ਕਾਰਨਾਂ ਪ੍ਰਤੀ ਜਾਗਰੂਕ ਕਰਦਾ ਹੈ :

ਨੀ ਸੁੰਦਰ ਮੁੰਦਰੀਏ
ਤੇਰਾ ਕੌਣ ਵਿਚਾਰਾ.......
ਸਿਰ ਤੇਰੇ ਤੋਂ ਸਾਂ ਸਾਂ ਕਰਦੀ
ਗਈ ਜੁਗਾਂ ਦੀ ਨ੍ਹੇਰੀ
ਜੂਹ ਤੇਰੀ ਵਿੱਚ ਅਜੇ ਨਾ ਪਾਈ
ਸੋਨ ਮਿਰਗ ਨੇ ਫੇਰੀ,
ਅਜੇ ਨਾ ਤੇਰੇ ਲੇਖਾਂ ਵਾਲਾ,
ਅੰਬਰੀਂ ਚੜ੍ਹੇ ਸਿਤਾਰਾ
ਨੀ ਸੁੰਦਰ ਮੁੰਦਰੀਏ....
ਅਜੇ ਬਾਜ਼ਾਰਾਂ ਦੇ ਵਿੱਚ ਇਥੇ,
ਯੂਸਫ਼ ਪਿਆ ਵਿਕੇਂਦਾ,
ਬੇਅਦਲਾਂ ਦੀ ਸੂਲੀ ਉੱਤੇ
ਈਸਾ ਅਜੇ ਚੜ੍ਹਦਾ
ਅਜੇ ਨਰਕ ਦੇ ਭੋਗੀ ਨੂੰ ਹੈ
ਇਕ ਸੁਰਗ ਦਾ ਲਾਰਾ
ਨੀ ਸੁੰਦਰ ਮੁੰਦਰੀਏ.......
ਪਾਂਡਵ ਫੇਰ ਬੇਇੱਜ਼ਤ ਹੋਏ,
ਹੋਈ ਦਰੋਪਤ ਨੰਗੀ
ਫਿਰ ਗੱਦੀਆਂ ਤੇ ਕੌਰਵ ਆਏ
ਪੱਤ ਮਾਸੂਮ ਦੀ ਡੰਗੀ,
ਅਜੇ ਸਮੇਂ ਦੀਆਂ ਅੱਖਾਂ ਵਿੱਚੋਂ
ਡੁਲ੍ਹਦਾ ਹੰਝੂ ਖਾਰਾ,
ਨੀ ਸੁੰਦਰ ਮੁੰਦਰੀਏ.......

ਨੌਂ ਮਣ ਰੇਤ, ਪੰਨਾ 45

ਇਹ ਕਾਵਿ-ਵਕਤਾ ਲੋਕਾਂ ਨੂੰ ਉਨ੍ਹਾਂ ਦੀ ਤ੍ਰਾਸਦਿਕ ਸਥਿਤੀ ਦਾ ਅਹਿਸਾਸ ਕਰਵਾ ਕੇ ਹੀ ਚੁੱਪੀ ਨਹੀਂ ਸਾਧ ਲੈਂਦਾ ਬਲਕਿ ਇਸ ਸਥਿਤੀ ਦੀ ਸਿਰਜਣਸ਼ੀਲ ਧਿਰ ਨਾਲ ਸਿੱਧੇ ਰੂਪ ਵਿੱਚ ਟੱਕਰ ਲੈਣ ਲਈ ਲੋਕਾਂ ਨੂੰ ਵੰਗਾਰਦਾ ਵੀ ਹੈ। ਇਹ ਲੋਕ-ਵੰਗਾਰ ਉਸ ਦੇ ਹਰੇਕ ਕਾਵਿ-ਸੰਗ੍ਰਹਿ ਵਿੱਚ ਉਪਲਬਧ ਮਿਲਦੀ ਹੈ:

ਇਕ ਵਾਰੀ ਲਾਂਬੂ ਲਾਓ ਵੇ ਲੋਕੋ
ਇਕ ਵਾਰੀ ਲਾਬੂ ਲਾਓ।
ਬੁੱਝਦੀ ਨਿੱਤ ਚੰਗਿਆੜੀ ਲੈ ਕੇ
ਇੰਜ ਨਾ ਅੱਗ ਸੁਲਗਾਓ
ਵੇ ਲੋਕੋ ਇੰਜ ਨਾ ਅੱਗ ਸੁਲਗਾਓ।
ਇਕ ਵਾਰੀ ਅਲਖ ਮੁਕਾਓ ਵੇ ਲੋਕੋ
ਇਕ ਵਾਰੀ ਅਲਖ ਮੁਕਾਓ।
ਥੋੜ੍ਹਾ ਥੋੜ੍ਹਾ ਮਾਰ ਕੇ ਰਾਵਣ
ਇੰਜ ਨਾ ਗੱਲ ਲਮਕਾਓ ਵੇ ਲੋਕੋ
ਇੰਜ ਨਾ ਗੱਲ ਲਮਕਾਓ।
ਮਰੜ੍ਹਾ ਬੰਨ੍ਹ ਕੇ ਆਓ ਵੇ ਲੋਕੋ
ਮਰੜਾ ਬੰਨ੍ਹ ਕੇ ਆਓ।

ਬਾਂਸ ਦੀ ਅੱਗ, ਪੰਨਾ 5

ਨਾਲ ਦਮੂਹੀ ਲੜਨਾ ਪੈਣਾ
ਕੱਠੇ ਕਰ ਲਓ ਡੰਗ ਓ ਯਾਰ।
ਪੈਲੀ ਬੰਨੇ ਸਭ ਉਜਾੜੇ
ਮਾਰੋ ਖੂਨੀ ਸੰਢ ਓ ਯਾਰ।
ਅੱਗ ਦੀਆਂ ਜੋਤਾਂ 'ਕੱਠੀਆਂ ਕਰਕੇ
ਅੱਗ ਕਰੋ ਪਰਚੰਡ ਓ ਯਾਰ।
ਸੁੱਤੇ ਰਹੇ ਜੇ ਗੂੜ੍ਹੀ ਨੀਂਦੇ
ਰਹਿੰਦਾ ਗਲ ਜਾਊ ਗੰਡ ਓ ਯਾਰ।

ਬਾਂਸ ਦੀ ਅੱਗ, ਪੰਨਾ 5

ਉਦੋਂ ਕਾਫ਼ਲੇ ਬਣਾਏ
ਜਦੋਂ ਪਏ ਸੀ ਉਜਾੜੇ
ਹੁਣ ਕਾਫ਼ਲੇ ਬਣਾਈਏ

ਜਿਹੜੇ ਮੇਟ ਦੇਣ ਪਾੜੇ ਪੰਜਾਂ ਪਾਣੀਆਂ ਦੇ ਵਿਚ ਦੇਈਏ
ਮਿਸ਼ਰੀ ਨੂੰ ਘੋਰ

ਪੁਲ ਮੋਰਾਂ, ਪੰਨਾ 14

ਸੰਤ ਸੰਧੂ ਦੀ ਕਵਿਤਾ ਵਿੱਚ ਲੋਕ ਵਿਰੋਧੀ ਹਕੂਮਤ ਦੇ ਨਾਲ ਨਾਲ ਸਾਮਰਾਜ ਤਾਕਤਾਂ ਨੂੰ ਵੀ ਲੋਕ ਦੁਸ਼ਮਣ ਦੱਸਦਿਆਂ ਬਰੋਬਰ ਰੂਪ ਵਿੱਚ ਵੰਗਾਰਿਆ ਗਿਆ ਹੈ। ਕੁਝ ਮਿਸਾਲਾਂ ਪ੍ਰਸਤੁਤ ਹਨ :

ਇਹ ਮੂੰਹ-ਜੋਰ, ਬੇ-ਕਾਬੂ ਘੋੜਾ
ਸਾਮਰਾਜ ਦਾ ਅੱਥਰਾ ਘੋੜਾ
ਤੇਰੇ ਦੇਸ਼ ਵੀ ਮੇਰੇ ਦੇਸ਼ ਵੀ
ਚਹੁੰ ਪਾਸੀਂ ਇਹ ਧੂੜ ਉੜੇ ਜੋ
ਚਾਰੀਂ ਕੂੰਟੀ ਵਧ ਰਿਹਾ ਏ
........................
ਤੇਰੇ ਮੇਰੇ ਦੇਸ਼ ਦੇ ਲੋਕੋ
ਭੋਲੇ ਭਾਲੇ, ਨਿੱਕੇ ਲੋਕੋ
ਇਸ ਘੋੜੇ ਦੀਆਂ ਵਾਗਾਂ ਥੰਮੋ
ਇਸ ਨੂੰ ਰਾਜ ਮਹੱਲ 'ਚੋਂ ਕੱਢ
ਅਸਵਾਰਾਂ ਨੂੰ ਥੱਲੇ ਲਾਹੋ
ਇਸ ਘੋੜੇ ਨੂੰ ਮਾਰ ਮੁਕਾਓ
ਸੁੰਮਾਂ ਥੱਲੇ ਹੋਰ ਨਾ ਆਓ।

ਬਾਂਸ ਦੀ ਅੱਗ, ਪੰਨਾ 21

ਪਾਪ ਦੀ ਜੰਞ ਬਗਦਾਦ 'ਚ ਲੱਥੀ
ਜੋਰੀਂ ਮੰਗੇ ਤੇਲ ਵੇ ਲਾਲ
........................
ਸ਼ੈਤਾਨਾਂ ਦੇ ਨੱਥ ਪੈ ਜਾਣੀ
ਹੁੰਦੇ ਲੋਕ ਮਹਾਨ ਵੇ ਲਾਲੋ
ਵਲੀ ਕੰਧਾਰੀ ਹੈ ਮੱਕਾਰੀ
ਹੋ ਚਲੀਏ ਬਲਵਾਨ ਵੇ ਲਾਲੋ
ਬਾਲੇ ਤੇ ਮਰਦਾਨੇ ਰਲ ਕੇ
ਡੱਕੀਏ ਜੰਨ ਸ਼ੈਤਾਨ ਵੇ ਲਾਲੋ

ਅਨੰਦਪੁਰ ਮੇਲ, ਪੰਨਾ 78

ਲੋਕਾਂ ਨੂੰ ਵਿਸ਼ੇਸ਼ ਕਰਕੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਲੋਕ-ਯੁੱਧ ਲਈ ਵੰਗਾਰਨ ਦੀ ਪ੍ਰਬਲ ਰੁਚੀ ਉਸ ਦੇ ਦੂਜੇ ਕਾਵਿ-ਸੰਗ੍ਰਹਿ 'ਬਾਂਸ ਦੀ ਅੱਗ' ਵਿੱਚ ਉੱਭਰਵੇਂ ਰੂਪ ਵਿੱਚ ਮਿਲਦੀ ਹੈ। ਆਪਣੇ ਪ੍ਰਥਮ ਕਾਵਿ ਸੰਗ੍ਰਹਿ 'ਸੀਸ ਤਲੀ 'ਤੇ' ਵਿੱਚ ਉਸ ਦਾ ਕਾਵਿ-ਵਕਤਾ ਲੋਕਾਂ ਨੂੰ ਯੁੱਧ ਕਰਨ ਲਈ ਉਕਸਾਉਣ ਦੀ ਥਾਵੇਂ ਆਪਣੀ ਵਿਅਕਤੀਗਤ ਸੂਰਮਗਤੀ ਦੇ ਸੋਹਲੇ ਗਾਉਣ ਤਕ ਹੀ ਮਹਿਦੂਦ ਹੈ। ਇੱਥੇ ਕਵੀ ਸੰਧੂ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਨੀਤੀ 'ਇਨਕਲਾਬ ਲਈ ਲੋਕਾਂ ਨੂੰ ਲਾਮਬੰਦ ਕਰਨ ਦੀ ਲੋੜ ਨਹੀਂ ਮਜ਼ਦੂਰ ਜਮਾਤ ਦਾ ਭਾਰਤੀ ਇਨਕਲਾਬ ਵਿੱਚ ਕੋਈ ਰੋਲ ਨਹੀਂ ਅਤੇ ਇਨਕਲਾਬ ਲਈ ਕੇਵਲ ਕੁਝ ਕੁ ਗੱਭਰੂਆਂ ਦੇ ਤਲੀ 'ਤੇ ਸਿਰ ਰੱਖ ਕੇ ਯੁੱਧ ਦੇ ਮੈਦਾਨ ਵਿੱਚ ਕੁੱਦਣ ਦੀ ਲੋੜ ਹੈ ਦਾ ਹਾਮੀ ਹੈ:

ਮੈਂ ਰੋਟੀ ਦੀ ਰੱਸੀ ਤੋੜ ਆਇਆ ਹਾਂ
ਮੈਂ ਬਿਸਤਰ ਛੱਡ ਆਇਆ ਹਾਂ
ਮੈਂ ਕੁਝ ਕਰਨ ਆਇਆ ਹਾਂ

ਸੀਸ ਤਲੀ 'ਤੇ, ਪੰਨਾ 32

ਮੇਰਾ ਤਾਂ ਕੋਈ ਵਿਸਾਹ ਨਹੀਂ
ਕਿ ਮੈਂ ਕਦ ਕਿਸੇ ਯਾਰ ਨੂੰ
ਸੜਕ 'ਤੇ ਹੀ ਨੰਗਾ ਕਰ ਦੇਵਾਂ
ਮੇਰਾ ਕੋਈ ਇਤਬਾਰ ਨਹੀਂ
ਮੇਰੇ ਤਾਂ ਹੱਥ ਹੁਣ ਬੜੇ ਬੇਜ਼ਾਰ, ਤਲਬਗਾਰ
ਰਹਿੰਦੇ ਹਨ, ਵਸਤਰ ਲਾਹੁਣ ਲਈ, ਮਖੌਟੇ
ਉਧੇੜਨ ਨੂੰ।

ਸੀਸ ਤਲੀ 'ਤੇ, ਪੰਨਾ 28

ਸੰਤ ਸੰਧੂ ਨੇ ਬਾਕੀ ਬਹੁਤੇ ਜੁਝਾਰ ਵਿਦਰੋਹੀ ਕਵੀਆਂ ਵਾਂਗ ਲੋਕਾਂ ਨੂੰ ਜਾਗਰੂਕ ਕਰਨ ਲਈ ਸਾਂਝੇ ਧਾਰਮਿਕ ਅਤੇ ਲੋਕ ਵਿਰਸੇ ਦੀ ਭਰਪੂਰ ਵਰਤੋਂ ਕੀਤੀ। ਕੁਝ ਮਿਸਾਲਾਂ ਪ੍ਰਸਤੁਤ ਹਨ:

ਥੋੜਾ ਥੋੜਾ ਮਾਰ ਕੇ ਰਾਵਣ
ਇੰਜ ਨਾ ਗੱਲ ਲਮਕਾਓ ਦੇ ਲੋਕੋ
ਇੰਜ ਨਾ ਗੱਲ ਲਮਕਾਓ
........................
ਹੱਕ ਦੀ ਸੀਤਾ ਵਾਪਿਸ ਲੈ ਕੇ

ਫੇਰ ਅਯੁੱਧਿਆ ਧਾਓ ਵੇ ਲੋਕੋ

ਬਾਂਸ ਦੀ ਅੱਗ, ਪੰਨਾ 54

ਬੜੀ ਦੇਰ ਤੋਂ ਹਾਂ ਖ਼ਾਕ ਦੀ ਤਾਸੀਰ ਹੋ ਰਹੇ
ਵਾਂਗ ਗੰਨੇ ਦੇ ਹਾਂ ਵੇਲਣੇ 'ਚ ਪੀੜ ਹੋ ਰਹੇ
ਤਾਰੂ ਤੇਗ ਸਰਮੱਦ ਮਤੀਦਾਸ ਵਰਗੇ
ਅਸੀਂ ਚਿਰਾਂ ਤੋਂ ਚੌਰਾਹੇ ਵਿੱਚ ਚੀਰ ਹੋ ਰਹੇ

ਨੌਂ ਮਣ ਰੇਤ, ਪੰਨਾ 23

ਸੁੰਦਰੀ ਮੁੰਦਰੀ ਕਰਨ ਪੁਕਾਰਾਂ
ਫਿਰ ਦੁੱਲਿਆਂ ਨੂੰ ਅਰਜ਼ ਗੁਜ਼ਾਰਾਂ
ਆਪੋ ਆਪਣੇ ਘੋੜੇ ਲੈ ਕੇ
ਸੂਤ ਲਵੋ ਨੇਜੇ ਤਲਵਾਰਾਂ

ਨੌਂ ਮਣ ਰੇਤ, ਪੰਨਾ 65

ਸੰਤ ਸੰਧੂ ਸਮਕਾਲੀ ਯਥਾਰਥ ਜਿਸ ਵਿੱਚ ਸਾਧਨਹੀਣ ਵਰਗ ਦੀ ਕੋਈ ਪੁੱਛ ਪ੍ਰਤੀਤ ਨਹੀਂ ਨੂੰ ਬਦਲ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਤਬਦੀਲੀ ਲਈ ਉਹ ਹਥਿਆਰਾਂ ਦੀ ਵਰਤੋਂ ਨੂੰ ਵੀ ਜਾਇਜ਼ ਮੰਨਦਾ ਹੈ :

ਚੜ੍ਹ ਕੇ ਚੁਬਾਰੇ ਜਿਹੜੇ ਸੁੱਤੇ ਮੇਰੇ ਸੋਹਣਿਆਂ
ਚੋਰਾਂ ਨਾਲ ਰਲੇ ਹੋਏ ਕੁੱਤੇ ਮੇਰੇ ਸੋਹਣਿਆਂ
ਬਾਣੀਏ ਦੇ ਆਉਣੇ ਦਿਨ ਪੁੱਠੇ ਮੇਰੇ ਸੋਹਣਿਆਂ
ਝੂਠੀਆਂ ਤਸੱਲੀਆਂ ਨੇ, ਕਰ ਦਿੱਤਾ ਨਾਸ ਨੀ
ਤੀਰ ਮੇਰੇ ਤੋੜੇ ਮੈਨੂੰ ਕੀਤਾ ਹੈ ਉਦਾਸ ਨੀ
ਬਿਨਾਂ ਹਥਿਆਰ ਗੱਲ ਆਉਣੀ ਨਹੀਓਂ ਰਾਸ ਨੀ

ਨੌਂ ਮਣ ਰੇਤ, ਪੰਨਾ 84

ਮੇਰੇ ਇੱਕ ਹੱਥ ਦੋਸਤੀ ਦੂਜੇ ਪਸਤੌਲ ਦੀ ਮੁੱਠ ਹੈ
ਮੈਂ ਹਾਜ਼ਰ ਹਾਂ

ਸੀਸ ਤਲੀ 'ਤੇ, ਪੰਨਾ 22

ਹੋਰ ਤਾਂ ਹੋਰ ਸੰਧੂ ਦਾ ਇਨਕਲਾਬੀ ਜਜ਼ਬਾ ਕਲਮ ਨੂੰ ਵੀ ਹਥਿਆਰ ਵਜੋਂ ਚਿਤਵਣ ਲੱਗਦਾ ਹੈ :

ਪਤਾ ਨਹੀਂ ਇਹ ਕਲਮ ਹੈ ਕਿ
ਕਿ ਬਰਛੀ ਵਾਰ ਹੈ
ਬਦਮਾਸ਼ ਕਾਗ਼ਜ਼ਾਂ ਦੇ ਪੇਟ 'ਚ
ਅੰਨ੍ਹੇਵਾਹ ਘੁਸ ਜਾਂਦੀ ਹੈ
ਰੁੱਗੋ-ਰੁੱਗ ਆਂਦਰਾਂ
ਖਿੱਚ ਲਿਆਉਂਦੀ ਹੈ
ਪਤਾ ਨਹੀਂ ਇਹ ਕਲਮ ਹੈ ਕਿ

ਸੀਸ ਤਲੀ 'ਤੇ, ਪੰਨਾ 41

ਬਿਲਕੁਲ ਏਸੇ ਤਰ੍ਹਾਂ ਦੀ ਗੱਲ ਇਸੇ ਸੰਗ੍ਰਹਿ ਵਿੱਚ ਦਰਜ 'ਕੀ' ਨਾਮੀ ਕਵਿਤਾ ਵਿੱਚ ਵੀ ਦੇਖੀ ਜਾ ਸਕਦੀ ਹੈ।

ਸੰਤ ਸੰਧੂ ਲੋਕ ਘੋਲ ਲਈ ਹਥਿਆਰ ਦੀ ਵਰਤੋਂ ਨੂੰ ਉਸ ਹੱਦ ਤੱਕ ਜਾਇਜ਼ ਮੰਨਦਾ ਹੈ ਜਿੱਥੋਂ ਤੱਕ ਇਨ੍ਹਾਂ ਦਾ ਮੂੰਹ ਲੋਕ ਦੁਸ਼ਮਣ ਵੱਲ ਹੈ। ਜਦੋਂ ਇਹ ਹਥਿਆਰ ਲੋਕ ਦੁਸ਼ਮਣ ਦੀ ਪਹਿਚਾਣ ਕੀਤੇ ਬਿਨਾਂ ਮਾਸੂਮਾਂ 'ਤੇ ਚੱਲਦੇ ਹਨ ਤਾਂ ਉਹ ਇਸ ਦਾ ਵਿਰੋਧ ਕਰਨ ਤੋਂ ਵੀ ਪਿਛਾਂਹ ਨਹੀਂ ਹਟਦਾ:

ਜ਼ੁਲਮ ਲਈ ਹਥਿਆਰ ਧਰਮ ਹੈ
ਸਿਤਮ ਲਈ ਤਲਵਾਰ ਕਰਮ ਹੈ
ਪਰ ਜੋ ਰੱਤ ਮਾਸੂਮ ਦੀ ਡੋਲ੍ਹੇ
ਕਾਇਰ ਨੀਚ ਮੱਕਾਰ

(ਨੌਂ ਮਣ ਰੇਤ, ਪੰਨਾ 51)

ਅੱਸੀਵਿਆਂ ਦਰਮਿਆਨ ਜਦੋਂ ਨੌਜਵਾਨ ਪੀੜ੍ਹੀ ਫ਼ਿਰਕੂ ਲੀਹਾਂ 'ਤੇ ਤੁਰੀ ਤਾਂ ਬਹੁਤ ਸਾਰੇ ਜੁਝਾਰੂ ਬਿਰਤੀ ਦੇ ਖੱਬੇ ਪੱਖੀ ਕਵੀ ਇਸ ਲਹਿਰ ਦਾ ਵਿਰੋਧ ਕਰਦੇ ਹੋਏ ਦੇਸ਼ ਦੀਆਂ ਬੁਰਜੂਆ ਹਕੂਮਤ ਦੇ ਹੱਕ ਵਿੱਚ ਜਾ ਖੜੋਤੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਫ਼ਿਰਕੂ ਲਹਿਰ ਦੁਆਰਾ ਮਾਸੂਮਾਂ ਦਾ ਕੀਤਾ ਗਿਆ ਕਤਲੇਆਮ ਨਿੰਦਣਯੋਗ ਸੀ ਪਰ ਇਹ ਵੀ ਸੱਚ ਹੈ ਕਿ ਇਹ ਕਾਰਜ ਖਾੜਕੂ ਸਿੱਖ ਲਹਿਰ ਨੂੰ ਬਦਨਾਮ ਕਰਨ ਹਿੱਤ ਸਰਕਾਰੀ ਏਜੰਸੀਆਂ ਤੇ ਖੁਫ਼ੀਆ ਤੰਤਰ ਵੀ ਕਰਦਾ ਰਿਹਾ। ਖੱਬੇ ਪੱਖੀ ਚਿੰਤਕਾਂ ਦੀ ਸਿਆਣਪ ਤਾਂ ਮੰਨੀ ਜਾਂਦੀ ਜੇਕਰ ਉਹ ਲੋਕ ਵਿਰੋਧੀ ਸਟੇਟ ਵਿਰੁੱਧ ਭੜਕੀ ਇਸ ਅੱਗ ਨੂੰ ਹੋਰ ਪ੍ਰਜਵਲਿਤ ਕਰਕੇ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਦੇ। ਇਹ ਤਾਂ ਇਸ ਲਹਿਰ ਵੱਲੋਂ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਨੂੰ ਮੁੱਖ ਰੱਖ ਕੇ ਭਾਰਤੀ ਹਕੂਮਤ ਦੀ ਫ਼ਾਸੀਵਾਦੀ ਨੀਤੀ ਨੂੰ ਹੀ ਸਹੀ ਦਰਸਾਉਣ ਵਿੱਚ ਮਸਰੂਫ਼ ਹੋ ਰਹੇ। ਨਿਰਸੰਦੇਹ ਪੰਜਾਬ ਵਿੱਚ ਹੋਏ

ਇੰਨੇ ਵੱਡੇ ਖੂਨ ਖ਼ਰਾਬੇ ਵਿੱਚ ਸਿੱਖ ਖਾੜਕੂਆਂ ਦੀਆਂ ਗ਼ਲਤੀਆਂ ਦੀ ਹਿੱਸੇਦਾਰੀ ਵੀ ਹੋਵੇਗੀ ਪਰ ਸਰਕਾਰੀ ਤੰਤਰ ਦੇ ਗ਼ੈਰ-ਜ਼ਮਹੂਰੀ ਅਮਲ ਅਤੇ ਐਕਸ਼ਨਾਂ ਨੂੰ ਖੱਬੀ ਲਹਿਰ ਵੱਲੋਂ ਇਸ ਕਦਰ ਦਰਕਿਨਾਰ ਕਰਨਾ ਕਿਵੇਂ ਜਾਇਜ਼ ਠਹਿਰਾਇਆ ਜਾ ਸਕਦਾ ਹੈ? ਖੱਬੀ ਲਹਿਰ ਦੇ ਲੀਡਰ ਬਹੁਤ ਵਾਰ ਦਾਅਵਾ ਕਰਦੇ ਹਨ। ਕਿ ਉਨ੍ਹਾਂ ਨੇ ਵੀ ਪੰਜਾਬ ਵਿੱਚ ਹੋਏ ਧੱਕੇ ਅਤੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕੀਤਾ। ਉਨ੍ਹਾਂ ਵੱਲੋਂ ਨੰਗੇ ਚਿੱਟੇ ਪੁਲਿਸ ਧੱਕੇ ਉਲਟ ਜੋ ਵੀ ਕੀਤਾ, ਉਹ ਪੰਜਾਬ ਦੇ ਪੋਤੜੇ ਤੋਂ ਨਹੀਂ ਹੋਇਆ, ਬਲਕਿ ਭਾਰਤੀ ਨੇਸ਼ਨ ਦੇ ਪਲੇਟਫਾਰਮ ਤੋਂ ਹੀ ਕੀਤਾ ਗਿਆ। ਇਸ ਕਰਕੇ ਮਾਰੇ ਜਾਣ ਵਾਲੇ ਸਿੱਖ ਨੌਜਵਾਨ ਅਤੇ ਤਸ਼ੱਦਦ ਝੱਲਣ ਵਾਲੇ ਸਿੱਖ ਪਰਿਵਾਰ ਉਨ੍ਹਾ ਵੱਲੋਂ ਦੇਸ਼ ਤੋੜਨ ਜਾਂ ਦੇਸ਼ ਵਿਰੋਧੀ ਕਾਰਵਾਈ ਦੇ ਦੋਸ਼ੀ ਮਿੱਥੇ ਗਏ। ਇਸ ਸੰਬੰਧੀ ਉਨ੍ਹਾਂ ਦੀ ਸਮਝ ਉਹੀ ਪਹਿਲਾਂ ਵਾਲੀ ਹੀ ਹੋ ਨਿਬੜੀ ਜਿਹੜੀ ਸਟੇਟ ਦੇ ਫਾਸ਼ੀਵਾਦੀ ਦਮਨ ਦੇ ਅਮਲ ਤੋਂ ਬਰੀ ਕਰਦੀ ਹੈ। ਸੰਤ ਸੰਧੂ ਉਨ੍ਹਾਂ ਚੋਣਵੇ ਇਨਕਲਾਬੀ ਕਵੀਆਂ ਵਿੱਚੋਂ ਹੈ ਜਿਨ੍ਹਾਂ ਨੇ ਸਟੇਟ ਵਿਰੁੱਧ ਉੱਠੀ ਇਸ ਫ਼?ਰਕੂ ਲਹਿਰ ਦੀ ਦਿਸ਼ਾ ਠੀਕ ਕਰਕੇ ਜਮਾਤੀ ਲੜਾਈ ਹਿੱਤ ਵਰਤਣ ਦੀ ਸੂਝ ਭਰੀ ਜੁਗਤ ਅਪਣਾਈ। ਇਸੇ ਕਰਕੇ ਉਹ ਇਸ ਨੂੰ ਸਟੇਟ ਦੁਆਰਾ ਸਿਰਜੀ 'ਲਿਬਰਲ ਡੈਮੋਕਰੇਸੀ ਦੀ ਸ਼ਬਦਾਵਲੀ ਮਸਲਨ : ਵੱਖਵਾਦੀ, ਆਤੰਕਵਾਦੀ ਅਤੇ ਮੂਲਵਾਦੀ। ਰਾਹੀਂ ਸੰਬੋਧਿਤ ਹੋਣੋਂ ਗੁਰੇਜ਼ ਕਰਦਾ ਹੈ। ਉਹ ਨਵੀਂ ਪੀੜ੍ਹੀ ਦੇ ਹਥਿਆਰ ਉਠਾਉਣ ਦੇ ਜਜ਼ਬੇ ਦਾ ਸਤਿਕਾਰ ਕਰਦਾ ਹੈ ਪਰ ਇਸ ਦੀ ਵਰਤੋਂ ਸੱਤਾ 'ਤੇ ਕਾਬਜ਼ ਲੋਕ ਦੁਸ਼ਮਣ ਖ਼ਿਲਾਫ਼ ਕਰਨ ਲਈ ਉਕਸਾਉਂਦਾ ਹੈ- ਜੋ ਸਹੀ ਮਾਇਨਿਆਂ ਵਿੱਚ ਇਨਕਲਾਬੀ ਕਾਰਜ ਹੈ। ਉਹ ਲਿਖਦਾ ਹੈ:

ਤਲਵਾਰ ਤੇਰੀ ਨੂੰ 'ਜੀ ਆਇਆਂ',
ਐਪਰ ਖੰਡਾ ਜਾਬਰ ਸੰਗ ਭਿੜਾਈਦਾ।
ਕੰਡੇ ਵੀ ਫੁੱਲਾਂ 'ਤੇ ਪਹਿਰਾ ਦਿੰਦੇ ਨੇ,
ਤੇ ਸ਼ੀਸ਼ੇ ਨੂੰ ਪੱਥਰਾਂ ਕੋਲੋਂ ਬਚਾਈਦਾ।
ਜੇ ਰਹਿਬਰ ਦੀ ਪੀੜ੍ਹੀ ਉੱਤੇ ਬਹਿਣਾ ਏ,
ਇੱਕੋ ਫ਼ਿਰਕੇ ਦਾ ਨਹੀਂ ਵਲੀ ਕਹਾਈਦਾ।
ਵੰਡ ਨਾਨਕ ਬੁੱਧ ਮੁਹੰਮਦ ਈਸਾ ਨੂੰ,
ਪਰ ਜਿਵੇਂ ਦੀਵੇ ਨਾਲ ਦੀਵਾ ਲਾਈਦਾ।

ਬਾਂਸ ਦੀ ਅੱਗ, ਪੰਨਾ 68

ਸ਼ੌਕ ਸ਼ਹਾਦਤ ਜਿਸ ਨੂੰ ਜਾਗੋ
ਦਿੱਲੀ ਦੇ ਵਲ ਧਾਵੇ
ਆਪੋ ਵਿੱਚੀਂ ਮਰ-ਮਿਟਣ ਦੇ
ਰਸਤੇ ਅੰਨ੍ਹੇ ਗੋਲ....

ਨੌਂ ਮਣ ਰੇਤ, ਪੰਨਾ 54

ਸੰਤ ਸੰਧੂ ਦੇ ਅਜਿਹੇ ਕਾਵਿ ਪ੍ਰਵਚਨ ਵਰਗੀ ਸਿਰਜਣਾ ਸੁਰਜੀਤ ਪਾਤਰ ਕਾਵਿ ਵਿੱਚ ਵੀ ਹੋਈ ਹੈ। ਆਪਣੇ ਕਾਵਿ-ਸੰਗ੍ਰਹਿ 'ਬਿਰਖ ਅਰਜ਼ ਕਰੇ' ਵਿੱਚ ਦਰਜ 'ਗੀਤ' ਵਿੱਚ ਉਹ ਲਿਖਦਾ ਹੈ:

ਮੈਂ ਕਦ ਕਹਿਨਾਂ ਇਨਸਾਫ਼ ਨਾ ਮੰਗ
ਜਾਂ ਇਹ ਕਿ ਹੱਕ ਲਈ ਛੇੜ ਨ ਜੰਗ
ਪਰ ਦੁਸ਼ਮਣ ਦੀ ਪਹਿਚਾਣ ਤੇ ਕਰ
ਐਵੇਂ ਨਾ ਕਟ ਆਪਣੇ ਹੀ ਅੰਗ
ਕਿਉਂ ਖੰਭਾਂ ਦੀ ਤੋਹੀਨ ਨ ਕਰ
ਇਹ ਛੋਟੀ ਬਹੁਤ ਉਡਾਰੀ ਏ
ਦੁੱਖਾਂ ਦੇ ਖ਼?ਲਾਫ਼ ਅਜੇ ਲੜਨਾ
ਭੁੱਖਾਂ ਦੇ ਖ਼ਿਲਾਫ਼ ਅਜੇ ਲੜਨਾ
ਜੋ ਛਾਂ ਦੇ ਬਹਾਨੇ ਖਾ ਜਾਂਦੇ
ਰੁੱਖਾਂ ਦੇ ਖ਼ਿਲਾਫ਼ ਅਜੇ ਲੜਨਾ
ਤੇਰੀ ਤੇਗ ਦੀ ਧਾਰ ਤੋਂ ਮੈਂ ਸਦਕੇ
ਓਦ੍ਹੀ ਲੋੜ ਤੋਂ ਕੌਣ ਇਨਕਾਰੀ ਏ
ਏਨੂੰ ਸਾਂਭ ਕੇ ਰੱਖ ਲਿਸ਼ਕਾ ਕੇ ਰੱਖ
ਏਦ੍ਹੀ ਧਾਰ ਨੂੰ ਸਾਣ ਚੜ੍ਹਾ ਕੇ ਰੱਖ
ਨ੍ਹੇਰੇ ਵਿੱਚ ਚਾਨਣ ਲਿਖਣਾ ਏ
ਏਨੂੰ ਅੱਗ ਦੀ ਲਟ ਬਣਾ ਕੇ ਰੱਖ
ਕੁਝ ਸਮਿਆਂ ਵਿੱਚ ਹੁੰਦੀ ਕੇਵਲ
ਸ਼ਮਸ਼ੀਰ ਹੀ ਇੱਕ ਲਿਖਾਰੀ ਏ
ਪਰ ਤੁਰਿਆ ਪੈਂਡਾ ਕਿਉਂ ਤੁਰਨਾ
ਅੱਗੇ ਦੀ ਵਾਟ ਜੋ ਭਾਰੀ ਏ'

ਲੋਕ ਘੋਲ ਤਾਂ ਹੀ ਸਫ਼ਲ ਹੋ ਸਕਦੇ ਹਨ ਜੇਕਰ ਇਨ੍ਹਾਂ ਦੀ ਅਗਵਾਈ ਬੁੱਧੀਜੀਵੀ ਵਰਗ ਕਰੇ ਪਰ ਲੋਕਾਂ ਨੂੰ ਗਿਆਨ ਦੀ ਰੋਸ਼ਨੀ ਦੇਣ ਵਾਲਾ ਇਹ ਵਰਗ ਜੇਕਰ ਸਥਾਪਤੀ ਦੇ ਹੱਕ ਵਿੱਚ ਭੁਗਤ ਜਾਵੇ ਤਾਂ ਇਹ ਯੁੱਧ ਕਦੇ ਵੀ ਸਿਰੇ ਨਹੀਂ ਚੜ੍ਹਦੇ। ਸੰਤ ਸੰਧੂ ਬੁੱਧੀਜੀਵੀ ਵਰਗ ਦੁਆਰਾ ਨਿਭਾਏ ਜਾ ਰਹੇ ਲੋਕ ਵਿਰੋਧੀ ਰੋਲ ਤੋਂ ਬੇਹੱਦ ਖਫ਼ਾ ਹੈ। ਉਹ ਇਸ ਨੂੰ ਮਰਿਆ ਹੋਇਆ ਸੂਰਜ ਅਤੇ ਤਾਜ ਮਹਿਲਾਂ 'ਤੇ ਜਾਨ ਲੁਟਾਉਣ ਵਾਲਾ ਚੰਦ ਵਰਗੇ ਪ੍ਰਤੀਕ ਸਿਰਜ ਕੇ ਇਸ 'ਤੇ ਤਿੱਖਾ ਵਿਅੰਗ ਲਿਖਦਾ ਹੈ:

ਲੋਕੀ ਕਹਿੰਦੇ
ਸੂਰਜ ਮੇਰਾ ਨਾਲ ਮੇਰੇ
ਪਰ ਮੈਂ ਜਾਦਾ ਹੋ
ਸੂਰਜ ਦੀ ਤਾਂ ਲਾਸ਼ ਪਈ ਹੈ
ਤੇ ਲਿਸ਼ਕੋਰ ਪਰੇ....
ਲੋਕੀ ਕਹਿੰਦੇ ਚੰਦ ਵੀ ਮੇਰਾ ਨਾਲ ਮੇਰੇ
ਪਰ ਮੈਂ ਜਾਣਾ ਹੋ
ਤਾਜ ਮਹਿਲ 'ਤੇ ਮਰਦਾ ਚੰਦਰਾ
ਕੁੱਲੀ 'ਤੇ ਅੱਖ ਨਾ ਧਰੇ (ਬਾਂਸ ਦੀ ਅੱਗ, ਪੰਨਾ 33)

ਬੇਸ਼ੱਕ ਅਜਿਹੀ ਵਿਪ੍ਰੀਤ ਪ੍ਰਸਥਿਤੀ ਵਿੱਚ ਲੋਕ ਘੋਲ ਵਿੱਚ ਜਿੱਤ ਹਾਸਿਲ ਕਰਨਾ ਬੇਹੱਦ ਮੁਸ਼ਕਿਲ ਕਾਰਜ ਹੈ ਪਰ ਇਸ ਦੇ ਬਾਵਜੂਦ ਸੰਧੂ ਆਸ ਦਾ ਪੱਲਾ ਬਿਲਕੁਲ ਨਹੀਂ ਛੱਡਦਾ। ਅਜੇਹੀ ਆਸ ਵੀ ਕਿਰਨ ਨੂੰ ਗਟਾਉਂਦੇ ਕੁਝ ਪ੍ਰਮਾਣ ਪ੍ਰਸਤੁਤ ਹਨ:

ਪ੍ਰਛਾਵੇਂ ਨੇ ਫਿਰ ਜਾਣਾ ਏਂ
ਕਿਰਨ ਮਕਿਰਨੀ ਕਿਰ ਜਾਣਾ ਏਂ
ਸ਼ਾਮ ਸੁਝਾ ਦੀ ਵਿੱਚ ਕੁੜਿੱਕੀ
ਅੰਤ ਰਾਤ ਨੇ ਘਿਰ ਜਾਣਾ ਏਂ
ਇੱਕ ਦੋ ਚੁੰਗੀਆਂ ਹੋਰ ਭਰੇਗਾ
ਫੇਰ ਮਿਰਗ ਨੇ ਗਿਰ ਜਾਣਾ ਏਂ (ਬਾਂਸ ਦੀ ਅੱਗ, ਪੰਨਾ 65)
ਜੇਕਰ ਬੇਈਮਾਨ ਨਾ ਸਮਝੇ
ਕੋਈ ਹੋਰ ਕਰਾਂਗੇ ਚਾਲਾ
ਸੁੱਕੀ ਧਰਤੀ ਨੂੰ ਜਿਵੇਂ ਪੁੱਟਦਾ
ਕਿਸਾਨ ਵੀਰਾਂ ਦਾ ਫਾਲਾ
ਅੰਤ ਹਨ੍ਹੇਰੀ ਮੱਸਿਆ
ਮਗਰੋਂ ਹੋ ਕੇ ਰਹੂ ਉਜਾਲਾ (ਅਨੰਦਪੁਰ ਮੇਲ, ਪੰਨਾ 91)
ਸੂਰਜ ਨੇ ਜਦ ਤਾਈਂ ਦਗਣਾ
ਵਿੱਚ ਹਨ੍ਹੇਰੇ ਦੀਵਾ ਜਗਣਾ
ਚੜ੍ਹਦੀ ਕਲਾ 'ਚ ਕਾਮੇ ਰਹਿਣੇ
ਤੇ ਕੰਮੀਆਂ ਦਾ ਪਿੜ ਹੈ ਪੁੱਗਣਾ (ਪੁਲ ਮੋਰਾਂ, ਪੰਨਾ 70)

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸੰਤ ਸੰਧੂ ਇੱਕ ਇਨਕਲਾਬੀ ਕਵੀ ਹੈ। ਆਪਣੇ ਪਹਿਲੇ ਕਾਵਿ ਸੰਗ੍ਰਹਿ 'ਸੀਸ ਤਲੀ 'ਤੇ' ਨਾਲ ਹੀ ਉਹ ਆਪਣੀ ਇਸ ਇਨਕਲਾਬੀ ਪ੍ਰਤੀਬੱਧਤਾ ਪ੍ਰਗਟਾ ਦਿੰਦਾ ਹੈ। ਇਸ ਪੜਾਅ 'ਤੇ ਸੰਧੂ ਕਿਤੇ ਕਿਤੇ ਨਾਹਰੇਬਾਜ਼ੀ ਦਾ ਸ਼ਿਕਾਰ ਵੀ ਹੁੰਦਾ ਹੈ ਪਰ ਅਗਲੇ ਕਾਵਿ ਸੰਗ੍ਰਹਿ ਵਿੱਚ ਆਪਣੀ ਇਨਕਲਾਬੀ ਸੂਝ ਨੂੰ ਸੁਹਜਮਈ ਕਾਵਿ ਵਿੱਚ ਰੂਪਾਂਤਰਣ ਕਰਨ ਦਾ ਕਲਾਤਮਕ ਕਾਰਜ ਕਰਦਾ ਪ੍ਰਤੀਤ ਹੁੰਦਾ ਹੈ। ਇੱਥੇ ਉਹ ਵਿਅਕਤੀਗਤ ਹਉਮੈ ਦੀ ਵਲਗਣ ਵਿੱਚੋਂ ਨਿਕਲ ਕੇ ਲੋਕਾਈ ਦੇ ਵਿਸ਼ਾਲ ਪਿੜ ਵਿੱਚ ਵੀ ਪ੍ਰਵੇਸ਼ ਕਰਦਾ ਹੈ। ਇਹ ਵਿਸ਼ੇਸ਼ਤਾਵਾਂ ਉਸ ਨੂੰ ਇਨਕਲਾਬੀ ਕਵੀ ਵਜੋਂ ਸਥਾਪਿਤ ਕਰਨ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ।

**ਟਿੱਪਣੀਆਂ ਤੇ ਹਵਾਲੇ :**


**1. ਨਕਸਲਵਾਦ ਦਾ ਹਕੀਕੀ ਚਿਹਰਾ, ਪੰਨਾ 18, ਗੁਰਵਿੰਦਰ ਕੌਰ ਦੁਆਰਾ ਰਚਿਤ ਪੁਸਤਕ ਅਵਤਾਰ ਸਿੰਘ ਪਾਸ਼ ਦਾ ਕਾਵਿ ਚਿੰਤਨ ਦੇ ਪੰਨਾ 52 ਤੋਂ ਉਧਰਿਤ।**

**2. ਜਸਪਾਲ ਸਿੰਘ ਸਿੱਧੂ, ਪੰਜਾਬ ਦੇ ਦਲਿਤ ਮਸਲੇ ਬਾਰੇ ਖੱਬੇ ਪੱਖੀ ਪੈਂਤੜਾ, (ਸੁਆਲ ਨੈਸ਼ਨ ਸਟੇਟ ਦਾ), ਫ਼ਿਲਹਾਲ, ਸੰਪਾਦਕ ਗੁਰਬਚਨ, ਅੰਕ ਨੰ. 17, ਚੰਡੀਗੜ੍ਹ ਮਾਰਚ 2013, ਪੰਨਾ 109.**

**3. ਉਹੀ।**

**4. ਬਿਰਖ ਅਰਜ਼ ਕਰੇ, ਸ਼ਬਦ ਲੋਕ ਪ੍ਰਕਾਸ਼ਨ, ਲੁਧਿਆਣਾ, 1992, ਪੰਨਾ 22.**



**ਐਸੋਸੀਏਟ ਪ੍ਰੋਫੈਸਰ ਪਜਾਬੀ**
**_ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ**

# ਚਰਚਿਤ ਫ਼ਿਲਮ ਲੇਖਿਕਾ ਸਿੰਮੀਪ੍ਰੀਤ ਕੌਰ ਨੇ ਸੰਗੀਤਕ ਖੇਤਰ ਵਿੱਚ ਵੱਖਰਾ ਮੁਕਾਮ ਹਾਸਿਲ ਕੀਤਾ

ਪੰਜਾਬੀ ਫਿਲਮ ਜਗਤ ਵਿੱਚ ਕੁੱਝ ਅਜਿਹੀਆਂ ਅਜ਼ੀਮ ਚਰਚਿਤ ਸਖਸ਼ੀਅਤਾਂ ਹਨ, ਜਿੰਨਾ ਉਪਰ ਵਾਹਿਗੁਰੂ ਦੀ ਅਪਾਰ ਕਿਰਪਾ ਹੁੰਦੀ ਹੈ। ਓਨਾਂ ਨੂੰ ਵਾਹਿਗੁਰੂ ਨੇ ਬਹੁ-ਕਲਾਵਾਂ ਦਾ ਵਿਸੇਸ਼ ਸਨਮਾਨ ਬਖਸ਼ਿਆਂ ਹੁੰਦਾ ਹੈ। ਅਜਿਹੀ ਹੀ ਇਕ ਮਾਣਮੱਤੀ ਸਖਸ਼ੀਅਤ ਹੈ , "ਸਿੰਮੀਪ੍ਰੀਤ ਕੌਰ", ਜਿੰਨਾ ਨੇ ਇਕ ਦਰਜਨ ਤੋ ਵੱਧ ਪੰਜਾਬੀ ਲਘੂ ਫ਼ਿਲਮ , ਫੀਚਰ ਫ਼ਿਲਮ ਤੇ ਵੈੱਬਸੀਰੀਜ਼ ਦੀ ਸਟੋਰੀ, ਸਕ੍ਰੀਨ ਪਲੇਅ, ਡਾਈਲੋਗ, ਐਗਜੀਕਿਊਟ ਪ੍ਰੋਡਿਊਸਰ ਤੇ ਡਾਇਰੈਕਟਰ ਵਜੋ ਕੰਮ ਕੀਤਾ।

ਏਥੇ ਬਸ ਨਹੀ , ਓਨਾਂ ਪੰਜਾਬੀ ਸੰਗੀਤਕ ਖੇਤਰ ਵਿਚ ਵੀ ਆਪਣੀ ਅਹਿਮ ਭੂਮਿਕਾ ਨਿਭਾਈ ਤੇ ਸਹਿਤਕ ਖੇਤਰ ਵਿੱਚ ਉਭਰ ਕੇ ਸਾਹਮਣੇ ਆਈ।ਓਨਾਂ ਦੀ ਇਕ ਲਘੂ ਫਿਲਮ ਨੂੰ ਕਈ ਅਵਾਰਡ ਵੀ ਮਿਲ ਚੁੱਕੇ ਹਨ। ਓਨਾਂ ਦੀ ਲਘੂ ਫ਼?ਲਮ ਤੇ ਵੈੱਬਸੀਰੀਜ਼ ਨੂੰ ਚੌਪਾਲ, ਓ.ਟੀ.ਟੀ, ਪਿਟਾਰਾ ਟੀ.ਵੀ ਚੈਨਲ, ਆਸਰਾ ਮਿਊਜ਼ਿਕ ਚੈਨਲ, ਮੈਕਸ ਪਲੇਅਰ ਤੇ ਐਮਾਜੋਨ ਆਦਿ ਚੈਨਲ ਤੇ ਦਰਸ਼ਕਾਂ ਵੱਲੋ ਖੂਬ ਪਸੰਦ ਕੀਤਾ ਜਾ ਰਿਹਾ।

ਜੇਕਰ ਓਨਾਂ ਦੀਆਂ ਬੇਹਤਰੀਣ ਲਘੂ ਫ਼ਿਲਮ ਤੇ ਝਾਤ ਮਾਰੀਏ ਤਾਂ 'ਹੱਕ', ਤਰੇੜਾਂ,ਵਾਇਰਲ ਐਮ.ਐਸ. ਐਸ, ਤੂੰ ਯਾ ਮੈ, ਮਿਸਿਜ਼ ਮੋਮ, ਮਾਪੇ , ਮਾਂਵਾਂ ਕਿਧਰ ਜਾਣ, ਲਵ ਗੇਮ , ਲਵ ਗੇਮ 2, ਮਾਹੀ ਵੇ, ਏਕ ਅਰਦਾਸ ਤੇ ਲਿਟਲ ਏਂਜਲਸ ਆਦਿ ਫ਼?ਲਮ ਆਸਰਾ ਮਿਊਜ਼ਿਕ ਚੈਨਲ ਤੇ ਦਰਸ਼ਕਾਂ ਦੀ ਪਹਿਲੀ ਪਸੰਦ ਬਣੀਆਂ ਹੋਈਆਂ ਹਨ। ਲਘੂ ਫ਼ਿਲਮ 'ਭਟਕਣਾ' ਪੀ.ਟੀ.ਸੀ ਪੰਜਾਬੀ ਟੀ.ਵੀ ਚੈਨਲ ਤੇ ਬੇਹੱਦ ਪਸੰਦ ਕੀਤੀ ਜਾ ਰਹੀ, ਲਘੂ ਫ਼?ਲਮ 'ਲਿਸਟ' ਤੇ 'ਚੀਸ' ਮੈਕਸ ਪਲੇਅਰ ਤੇ ਆਪਣਾ ਵੱਖਰਾ ਮੁਕਾਮ ਬਣਾ ਚੁੱਕੀ ਹੈ। ਲਘੂ ਫਿਲਮ 'ਹਾਈ ਸਕੂਲ ਲਵ' ਨੂੰ ਪਿਟਾਰਾ ਟੀ.ਵੀ ਚੈਨਲ, ਚੌਪਾਲ ਚੈਨਲ ਤੇ ਓ.ਟੀ.ਟੀ ਤੇ ਖੂਬ ਸਲਾਹਿਆ ਜਾ ਰਿਹਾ। ਜੋ ਅਜੋਕੀ ਨੌਜਵਾਨ ਪੀੜੀ , ਮਾਪਿਆਂ ਤੇ ਅਧਿਆਪਕਾਂ ਲਈ ਇਕ ਵਧੀਆ ਸੰਦੇਸ਼ ਛੱਡਦੀ ਹੈ।

ਜੇਕਰ ਸਿੰਮੀਪ੍ਰੀਤ ਕੌਰ ਜੀ ਦੀ ਸਭ ਤੋ ਖੂਬਸੂਰਤ ਬੇਹਤਰੀਣ ਲਘੂ ਫਿਲਮ ਦੀ ਗੱਲ ਕਰੀਏ ਤਾਂ ਓਨਾਂ ਦੇ ਸੁਪਨਿਆਂ ਨੂੰ ਪਰਵਾਜ਼ ਦੇਣ ਵਾਲੀ ਲਘੂ ਫ਼ਿਲਮ 'ਓ ਕਨੇਡਾ' ਜਿਸ ਨੇ ਸਿੰਮੀਪ੍ਰੀਤ ਕੌਰ ਜੀ ਨੂੰ ਬਹੁਤ ਸਾਰੇ ਅਵਾਰਡਾਂ ਦੀ ਹੱਕਦਾਰ ਬਣਾਇਆਂ ਅਤੇ ਇਕ ਚੰਗੀ ਲੇਖਿਕਾ ਹੋਣ ਦਾ ਮਾਣ ਦਿਵਾਇਆਂ।

ਜੇਕਰ ਏਨਾਂ ਖੂਬਸੂਰਤ ਬੇਹਤਰੀਣ ਫੀਚਰ ਫ਼ਿਲਮ ਦੀ ਗੱਲ ਕਰੀਏ ਤਾਂ 'ਜਿੰਦਗੀ ਤੇਰਾ ਨਾਂ' ਜਿਸ ਵਿਚ ਪਾਲੀਵੁੱਡ ਦੀ ਦਿਗਜ ਅਦਾਕਾਰਾ ਪਦਮ ਸ੍ਰੀ ਨਿਰਮਲ ਰਿਸੀ ਤੇ ਕਈ ਨਾਮੀ ਅਦਾਕਾਰਾ ਨੇ ਬਾਕਮਾਲ ਦੀ ਅਦਾਕਾਰੀ ਨਾਲ ਸੁਮਾਰ ਕਰਵਾਇਆਂ।

ਏਥੇ ਹੀ ਬਸ ਨਹੀ ਸਿੰਮੀਪ੍ਰੀਤ ਕੌਰ ਨੇ ਸੰਗੀਤਕ ਖੇਤਰ ਵਿਚ ਵੀ ਤਹਿਲਕਾ ਮਚਾਇਆਂ, ਜਦੋ ਓਨਾਂ ਪ੍ਰਸਿੱਧ ਲੋਕ ਗਾਇਕ ਪੰਮਾ ਸ਼ਾਇਰ ਦੇ 'ਟੱਪੇ', ਚਿੱਟਾ v/s ਮਾਪੇ, ਚਰਚਿਤ ਲੋਕ ਗਾਇਕ ਸੁੱਚਾ ਰੰਗੀਲਾ ਦਾ 'ਇਮਟੀ ਬਲੈਕ', ਲੋਕ ਗਾਇਕ ਲਾਡੀ ਧਾਲੀਵਾਲ ਦਾ ਗੀਤ 'ਗਰਾਰੀ' ਤੇ ਲੋਕ ਗਾਇਕ ਤਾਜ ਸਿੰਘ ਦੇ ਗੀਤ 'ਮਾਂ' ਦਾ ਖੂਬਸੂਰਤ ਫਿਲਮਾਂਕਣ ਕਰ ਇਕ ਵਧੀਆਂ ਡਾਇਰੈਕਟਰ ਹੋਣ ਦੀ ਭੂਮਿਕਾ ਨਿਭਾਈ।

ਜੇਕਰ ਓਨਾਂ ਦੀ ਸਹਿਤਕ ਪਰਵਾਜ਼ ਵੱਲ ਨਿਗਾਹ ਮਾਰੀਏ ਤਾਂ ਓਨਾਂ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਬੇਹਤਰੀਣ ਪੁਸਤਕਾਂ ਪਾਈਆਂ , ਜਿਵੇਂ ਕਿ 'ਗੀਤਾਂ ਦੀ ਰਾਣੀ' ; ਮਹਿਕਦੀ ਸਵੇਰ, ਗੁਰਮੀਤ ਬਾਵਾ ( ਲੰਮੀ ਹੇਕ ਦੀ ਮਲਿਕਾ), ਹੋਂਦ, 21ਵੀਂ ਸਦੀ ਦਾ ਨਾਰੀ-ਕਾਵਿ ( ਅਲੋਚਨਾ ਦ੍ਰਿਸ਼ਟੀ), ਸਰਬਜੀਤ ਕੌਰ ਜੱਸ (ਕਾਵਿ ਸਮੀਖਿਆ) ਤੇ ਡਾਂ. ਅਮਰ ਕੋਮਲ ਦਾ (ਕਾਵਿਲੋਕ) ਦਾ ਸੰਪਾਦਕ ਕਰ ਨਵੇਕਲੀ ਭੱਲ ਸਥਾਪਿਤ ਕੀਤੀ ।

ਪ੍ਰਮਾਤਮਾ ਸਿੰਮੀਪ੍ਰੀਤ ਕੌਰ ਜੀ ਦੀ ਝੋਲੀ ਸਫਲਤਾਵਾਂ ਨਾਲ ਭਰੀ ਰੱਖਣ।ਓਨਾਂ ਦੀ ਖੂਬਸੂਰਤ ਲਿਖਤਾਂ ਪਰਵਾਜ਼ ਭਰਨ ਤੇ ਮੰਜ਼ਿਲਾਂ ਨੂੰ ਛੂਹਣ।ਆਮੀਨ

**ਸ਼ਿਵਨਾਥ ਦਰਦੀ ਫ਼ਰੀਦਕੋਟ**

ਫ਼ਿਲਮ ਜਰਨਲਿਸਟ

ਸੰਪਰਕ:- 9855155392

# ਡੱਕਾ ਤੋੜਨਾ ਨਹੀਂ

ਡਾ. ਅਨੁਰਾਗ ਸ਼ਰਮਾਂ
ਮੋ. 98552 63576

ਦਫ਼ਤਰ ਦੇ ਏ.ਸੀ. ਕਮਰੇ ਵਿਚ ਬੈਠੇ ਵੱਡੇ ਬਾਊ ਨੇ ਆਪਣੀ ਕੁਰਸੀ ਨੂੰ ਥੋੜ੍ਹਾ ਜਿਹਾ ਅੱਗੇ ਕੀਤਾ ਤੇ ਚਪੜਾਸੀ ਨੂੰ ਫਾਈਲ ਫੜਾਉਣ ਲਈ ਕਿਹਾ। ਫੇਰ ਗੱਲਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਉਸਨੇ ਆਪਣੀ ਰਿਟਾਇਰਮਿੰਟ ਦੀ ਗੱਲ ਛੂਹ ਲਈ। ਉਹ ਇਸ ਬਾਰੇ ਫਿਕਰਮੰਦ ਸੀ। ਕੁੜੀ ਵਿਆਹੁਣ ਵਾਲੀ ਸੀ ਤੇ ਮੁੰਡਾ ਅਜੇ ਨੌਕਰੀ ਨਹੀਂ ਸੀ ਲੱਗਾ। ਫੇਰ ਵਿਚੇ ਹੀ ਸਾਥੀ ਬਾਊ ਨੇ ਕੰਮ ਦੀ ਗੱਲ ਤੋਰ ਲਈ।

ਵੱਡੇ ਬਾਊ ਨੇ ਜ਼ੋਰ ਦੀ ਉਬਾਸੀ ਮਾਰੀ ਤੇ ਕਹਿਣ ਲੱਗਾ, "ਕੰਮ, ਕੰਮ ਤਾਂ ਅਸੀਂ ਕਰੀਦਾ ਸੀ ਮਹਾਰਾਜ। ਮੈਂ ਕਲਰਕ ਭਰਤੀ ਹੋਇਆ ਸਾਂ। ਅੰਗਰੇਜ਼ਾਂ ਦੇ ਵੇਲੇ ਦੇ ਆਈ.ਸੀ.ਐੱਸ. ਅਫ਼ਸਰ ਸਨ ਜਨਾਬ। ਇੰਟੈਲੀਜੈਂਟ! ਗੱਲ ਨੂੰ ਸਮਝਣ ਸਮਝਾਉਣ ਵਾਲੇ, ਝੱਟ ਫ਼ੈਸਲੇ ਲੈਣ ਵਾਲੇ, ਕਿਸੇ ਦੀ ਨਹੀਂ ਸਨ ਸੁਣਦੇ ਮਹਾਰਾਜ।" ਮਹਾਰਾਜ ਉਸ ਦਾ ਸ਼ਾਇਦ ਤਕੀਆ ਕਲਾਮ ਸੀ। ਇੱਕ ਕਲਰਕ ਉਸ ਦੀ ਗੱਲ ਕੱਟਣ ਲੱਗਾ ਤਾਂ ਝਈ ਲੈ ਕੇ ਪਿਆ, "ਉਏ ਠਹਿਰ ਯਾਰ ਮੇਰੀ ਗੱਲ ਤਾਂ ਪੂਰੀ ਹੋਣ ਲੈਣ ਦੇ... ਹਾਂ ਜੀ! ਗੱਲ ਇੰਝ ਹੋਈ ਕਿ ਸਾਡੇ ਵਿਭਾਗ ਦਾ ਮੰਤਰੀ ਕਿਸੇ ਦੀ ਸਿਫ਼ਾਰਸ਼ ਲਈ ਅੜਿਆ ਹੋਇਆ ਸੀ ਤੇ ਏਧਰ ਸਾਡਾ ਸਾਹਿਬ ਅੜ ਗਿਆ। ਮੈਨੂੰ ਅਚਾਨਕ ਦੁਪਹਿਰ ਵੇਲੇ ਸੱਦ ਕੇ ਕਹਿਣ ਲੱਗਾ ਬਾਊ ਜੀ, ਅੱਜ ਘਰ ਜ਼ਰਾ ਲੇਟ ਜਾਈਉ।

ਮੇਰੀ ਕੀ ਮਜ਼ਾਲ ਮੈਂ ਨਾਂਹ ਕਰਦਾ। ਮਹਾਰਾਜ ਉਦੋਂ ਕੋਈ ਅਫ਼ਸਰ ਨੂੰ ਨਾਹ ਕਰ ਸਕਦਾ ਸੀ? ਅੱਜ ਵਾਂਗ ਨਹੀਂ ਵਈ ਸਰ ਪੰਜ ਵੱਜ ਗਏ' ਡਿਊਟੀ ਟਾਈਮ ਪੂਰਾ ਹੋ ਗਿਆ ਕੱਲ੍ਹ ਨੂੰ ਜੀ। ਭਰਾਵਾ ਇੱਕ ਵਾਰ ਤਾਂ ਮੇਰਾ ਤਲਾਕ ਹੋਣੋ ਮਸਾਂ ਬਚਿਆ ਸੀ। ਮੇਰੇ ਵਿਆਹ ਦੀ ਵਰ੍ਹੇ ਗੰਢ ਸੀ ਤੇ ਸ਼ਾਮ ਨੂੰ ਘਰ ਵਾਲੀ ਨਾਲ ਛੇ ਤੋਂ ਨੌਂ ਵਜੇ ਵਾਲਾ ਸ਼ੋਅ ਵੇਖਣਾ ਸੀ। ਵੱਡੇ ਅਫ਼ਸਰ ਦਾ ਹੁਕਮ ਆ ਗਿਆ ਕਿ ਫਾਈਲ ਅੱਗੇ ਭੇਜਣੀ ਹੈ। ਬਸ ਮੈਨੂੰ ਵੱਜ ਗਏ ਸੱਤ ਤੇ ਜਦੋਂ ਘਰ ਪਹੁੰਚਾ ਤਾਂ ਘਰ ਕਰੇ ਭਾਂ-ਭਾਂ।

ਪਤਾ ਲੱਗਾ ਕਿ ਘਰ ਵਾਲੀ ਘਰ ਖੁੱਲ੍ਹਾ ਛੱਡ ਪੇਕਿਆਂ ਨੂੰ ਤੁਰ ਗਈ। ਯਾਰੇ ਪੰਦਰਾਂ ਦਿਨਾਂ ਬਾਦ ਗੁੱਸਾ ਠੰਡਾ ਹੋਇਆ ਤੇ ਘਰ ਮੁੜੀ ਹਾਂ ਗੱਲ ਕਰ ਰਿਹਾ ਸੀ ਕਿ ਮੈਨੂੰ ਕਹਿਣ ਲੱਗੇ ਬਾਊ ਜੀ ਅੱਜ ਪੰਜ ਵਜੇ ਤੋਂ ਬਾਅਦ ਤੁਸੀਂ ਮੇਰੇ ਕਮਰੇ ਵਿਚ ਆ ਜਾਣਾ... ਮੈਂ ਚਲਿਆ ਗਿਆ, ਪੂਰੇ ਦੋ ਘੰਟੇ ਲਾ ਕੇ ਅਜਿਹਾ ਜੁਆਬ ਲਿਖਾਇਆ ਕਿ ਮੰਤਰੀ ਜੀ ਕੋਲੋਂ ਨਾ ਖਾਧਿਆਂ ਬਣੇ ਨਾ ਉਗਲਿਆਂ। ਅੱਜ ਦੇ ਅਫ਼ਸਰਾਂ ਦੀ ਛੱਡੋ ਇਹ ਤਾਂ ਆਪਣੇ ਸਟੈਨੋ ਨੂੰ ਵੀ ਨਹੀਂ ਨਾਂਹ ਕਰ ਸਕਦੇ। ਭਾਈ ਅੱਜ ਦੇ ਮੁੰਡੇ ਤੋਬਾ-ਤੋਬਾ, ਅਫ਼ਸਰ ਹੋਣ ਜਾਂ ਕਲਰਕ, ਗੱਲਾਂ ਦਾ ਕੜਾਹ ਬਈ ਸਭ ਨੂੰ ਖੁਆਈ ਜਾਂਦੇ ਨੇ।" ਉਸ ਨੇ ਉੱਚੀ ਹਾਕ ਮਾਰ ਕੇ ਕਿਹਾ, "ਉਏ। ਮੁੰਡਿਆ ਜਿਹੜੀ ਕੱਲ੍ਹ ਫਾਈਲ ਦਿੱਤੀ ਸੀ ਉਸ ਉੱਪਰ ਨੋਟਿੰਗ ਚਾੜ੍ਹ ਦਿਤੀ ਕਿ ਨਹੀਂ।" "ਓ ਜਨਾਬ, ਬਸ ਪੰਜ ਮਿੰਟ ਵਿਚ ਲਉ ਮੋਤੀਆ ਵਾਲਿਉ ਫ਼ਿਕਰ ਨਾ ਕਰੋ।" "ਖ਼ੈਰ ਛੱਡ ਕੰਮ ਤਾਂ ਹੁੰਦੇ ਰਹਿਣਗੇ ਜਿਹੜੀ ਬੋਤਲ ਲਿਆ ਕੇ ਦਿੱਤੀ ਸੀ ਕਿੱਦਾ ਦੀ ਸੀ?" ਬਸ ਫੇਰ ਬੋਤਲ ਦੀਆਂ ਸਿਫ਼ਤਾਂ ਵਿਚ ਕਿੰਨਾਂ ਸਮਾਂ ਲੰਘਿਆ ਕਿਸੇ ਨੂੰ ਪਤਾ ਹੀ ਨਹੀਂ ਚੱਲਿਆ ਕਿ ਕਦੋਂ ਪੰਜ ਵਜ ਗਏ। ਬਾਊ ਆਪੋ ਆਪਣੀਆਂ ਸੀਟਾਂ ਤੋਂ ਉੱਠ ਕੇ ਚੱਲ ਪਏ। ਇਕ ਬਾਊ ਨੇ ਪੁੱਛਿਆ, "ਉਏ ਯਾਰ ਤੂੰ ਨੋਟਿੰਗ ਚਾੜ੍ਹ ਦਿੱਤੀ ਕੱਲ੍ਹ ਫੇਰ ਜਾਨ ਖਾਉ।" ਦੂਸਰਾ ਹੱਸਿਆ ਤੇ ਕਹਿਣ ਲੱਗਾ "ਗੋਲੀ ਮਾਰ ਯਾਰ ਕੱਲ੍ਹ ਨੂੰ ਵੇਖਾਂਗੇ। ਚੱਲ ਛੇਤੀ ਚੱਲ ਤੇਰੀ ਭਾਬੀ ਗੁੱਸੇ ਹੋਊ।" ਅਜਿਹੀਆਂ ਗੱਲਾਂ ਕਰਦਾ ਕਲਰਕਾਂ ਦਾ ਟੋਲਾ ਆਪੋ ਆਪਣੇ ਸਕੂਟਰਾਂ ਨੂੰ ਜਾ ਚੁੰਬੜਿਆ।

***

# ਗਿਰਗਿਟ

ਮੈਂ ਕੁਝ ਪੜ੍ਹ ਰਿਹਾ ਸਾਂ ਕਿ ਅਚਾਨਕ ਨਜ਼ਰ ਗਿਰਗਿਟ ਸ਼ਬਦ 'ਤੇ ਪੈ ਗਈ। ਬੜੇ ਅਰਸੇ ਬਾਅਦ ਇਹ ਸ਼ਬਦ ਮੇਰੀ ਨਜ਼ਰੀਂ ਪਿਆ ਸੀ। ਮੈਨੂੰ ਯਾਦ ਆਇਆ ਸਕੂਲ ਦੇ ਬਾਗ਼ ਵਿਚ ਛਿਪਕਲੀ ਤੇ ਕਿਰਲੇ ਵਰਗੇ ਜਨੌਰ ਜਿਸ ਨੂੰ ਅਸੀਂ ਬੜੀ ਉਤਸੁਕਤਾ ਨਾਲ ਵੇਖਦੇ। ਵੇਖਦੇ-ਵੇਖਦੇ ਉਹ ਪੱਤਿਆਂ 'ਚ ਛੁਪ ਜਾਂਦਾ, ਕੋਲ ਲੁਕੇ ਦਾ ਵੀ ਪਤਾ ਨਹੀਂ ਚਲਦਾ ਸੀ। ਇੱਕ ਦਿਨ ਛੁੱਟੀ ਵੇਲੇ ਰੌਲਾ ਪਾਉਂਦਿਆਂ ਨੂੰ ਜੀਵ ਵਿਗਿਆਨ ਦੇ ਮਾਸਟਰ ਜੀ ਨੇ ਵੇਖ ਲਿਆ। ਉਹ ਚੱਲ ਕੇ ਸਾਡੇ ਕੋਲ ਆਏ ਤੇ ਕਹਿਣ ਲੱਗੇ, "ਉਏ ਮੁੰਡਿਉ। ਕੀ ਕਾਵਾਂ ਰੌਲੀ ਪਾਈ ਜੇ ?" ਅਸਾਂ ਆਖਿਆ, "ਮਾਸਟਰ ਜੀ ਇਹ ਕੀ ਚੀਜ਼ ਏ ਜਿਹੜਾ ਪੱਤਿਆਂ ਪਿੱਛੇ ਲੁਕ ਜਾਂਦਾ ਏ ਤੇ ਛੇਤੀ ਕਿਤੇ ਨਜ਼ਰ ਨਹੀਂ ਆਉਂਦਾ ?" ਮਾਸਟਰ ਜੀ ਹੱਸੇ ਤੇ ਕਹਿਣ ਲੱਗੇ, "ਕਾਕਾ! ਇਸ ਨੂੰ ਗਿਰਗਿਟ ਕਹਿੰਦੇ ਨੇ, ਤੇ ਇਹ ਮੌਕੇ ਮੁਤਾਬਿਕ ਰੰਗ ਬਦਲਦਾ। ਕਈ ਵਾਰ ਬੰਦੇ ਵੀ ਗਿਰਗਿਟ ਹੁੰਦੇ ਨੇ।" ਤੇ ਮੁਸ਼ਕੜੀਏ ਹੱਸਦੇ ਉਹ ਸਾਈਕਲ ਸ਼ੈੱਡ ਨੂੰ ਤੁਰ ਪਏ। ਗੱਲ ਆਈ ਗਈ ਹੋ ਗਈ। ਮੈਂ ਐਮ. ਫਿਲ ਕਰਕੇ ਪ੍ਰੋਫ਼ੈਸਰ ਲੱਗ ਗਿਆ। ਸਾਲਾਨਾ ਪੇਪਰਾਂ ਵਿਚ ਇੱਕ ਸਾਥੀ ਨਾਲ ਡਿਊਟੀ ਲਗ ਗਈ। ਉਹ ਬੰਦਾ ਬੜਾ ਚਾਲੂ ਜਿਹੀ ਕਿਸਮ ਦਾ ਸੀ। ਮੈਨੂੰ ਕਹਿਣ ਲੱਗਾ, "ਯਾਰ ਆਪਾਂ ਮਦਦ ਕਰਨੀ ਏ ਏਸ ਵਿਦਿਆਰਥੀ ਦੀ, ਇਹ ਹੈ ਤਾਂ ਬੜਾ ਜ਼ਹੀਨ ਪਰ ਰਾਤੀਂ ਇਸ ਨਾਲ ਹਾਦਸਾ ਹੋ ਗਿਆ। ਇਦੀ ਮਾਂ ਮਰ ਗਈ ਏ ਤੇ ਇਹ ਪੜ੍ਹ ਨਹੀਂ ਸਕਿਆ।" ਮੈਂ ਸੋਚੀਂ ਪੈ ਗਿਆ ਕਿ ਮਿਹਨਤ ਤਾਂ ਸਾਰਾ ਸਾਲ ਕਰ ਕੇ ਪੇਪਰਾਂ ਵਿਚ ਬੈਠੀਦਾ ਹੈ। ਹਾਂ ਅਜਿਹੇ ਮੌਕੇ ਬੱਚਾ ਘਬਰਾ ਸਕਦਾ ਹੈ ਤੇ ਮੈਂ ਕਿਹਾ, "ਕੋਈ ਗੱਲ ਨਹੀਂ ਮੈਂ ਇਸ ਦਾ ਧਿਆਨ ਰੱਖਾਂਗਾ।" "ਨਹੀਂ ਇੰਝ ਨਹੀਂ, ਇਹ ਕਿਤਾਬ ਖੋਲ੍ਹ ਲਵੇ ਤੇ ਕਰਦਾ ਰਹੇ।" ਮੈਂ ਕਿਹਾ, "ਸਰ ਇੰਝ ਨਹੀਂ ਹੋ ਸਕਣਾ।" ਉਹ ਮੇਰੇ ਨਾਲ ਲੜ ਪਿਆ ਤੇ ਪਤਾ ਨਹੀਂ ਫੋਨ ਤੇ ਕੀ ਗੱਲ ਹੋਈ ਕਿ ਮੈਨੂੰ ਮੁੱਖ ਨਿਗਰਾਨ ਦਾ ਸੁਨੇਹਾ ਆ ਗਿਆ ਕਿ ਤੁਸੀਂ ਫਲਾਂ ਕਮਰੇ ਵਿਚ ਡਿਊਟੀ ਦੇ ਦਿਉ। ਮੈਂ ਮਨ ਹੀ ਮਨ ਪ੍ਰਬੰਧ ਤੇ ਖਿੱਝਦਾ ਦੂਸਰੇ ਕਮਰੇ ਨੂੰ ਚਲਾ ਗਿਆ। ਗੱਲ ਆਈ ਗਈ ਹੋ ਗਈ। ਦਸ ਕੁ ਸਾਲ ਬਾਅਦ ਉਹ ਸਾਹਿਬ ਮੇਰੇ ਕਾਲਜ ਵਿਚ ਪ੍ਰਿੰਸੀਪਲ ਲੱਗ ਗਏ। ਸਾਲਾਨਾ ਪੇਪਰ ਆ ਗਏ। ਮੈਨੂੰ ਚਪੜਾਸੀ ਨੇ ਆ ਕੇ ਕਿਹਾ, "ਤੁਹਾਨੂੰ ਪ੍ਰਿੰਸੀਪਲ ਸਾਹਿਬ ਬੁਲਾ ਰਹੇ ਹਨ। ਮੈਂ ਉਨ੍ਹਾਂ ਦੇ ਕਮਰੇ ਵਿਚ ਚਲਾ ਗਿਆ।

ਮੈਨੂੰ ਕਹਿਣ ਲੱਗੇ, "ਤੁਸੀਂ ਬੜੇ ਮਿਹਨਤੀ ਤੇ ਇਮਾਨਦਾਰ ਹੋ, ਮੈਂ ਖਾਸ ਤੁਹਾਡੀ ਡਿਊਟੀ ਮੁੱਖ ਨਿਗਰਾਨ ਵਜੋਂ ਲਾਈ ਹੈ, ਖ਼ਬਰਦਾਸ ਰਹੀਉ, ਨਕਲ ਨਹੀਂ ਹੋਣ ਦੇਣੀ। ਮੈਂ ਨਕਲ ਦੇ ਬੜਾ ਵਿਰੋਧ 'ਚ ਹਾਂ।" ਮੇਰੇ ਜਿਹਨ ਵਿਚ ਗਿਰਗਿਟ ਸ਼ਬਦ ਘੁੰਮ ਗਿਆ। ਮੈਂ ਹਲਕਾ ਜਿਹਾ ਮੁਸਕਰਾਉਂਦਾ ਕਰਮੇ ਤੋਂ ਬਾਹਰ ਆ ਗਿਆ। ਮੈਨੂੰ ਆਪਣੇ ਮਾਸਟਰ ਜੀ ਦੀ ਕਹੀ ਗੱਲ ਚੇਤੇ ਆ ਗਈ।

---

# ਖ਼ੁਸ਼ੀ

ਉਹ ਬਹੁਤ ਉਦਾਸ ਜਿਹਾ ਲੱਗਦਾ ਸੀ, ਜਦੋਂ ਮੈਨੂੰ ਮਿਲਿਆ। ਮੈਂ ਕਿਹਾ "ਸੁਣਾ ਕਿੱਦਾਂ!" ਉਹ ਉਦਾਸੀ ਜਿਹੀ 'ਚ ਬੋਲਿਆ, "ਠੀਕ ਹੈ ਭਾਈ! ਸਭ ਠੀਕ ਹੈ।" ਮੈਂ ਕਿਹਾ, "ਬਾਲ ਬੱਚੇ, ਭਾਬੀ, ਸਭ ਰਾਜ਼ੀ ਬਾਜ਼ੀ ?" ਕਰੋਨਾ ਕਾਲ ਵਿਚ ਪੁੱਛਣਾ ਬੜਾ ਜ਼ਰੂਰੀ ਸੀ। ਕਹਿਣ ਲੱਗਾ, "ਸਭ ਠੀਕ ਹੈ।" ਫੇਰ ਕਹਿਣ ਲੱਗਾ, "ਯਾਰ ਮੇਰੀ ਇੱਕ ਸ਼ੰਕਾ ਤਾਂ ਦੂਰ ਕਰ।" ਮੈਂ ਕਿਹਾ "ਦੱਸ!" ਕਹਿਣ ਲੱਗਾ, "ਤੂੰ ਸਹੁਰਿਆਂ ਦੇ ਘਰ ਜਾਨਾ ਹੁੰਨਾ ਏਂ ?" ਮੈਂ ਕਿਹਾ, "ਕਿਉਂ ਨਹੀਂ ਜਾਂਦਾ ਸਾਰੇ ਜਾਂਦੇ ਨੇ ਕਿਉਂ ਤੂੰ ਨਹੀਂ ਜਾਂਦਾ ?" ਮੈਂ ਉਲਟਾ ਸੁਆਲ ਠੋਕ ਦਿੱਤਾ। "ਜਾਂਦਾ ਤਾਂ ਹਾਂ, ਪਰ ਕਦੇ ਸੁਆਦ ਜਿਹਾ ਨਹੀਂ ਆਇਆ।" "ਉਹ ਕਿਸ ਤਰ੍ਹਾਂ ਬਈ ਸੁਆਦ ਤੋਂ ਭਾਵ ਤੇਰੀ ਸੇਵਾ ਨਹੀਂ ਕਰਦੇ ਕੁੱਕੜ ਪਾਣੀ ਨਹੀਂ ਪੁੱਛਦੇ। ਸੌਣ ਲਈ ਮੰਜਾ ਚੰਗਾ ਨਹੀਂ ਦਿੰਦੇ।" "ਇਹ ਗੱਲ ਨਹੀਂ।" ਉਹ ਅਜੇ ਵੀ ਬੇਚੈਨ ਜਿਹਾ ਸੀ। ਆਖ਼ਰ ਅੱਕ ਕੇ ਮੈਂ ਪੁੱਛਿਆ, "ਕੀ ਜਾਂਦੇ ਨੂੰ ਤੈਨੂੰ ਗਾਲ੍ਹਾਂ ਕੱਢਦੇ ?" "ਨਹੀਂ ਪਰ ਯਾਰ!" ਉਹ ਚੁੱਪ ਕਰ ਗਿਆ। ਮੇਰੇ ਕੋਲ ਵੀ ਕੋਈ ਸੁਆਲ ਨਹੀਂ ਸੀ। ਕੁੱਝ ਦੇਰ ਚੁੱਪ ਛਾਈ ਰਹੀ। ਉਹ ਹਵਾ ਨੂੰ ਘੂਰਦਾ ਰਿਹਾ। ਫੇਰ ਕਹਿਣ ਲੱਗਾ, "ਮੈਂ ਜਦੋਂ ਜਾਨਾ ਇਕ ਰਾਤ ਤੋਂ ਵੱਧ ਨਹੀਂ ਰਹਿੰਦਾ। ਸੇਵਾ ਵੀ ਪੂਰੀ ਕਰਦੇ।" ਮੈਂ ਫੇਰ ਕੁਰੇਦਿਆਂ, "ਕੋਈ ਸਾਲੀ ਸੂਲੀ ਨਾਲ ਤਾਂ ਨਹੀਂ ਪੰਗਾ।" "ਨਹੀਂ ਸਾਲੀ ਮੇਰੀ ਹੈ ਕੋਈ ਨਹੀਂ।" "ਫੇਰ ਯਾਰ ਤੂੰ ਮੇਰੀ ਜਾਨ ਕਿਉਂ ਖਾਈ ਜਾਨਾ?" ਮੈਂ ਅੱਕ ਕੇ ਕਿਹਾ। "ਯਾਰ ਮੇਰਾ ਉਨ੍ਹਾਂ ਨਾਲ ਇੱਕ ਗਿਲਾ ਆ।" ਮੈਂ ਮੁਸਕਰਾ ਕੇ ਕਿਹਾ, "ਕੀ?" "ਯਾਰ, ਜਦੋਂ ਮੈਂ ਜਾਂਨਾ ਕਹਿੰਦੇ ਹੋਰ ਸੁਣਾ ਸਭ ਠੀਕ ਠਾਕ ਹੈ। ਮੈਂ ਕਹਿਦਾ ਹਾਂ, ਸਭ ਠੀਕ ਠਾਕ ਹੈ। ਕੁੜੀ ਸਾਡੀ ਖ਼ੁਸ਼ੀ ਹੈ? ਮੈਂ ਕਹਿਨਾ, ਹਾਂ। ਭਾਈਆ ਤੰਗ ਤਾਂ ਨਹੀਂ ਕਰਦਾ ਸਾਡੀ ਭੈਣ ਨੂੰ? ਛੋਟਾ ਸਾਲਾ ਆਮ ਕਹਿੰਦਾ ਹੈ। ਉਹ ਮੇਰਾ ਸਾਲਾ ਜਿਮ ਜਾਂਦਾ ਹੈ ਇਸ ਲਈ ਥੋੜ੍ਹਾ ਆਕੜ ਕੇ ਗੱਲ ਕਰਦਾ ਹੈ। ਮੇਰੀ ਸੱਸ ਅਮੂਮਨ ਪੁੱਛਦੀ ਏ "ਕੁੜੀ ਤਾਂ ਭਾਈ ਸਾਡੀ ਖ਼ੁਸ਼ ਏ ?" ਹੁਣ ਉਹਨੂੰ ਕੀ ਦੱਸਾ ਬਈ ਕੁੜੀ ਤਾਂ ਤੁਹਾਡੀ ਖ਼ੁਸ਼ ਏ। ਕਦੇ ਕਦੇ ਮੈਂ ਦਿਲ ਵਿਚ ਸੋਚਦਾ, ਕੰਜਰੋ! ਕਦੇ ਮੈਨੂੰ ਪੁੱਛਿਆ ਤੂੰ ਵੀ ਖ਼ੁਸ਼ ਏਂ ਕਿ ਨਹੀਂ। ਹਰ ਵਾਰੀ ਕੁੜੀ ਦਾ ਪੁੱਛਦੇ ਹੋ। ...ਕਦੇ ਗ਼ਰੀਬ ਨੂੰ ਵੀ ਪੁੱਛੋ ਭਾਈ ਤੂੰ ਕਿੱਦਾ ਕੱਟਦਾਂ ? ਕੁੜੀ ਦੀ ਖ਼ੁਸ਼ੀ 'ਚ ਮੈਂ ਕਈ ਵਾਰ ਦਬਾਅ ਹੇਠਾਂ ਆਉਂਦਾ ਉਹਦਾ ਕਿਸੇ ਨੂੰ ਪਤਾ ਈ ਨਹੀਂ। ਅਖੇ ਸਾਡੀ ਕੁੜੀ ਖ਼ੁਸ਼ ਏ ?" ਇੰਨਾਂ ਕਹਿ ਕੇ ਉਹ ਨੱਕ ਸੁਣਕਦਾ ਅੱਗੇ ਤੁਰ ਪਿਆ ਤੇ ਮੈਨੂੰ ਸੋਚੀਂ ਪਾ ਗਿਆ।

***

# ਅਜੋਕੇ ਹਾਲਾਤ ਨੇ ਅੰਦਰੋਂ ਅੰਦਰੀਂ ਖ਼ਤਮ ਕੀਤਾ ਮਨੁੱਖ



ਅੱਜ ਇਨਸਾਨ ਦੇ ਕਦਮ ਚੰਨ ਤੱਕ ਵੀ ਪੁੱਜ ਚੁੱਕੇ ਹਨ। ਹਰਿਆਣੇ ਦੇ ਕਿਸੇ ਜ਼ਿਲ੍ਹੇ ਦੇ ਵਸਨੀਕ ਨੇ ਚੰਨ ਤੇ ਜਗਾਂ ਖਰੀਦ ਲਈ ਹੈ। ਨਵੀਂ ਟੈਕਨੋਲੋਜੀ ਆ ਰਹੀ ਹੈ। ਪੈਸੇ ਦੀ ਹੋੜ ਵੀ ਜਿਆਦਾ ਅੱਜ ਵੱਧ ਚੁੱਕੀ ਹੈ। ਬਸ ਪੈਸਾ ਕਮਾਇਆ ਜਾਣਾ ਚਾਹੀਦਾ ਹੈ ,ਚਾਹੇ ਉਹ ਗਲਤ ਤਰੀਕੇ ਨਾਲ ਹੀ ਕਿਉਂ ਨਾ ਕਮਾਇਆ ਜਾਵੇ।ਪੁਰਾਣੇ ਵੇਲਿਆਂ ਦੀ ਜੇ ਗੱਲ ਕਰੀਏ ਤਾਂ ਐਸ਼ੋ ਆਰਾਮ ਦੇ ਸੀਮਿਤ ਸਾਧਨ ਸਨ। ਪੈਸੇ ਦੀ ਵੀ ਹੋੜ ਜਿਆਦਾ ਨਹੀਂ ਸੀ ।ਮਿਹਨਤ ਕਰਕੇ ਪੂਰੇ ਪਰਿਵਾਰ ਦਾ ਪੇਟ ਭਰਿਆ ਜਾਂਦਾ ਸੀ ।ਇੱਕ ਦੂਜੇ ਨੂੰ ਨੀਵਾਂ ਵੀ ਨਹੀਂ ਦਿਖਾਇਆ ਜਾਂਦਾ ਸੀ। ਆਪਸੀ ਪ੍ਰੀਤ ਪਿਆਰ ਬਹੁਤ ਸੀ। ਇੱਕ ਦੂਜੇ ਦਾ ਸਤਿਕਾਰ ਕੀਤਾ ਜਾਂਦਾ ਸੀ।ਲੋੜ ਪੈਣ ਤੇ ਮੁਸੀਬਤ ਵੇਲੇ ਪੈਸੇ ਧੇਲੇ ਨਾਲ ਵੀ ਮਦਦ ਕਰ ਦਿੱਤੀ ਜਾਂਦੀ ਸੀ, ਕਿਸੇ ਨੂੰ ਸੁਣਾਇਆ ਵੀ ਨਹੀਂ ਜਾਂਦਾ ਸੀ। ਜੇ ਅੱਜ ਦੇ ਸਮੇਂ ਦੀ ਗੱਲ ਕਰੀਏ ਹਾਲ ਚਾਲ ਪੁੱਛਣ ਲਈ ਇੱਕ ਦੂਜੇ ਕੋਲ ਸਮਾਂ ਹੀ ਨਹੀਂ ਹੈ ।ਭਰਾ ਭਰਾ ਦਾ ਦੁਸ਼ਮਣ ਬਣ ਗਿਆ ।ਹੋਰ ਤਾਂ ਹੋਰ ਜੇ ਕਿਸੇ ਪਰਿਵਾਰ ਵਿੱਚ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਮੋਬਾਇਲ ਤੇ ਹੀ ਦੁੱਖ ਸਾਂਝਾ ਕਰ ਲਿਆ ਜਾਂਦਾ ਹੈ। ਵੇਲਾ ਹੀ ਨਹੀਂ ਰਿਹਾ ਕਿਸੇ ਦੇ ਦੁੱਖ ਵਿੱਚ ਸ਼ਰੀਕ ਹੋਣ ਦਾ। ਦੇਖੋ ਮੋਬਾਇਲ ਸਾਡੀ ਸੁੱਖ ਸੁਵਿਧਾ ਲਈ ਸੀ ,ਪਰ ਅੱਜ ਮੋਬਾਇਲ ਨੇ ਹੀ ਸਾਨੂੰ ਆਪਣੇ ਨਾਲ ਬੰਨ ਕੇ ਰੱਖ ਦਿੱਤਾ ਹੈ। ਅਸੀਂ ਮੋਬਾਇਲ ਦੇ ਜ਼ਿਆਦਾ ਆਦੀ ਹੋ ਚੁੱਕੇ ਹਨ। ਮੋਬਾਇਲ ਦੇ ਮੁਤਾਬਕ ਹੀ ਅਸੀਂ ਚੱਲ ਰਹੇ ਹਾਂ।

ਪਹਿਲਾਂ ਘਰ ਵਿੱਚ ਬਜ਼ੁਰਗ ਹੁੰਦੇ ਸਨ। ਛੋਟੇ ਬੱਚੇ ਬਜ਼ੁਰਗਾਂ ਕੋਲ ਵੱਧ ਸਮਾਂ ਗੁਜ਼ਾਰਦੇ ਸਨ। ਬਜ਼ੁਰਗ ਉਨਾਂ ਨੂੰ ਬਹੁਤ ਗੱਲਾਂ ਸਿਖਾਉਂਦੇ ਸਨ, ਕਹਾਣੀਆਂ ਸੁਣਾਉਂਦੇ ਸਨ। ਬੱਚੇ ਉਹਨਾਂ ਕੋਲ ਗੱਲਾਂਬਾਤਾਂ ਸੁਣ ਕੇ ਹੀ ਉਹਨਾਂ ਕੋਲ ਹੀ ਸੋ ਜਾਂਦੇ ਸਨ। ਅੱਜ ਮਾਂ ਪਿਓ ਕੋਲ ਬੱਚਿਆਂ ਲਈ ਸਮਾਂ ਹੀ ਨਹੀਂ ਹੈ। ਸਵੇਰੇ ਘਰ ਤੋਂ ਨਿਕਲਦੇ ਹਨ ।ਸ਼ਾਮ ਨੂੰ ਘਰ ਆ ਕੇ ਵੜਦੇ ਹਨ।ਥੱਕੇ ਟੁੱਟੇ ।ਦਿਲ ਕਰਿਆ ਤਾਂ ਰੋਟੀ ਬਣਾ ਲੈਣੀ, ਨਹੀਂ ਤਾਂ ਬਾਹਰ ਤੋਂ ਹੀ ਆਨਲਾਈਨ ਆਰਡਰ ਕਰਕੇ ਮੰਗਵਾ ਲੈਂਦੇ ਹਨ। ਬੱਚਿਆਂ ਦੀਆਂ ਤੋਤਲੀਆਂ ਗੱਲਾਂ ਸੁਣਨ ਦਾ ਮਾਂ ਬਾਪ ਕੋਲ ਸਮਾਂ ਨਹੀਂ ਹੈ। ਜੇ ਮਾੜਾ ਮੋਟਾ ਸਮਾਂ ਵੀ ਹੁੰਦਾ ਹੈ ਤਾਂ ਅਸੀਂ ਬੱਚਿਆਂ ਨਾਲ ਸਮਾਂ ਨਹੀਂ ਗੁਜ਼ਾਰਦੇ। ਮੋਬਾਈਲ ਉਹਨਾਂ ਨੂੰ ਦੇ ਦਿੰਦੇ ਹਨ। ਬੱਚੇ ਮੋਬਾਇਲਾਂ ਤੇ ਹੀ ਵੱਧ ਸਮਾਂ ਗੁਜ਼ਾਰਦੇ ਹਨ। ਬਾਹਰ, ਮੈਦਾਨ ਵਿੱਚ ਖੇਡਣ ਲਈ ਨਹੀਂ ਜਾਂਦੇ ਹਨ। ਜਿਸ ਕਰਕੇ ਉਹਨਾਂ ਦਾ ਸਰੀਰਕ ਵਿਕਾਸ ਨਹੀਂ ਹੋ ਪਾਉਂਦਾ ।ਸਕੂਲ ਤੋਂ ਆ ਕੇ ਘਰ ਰੋਟੀ ਚਾਹੇ ਮਿਲੇ ਨਾ ਮਿਲੇ ,ਮੋਬਾਇਲ ਤੇ ਹੀ ਗੇਮ ਖੇਡਣੀ ਸ਼ੁਰੂ ਕਰ ਦਿੰਦੇ ਹਨ। ਜਿਸ ਦਾ ਅੱਜ ਖਮਿਆਜ਼ਾ ਅਸੀਂ ਭੁਗਤ ਰਹੇ ਹਾਂ। ਰਿਸ਼ਤੇ ਤੱਕ ਮੋਬਾਇਲ ਨੇ ਖਤਮ ਕਰ ਦਿੱਤੇ ਹਨ।

ਸਬਰ, ਸੰਤੋਖ ,ਨਿਮਰਤਾ, ਆਪਸੀ ਪ੍ਰੀਤ ਪਿਆਰ ਜਿੰਦਗੀ ਵਿੱਚੋਂ ਖ਼ਤਮ ਹੋ ਚੁੱਕਿਆ ਹੈ।ਮੁਹੱਲੇ ਵਿੱਚ ਜੇ ਕਿਸੇ ਕੋਲ ਵੱਡੀ ਕੋਠੀ ਹੈ, ਦਸ ਕਮਰੇ ਹਨ। ਡਬਲ ਸਟੋਰੀ ਕੋਠੀ ਮਹਿਲ ਵਰਗੀ ਹੈ। ਮੇਰਾ ਸਿੰਗਲ ਫਲੋਰ ਹੈ । ਨਕਾਰਾਤਮਕ ਭਾਵ ਮਨ ਅੰਦਰ ਆਉਂਦੇ ਹਨ। ਸਰੀਰ ਨੂੰ ਮਸ਼ੀਨ ਹੀ ਬਣਾ ਲਿਆ ਹੈ। ਮੇਰੇ ਕੋਲ 4 ਲੱਖ ਦੀ ਗੱਡੀ ਹੈ ।ਗੁਆਂਢੀ ਕੋਲ 35 ਲੱਖ ਦੀ ਗੱਡੀ ਹੈ।ਦੇਖਾ ਦੇਖੀ ਵਿੱਚ ਵਿਖਾਵੇ ਦਾ ਰੁਝਾਨ ਇੰਨਾ ਵੱਧ ਚੁੱਕਿਆ ਹੈ ਕਿ ਕਰਜ਼ਾ ਲੈ ਕੇ ਆਪਣੇ ਦਰਵਾਜ਼ੇ ਅੰਦਰ 40 ਲੱਖ ਦੀ ਗੱਡੀ ਖੜਾ ਰਹੇ ਹਨ ।ਵੇਲੇ ਸਿਰ ਕਿਸ਼ਤਾਂ ਨਹੀਂ ਭਰੀ ਜਾਂਦੀ, ਫਿਰ ਬੈਂਕ ਆ ਕੇ ਨਿਲਾਮੀ ਕਰਦਾ ਹੈ। ਡਿਪਰੈਸ਼ਨ ਦਾ ਸ਼ਿਕਾਰ ਹੋ ਰਿਹਾ ਹੈ। ਛੋਟੇ ਛੋਟੇ ਬੱਚਿਆਂ ਨੂੰ ਟੈਨਸ਼ਨ ਹੋ ਰਹੀ ਹੈ, ਕਿਉਂਕਿ ਬਾਹਰ ਨਿਕਲਦਾ ਨਹੀਂ ਹੈ ।ਕਿਸੇ ਨਾਲ ਗੱਲ ਸਾਂਝੀ ਕਰਦਾ ਨਹੀਂ ਹੈ ।ਮਨ ਵਿੱਚ ਵਜ਼ਨ ਲੈ

ਕੇ ਘੁੰਮ ਰਿਹਾ ਹੈ। ਦੇਖੋ ਸਾਨੂੰ ਸਮੇਂ ਦੇ ਮੁਤਾਬਿਕ ਚੱਲਣਾ ਚਾਹੀਦਾ ਹੈ। ਅਕਸਰ ਕਿਹਾ ਜਾਂਦਾ ਵੀ ਹੈ ਕਿ ਚਾਦਰ ਦੇਖ ਕੇ ਪੈਰ ਪਸਾਰੋ। ਪਰ ਇਹ ਵੀ ਨਾ ਹੋਵੇ ਕਿ ਤੁਸੀਂ ਦੂਜੇ ਦੀ ਦੇਖਾ ਦੇਖੀ ਵਿੱਚ ਇੰਨਾ ਕਰਜ਼ਾ ਲੈ ਲਵੋ, ਫਿਰ ਜੇ ਤੁਹਾਨੂੰ ਕੋਈ ਚਾਰਾਂ ਨਾ ਦਿਸੇ ਤੁਸੀਂ ਆਤਮਹੱਤਿਆ ਹੀ ਕਰ ਲਵੋ, ਅਕਸਰ ਅਜਿਹੀਆਂ ਘਟਨਾਵਾਂ ਅਸੀ ਆਮ ਸੁਣਦੇ ਹਾਂ।

ਸਮਾਂ ਬਹੁਤ ਵਡਮੁੱਲੀ ਦਾਤ ਹੈ। ਭਾਈ ਭੈਣ ਤੁਹਾਨੂੰ ਪਰਮਾਤਮਾ ਦੀ ਕਿਰਪਾ ਨਾਲ ਮਿਲੇ ਹਨ। ਵਿਆਹ ਤੁਸੀਂ ਆਪਣੀ ਮਰਜ਼ੀ ਨਾਲ ਕਰਵਾ ਸਕਦੇ ਹੋ, ਆਪਣੇ ਬੱਚਿਆਂ ,ਆਪਣੇ ਮਾਂ ਬਾਪ , ਆਪਣੇ ਪਰਿਵਾਰ ਨੂੰ ਸਮਾਂ ਦਵੋ। ਉਹਨਾਂ ਨਾਲ ਹਰ ਗੱਲ ਸਾਂਝੀ ਕਰੋ ,ਜਿੰਨਾ ਹੋ ਸਕੇ ਉਹਨਾਂ ਨਾਲ ਸਮਾਂ ਬਤੀਤ ਕਰੋ ।ਇਕੱਠੇ ਖਾਣਾ ਖਾਓ ।ਬਜ਼ੁਰਗਾਂ ਕੋਲ ਜ਼ਿੰਦਗੀ ਦਾ ਨਿਚੋੜ ਹੁੰਦਾ ਹੈ ।ਉਹਨਾਂ ਨਾਲ ਗੱਲਾਂ ਸਾਂਝੀਆਂ ਕਰੋ ।ਅੱਜ ਬਜ਼ੁਰਗ ਆਪਣਾ ਸਮਾਂ ਬਿਰਧ ਆਸ਼ਰਮਾ ਵਿੱਚ ਬਿਤਾ ਰਹੇ ਹਨ। ਇਹ ਸਾਡੀ ਤਰਾਸ਼ਦੀ ਹੈ। ਜੰਕ ਫੂਡ ਨੂੰ ਜਿਆਦਾ ਤਰਜੀਹ ਦੇਣ ਲੱਗ ਪਏ ਹਨ। ਅੱਜ ਨਾਮੁਰਾਦ ਬਿਮਾਰੀਆਂ ਨੇ ਸਾਡੇ ਸਰੀਰ ਨੂੰ ਜਕੜ ਲਿਆ ਹੈ। ਸਵੇਰ ਸਾਡੀ ਖਾਲੀ ਪੇਟ ਦਵਾਈ ਨਾਲ ਸ਼ੁਰੂ ਹੁੰਦੀ ਹੈ। ਸ਼ੂਗਰ, ਬੀਪੀ ਹੋਰ ਪਤਾ ਨਹੀਂ ਕਿੰਨੀਆਂ ਬਿਮਾਰੀਆਂ ਛੋਟੀ ਉਮਰ ਦੇ ਨੌਜਵਾਨਾਂ ਨੂੰ ਘੇਰ ਰਹੀਆਂ ਹਨ। ਤਲਿਆਂ ਹੋਇਆ ਖਾਣਾ ਨਹੀਂ ਪਚਦਾ ਹੈ ।ਸ਼ਰੀਰ ਅਜਿਹੇ ਸੋਹਲ ਬਣਾ ਲਏ ਹਨ ।ਸਵੇਰੇ ਸਮੇਂ ਸਿਰ ਉੱਠਦੇ ਨਹੀਂ ਹਨ। ਸੈਰ ਕਰਨ ਲਈ ਬਾਹਰ ਨਹੀਂ ਜਾਂਦੇ ਹਨ। ਏਸੀ ਘਰ ਹੈ। ਏਸੀ ਦਫਤਰ ਹੈ। ਏਸੀ ਗੱਡੀ ਹੈ ਤਾਂ ਹੀ ਅਜੋਕਾ ਸ਼ਰੀਰ ਬਿਮਾਰੀਆਂ ਨਾਲ ਘਿਰ ਗਿਆ ਹੈ। ਅੱਧਿ ਤੋਂ ਜ਼ਿਆਦਾ ਲੋਕਾਂ ਨੇ ਰਾਤ ਦੀ ਰੋਟੀ ਖਾਣੀ ਹੀ ਛੱਡ ਦਿੱਤੀ ਹੈ। ਕਿਉਂਕਿ ਘੁੰਮਣ ਲਈ ਸਮਾਂ ਨਹੀਂ ਹੈ ।ਅਕਸਰ ਲੋਕ ਕਹਿੰਦੇ ਹਨ ਕਿ ਗੈਸ ਬਣਦੀ ਹੈ ,ਖੱਟੇ ਡਕਾਰ ਆਉਂਦੇ ਹਨ?। ਤੇਜ਼ਾਬ ਦੀ ਸਮੱਸਿਆ ਹੈ। ਹਰ ਇਨਸਾਨ ਲੋਕਾਂ ਸਾਹਮਣੇ ਸੋਹਣਾ ਦਿਖਣਾ ਚਾਹੁੰਦਾ ਹੈ ।ਤਰ੍ਹਾਂ ਤਰ੍ਹਾਂ ਦੇ ਮਾਰਕੀਟ ਵਿੱਚ ਪ੍ਰੋਡਕਟ ਆ ਚੁੱਕੇ ਹਨ ।ਉਨਾਂ ਪ੍ਰੋਡਕਟਾਂ ਨਾਲ ਉਹ ਆਪਣੇ ਆਪ ਨੂੰ ਫਿਟ ਰੱਖ ਰਿਹਾ ਹੈ। ਪਿੱਛੇ ਜੇ ਮਾਹਿਰਾਂ ਮੁਤਾਬਕ ਅਜਿਹੇ ਪ੍ਰੋਡਕਟਾਂ ਨਾਲ ਕਈ ਲੋਕਾਂ ਨੂੰ ਸਮੱਸਿਆ ਵੀ ਆਈ ਸੀ ।ਪਤਲੇ ਹੋਣ ਲਈ ਦਵਾਈ ਖਾ ਰਹੇ ਹਨ ।ਉਲਟਾ ਉਸਦਾ ਸਰੀਰ ਤੇ ਨੁਕਸਾਨ ਵੀ ਹੋ ਰਿਹਾ ਹੈ।

ਪੈਸੇ ਨੇ ਰਿਸ਼ਤਿਆਂ ਨੂੰ ਖਤਮ ਕਰ ਦਿੱਤਾ ਹੈ। ਇਨਸਾਨ ਰਾਤੋ ਰਾਤ ਅਮੀਰ ਹੋਣਾ ਚਾਹੁੰਦਾ ਹੈ। ਚਾਹੇ ਪੈਸਾ ਗਲਤ ਢੰਗ ਨਾਲ ਹੀ ਕਮਾਇਆ ਕਿਉਂ ਨਾ ਜਾਏ। ਇੱਕ ਗੱਲ ਯਾਦ ਰੱਖਿਓ ।ਕੁਦਰਤ ਬੇਅੰਤ ਹੈ। ਜਦੋਂ ਅਸੀਂ ਕੁਦਰਤ ਨਾਲ ਛੇੜਛਾੜ ਕਰਦੇ ਹਾਂ ਤਾਂ ਸਾਨੂੰ ਉਸ ਦਾ ਨਤੀਜਾ ਭੁਗਤਣਾ ਹੀ ਪੈਂਦਾ ਹੈ। ਪਹਾੜੀ ਖੇਤਰਾਂ ਵਿੱਚ ਨਦੀਆਂ ਨਾਲਿਆਂ ਨੂੰ ਤੰਗ ਕਰ ਕੇ ਮਹਿਲ ਵਰਗੇ ਹੋਟਲ ਖੜੇ ਕਰ ਦਿੱਤੇ ਗਏ। ਵਾਤਾਵਰਨ ਨੂੰ ਪਲੀਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਗਰਮੀ ਦੇ ਮੌਸਮ ਵਿੱਚ ਹਰ ਕੋਈ ਇਨਸਾਨ ਪਹਾੜਾਂ ਵੱਲ ਨੂੰ ਕੂਚ ਕਰਦਾ ਹੈ ਤਾਂ ਜੋ ਉਸਨੂੰ ਠੰਡਕ ਮਿਲ ਸਕੇ। ਭਲੇ ਮਾਣਸੋ ।ਜੇ ਅਸੀਂ ਇੱਥੇ ਹੀ ਰੁੱਖ ਲਾ ਲਈਏ। ਸਮੇਂ ਸਮੇਂ ਤੇ ਉਹਨਾਂ ਦੀ ਦੇਖ ਰੇਖ ਕਰੀਏ ,ਇੱਥੇ ਵੀ ਪਹਾੜਾਂ ਵਰਗਾ ਮੌਸਮ ਹੋ ਜਾਵੇਗਾ। ਪੁਆਦ ਖੇਤਰ ਵਿੱਚ 25-25 ਮੰਜ਼ਿਲਾਂ ਬਿਲਡਿੰਗਾਂ ਹਨ। ਕਰੋੜਾਂ ਰੁਪਏ ਦੀ ਜਮੀਨਾਂ ਵਿੱਕ ਚੁੱਕੀਆਂ ਹਨ ।ਖਾਦ ਪਦਾਰਥਾਂ ਵਿੱਚ ਮਿਲਾਵਟ ਵੱਧ ਚੁੱਕੀ ਹੈ। ਅਸੀਂ ਸਾਰਾ ਕੁੱਝ ਮਿਲਾਵਟ ਵਾਲਾ ਖਾ ਰਹੇ ਹਨ। ਖੇਤਾਂ ਵਿੱਚ ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਹੋ ਰਹੀ ਹੈ।ਜੇ ਹਜੇ ਵੀ ਨਹੀਂ ਸੰਭਲੇ ਤਾਂ ਪਛਤਾਉਣਾ ਪੈਣਾ ਹੈ। ਪੌਣ ਪਾਣੀ ਸਭ ਕੁਝ ਪ੍ਰਦੂਸ਼ਿਤ ਹੋ ਚੁੱਕਿਆ ਹੈ। ਜੇ ਸਿਹਤ ਹੈ ਤਾਂ ਸਾਰਾ ਕੁਝ ਸਹੀ ਹੈ, ਨਹੀਂ ਤਾਂ ਫਿਰ ਬਿਮਾਰੀਆਂ ਹੀ ਘੇਰਨਗੀਆਂ। ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਗੁਜ਼ਾਰੋ। ਉਹਨਾਂ ਨੂੰ ਚੰਗੀ ਸਿੱਖਿਆ ਦਿਓ। ਦੇਖੋ ਜ਼ਿੰਦਗੀ ਵਿੱਚ ਹਰ ਇਨਸਾਨ ਅੱਗੇ ਵਧਣਾ ਚਾਹੁੰਦਾ ਹੈ, ਪਰ ਅੱਗੇ ਵੱਧਣ ਦੇ ਨਾਲ ਨਾਲ ਆਪਣੇ ਪਰਿਵਾਰ ਨੂੰ ,ਆਪਣੇ ਆਪ ਨੂੰ ਜਰੂਰ ਸਮਾਂ ਦਿਓ। ਜ਼ਿੰਦਗੀ ਖੁਸ਼ੀ ਖੁਸ਼ੀ ਬਸਰ ਕਰੋ। ਜਿੰਨਾ ਵੀ ਤੁਹਾਡੇ ਕੋਲ ਹੈ ਉਸ ਵਿੱਚ ਸਬਰ ਸੰਤੋਖ ਰੱਖੋ। ਆਪਣੇ ਆਪ ਨੂੰ ਸਮਝਾਓ ।ਕਿਸੇ ਦਾ ਹੱਕ ਨਾ ਮਾਰੋ। ਅਸੀਂ ਇੱਥੇ ਕੋਈ ਪੱਕੀ ਰਜਿਸਟਰੀ ਨਹੀਂ ਕਰਵਾ ਲਈ ਹੈ ।ਅੱਜ ਕੱਲ ਦੀ ਜ਼ਿੰਦਗੀ ਤਾਂ ਵੈਸੇ ਹੀ ਛੋਟੀ ਹੈ ।ਹੱਸ ਖੇਡ ਕੇ ਸਮਾਂ ਗੁਜ਼ਾਰੋ।

**ਸੰਜੀਵ ਸਿੰਘ ਸੈਣੀ,**

ਮੋਹਾਲੀ,

7888966168

# ਰਾਮਗੜ੍ਹੀਆ ਐਸ਼ਵਰਯ ਦੀਆਂ ਝਲਕਾਂ



**- ਚੇਤਨ ਸਿੰਘ**
**ਡਾਇਰੈਕਟਰ ਭਾਸ਼ਾ ਵਿਭਾਗ (ਰਿਟਾ.)**

ਸਿੱਖ ਪੰਥਕ ਉਸਾਰੀ ਵਿਚ ਰਾਮਗੜ੍ਹੀਆ ਕੌਮ ਦਾ ਯੋਗਦਾਨ ਸਿੱਖ-ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਸ਼ਾਮਲ ਹੈ। ਦਰਅਸਲ ਸਿੱਖੀ ਧਾਰਨ ਕਰਨ ਅਤੇ ਕਮਾਉਣ ਵਿਚ ਸਿਰ ਧੜ ਦੀ ਬਾਜ਼ੀ ਲਾਉਣ ਵਾਲਿਆਂ ਦੇ ਜੀਵਨ ਸਮਾਚਾਰ ਸਾਰੇ ਦੇ ਸਾਰੇ ਨਹੀਂ ਸੰਭਾਲੇ ਗਏ। ਜਿਹਨਾਂ ਦਾ ਜ਼ਿਕਰ ਪੁਸਤਕਾਂ ਵਿਚ ਮਿਲਦਾ ਹੈ, ਉਨ੍ਹਾਂ ਦੀਆਂ ਪੰਥਕ ਕੁਰਬਾਨੀਆਂ ਅੱਗੇ ਤਾਂ ਸਾਡਾ ਸਿਰ ਝੁਕਦਾ ਹੀ ਹੈ, ਪਰ ਨਾਲ ਹੀ ਨਾ ਮਾਲੂਮ ਪੰਥਕ ਸੇਵਾਦਾਰਾਂ ਪ੍ਰਤੀ ਵੀ ਅਸੀਂ ਸਦਾ ਰਿਣੀ ਰਹਾਂਗੇ। ਜੇ ਕੋਈ ਇਨ੍ਹਾਂ ਸੂਰਬੀਰ ਬਹਾਦਰ ਸਿੱਖਾਂ ਦਾ ਇਤਿਹਾਸ ਲਿਖਦਾ ਹੈ ਜਾਂ ਉਨ੍ਹਾਂ ਦੇ ਵੇਰਵੇ ਇਕੱਤਰ ਕਰਕੇ ਸਾਡੇ ਲਈ ਪ੍ਰੇਰਨਾ ਦਾ ਇਕ ਸ੍ਰੋਤ ਪੈਦਾ ਕਰਦਾ ਹੈ ਤਾਂ ਉਹ ਵੀ ਸਾਡੇ ਲਈ ਸਤਿਕਾਰ ਦਾ ਪਾਤਰ ਹੈ।

ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ 1882 ਈਸਵੀ ਨੂੰ ਹੋਂਦ ਵਿਚ ਆਈ ਸੀ। ਪੁਰਾਣਾ ਰੀਕਾਰਡ ਫਰੋਲਿਆਂ ਪਤਾ ਲੱਗਦਾ ਹੈ ਕਿ 1915 ਈਸਵੀ ਸੰਨ ਨੂੰ ਸ਼ਿਮਲੇ ਵਿਚ ਇਕ ਅਜਿਹੀ ਕਿਤਾਬ ਛਪੀ ਸੀ, ਜਿਸਦਾ ਨਾਂ 'ਰਾਮਗੜੀਆਂ ਦਾ ਇਤਿਹਾਸ' ਸੀ। ਇਹ ਪੁਸਤਕ ਅਤੀ ਖਸਤਾ ਹਾਲਤ ਵਿਚ ਮੇਰੀ ਨਿੱਜੀ ਲਾਇਬ੍ਰੇਰੀ ਵਿਚ ਪਈ ਹੈ। ਦੋ ਕੁ ਸਾਲ ਹੋਏ ਤਾਂ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵੱਲੋਂ ਡਾ. ਅਮਰਜੀਤ ਕੌਰ ਭਮਰਾ ਦੀ ਲਿਖੀ ਹੋਈ ਪੁਸਤਕ 'ਤਵਾਰੀਖ ਰਾਮਗੜ੍ਹੀਆ' ਬਹੁਤ ਸੁੰਦਰ ਦਿੱਖ ਵਿਚ ਪ੍ਰਕਾਸ਼ਤ ਕੀਤੀ ਗਈ ਸੀ। ਇਸ ਵਿਚ ਰਾਮਗੜ੍ਹੀਆ ਕੌਮ ਦੀਆਂ ਉਘੀਆਂ ਇਤਿਹਾਸਕ ਸ਼ਖਸੀਅਤਾਂ ਦੇ ਜੀਵਨ ਸਮਾਚਾਰ ਲਿਖੇ ਹੋਏ ਹਨ। ਪਿੱਛਲੇ ਦਿਨੀਂ (ਅਕਤੂਬਰ 2011) ਮੈਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ ਨਤਮਸਤਕ ਹੋਣ ਦਾ ਮੌਕਾ ਮਿਲਿਆ ਤਾਂ ਮੈਂ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਵਿਚ ਕੁਝ ਸਮਾਂ ਗੁਜ਼ਾਰਿਆ। ਲਾਇਬ੍ਰੇਰੀ ਵਿਚ ਕੁਝ ਪੁਸਤਕਾਂ ਬਹੁਤ ਹੀ ਦੁਰਲੱਭ ਸਨ। ਪ੍ਰਬੰਧਕਾਂ ਨੂੰ ਇਨ੍ਹਾਂ ਦੀ ਉਚੇਚੀ ਸੰਭਾਲ ਬਾਰੇ ਵੀ ਮੈਂ ਤਾਕੀਦ ਕੀਤੀ। ਇਨ੍ਹਾਂ ਬਹੁਤ ਸਾਰੀਆਂ ਪੁਸਤਕਾਂ ਵਿਚ ਇਹ ਹੱਥਲੀ ਪੁਸਤਕ **'ਰਾਮਗੜ੍ਹੀਆ ਐਸ਼ਵਰਯ ਦੀਆਂ ਝਲਕਾਂ'** ਵੀ ਸੀ ਜਿਸ ਤੋਂ ਪਾਠਕਾਂ ਨੂੰ ਜਾਣੂ ਕਰਵਾਉਣਾ ਚਾਹੁੰਦਾ ਹਾਂ।

ਛੋਟੇ ਪੁਸਤਕ ਆਕਾਰ ਵਿਚ 1947 ਤੋਂ ਕੇਵਲ ਚਾਰ ਸਾਲ ਬਾਅਦ ਛਪੀ ਇਸ ਪੁਸਤਕ ਦੇ ਕੁਲ 172 ਪੰਨੇ ਹਨ। ਪਰੰਤੂ ਇਸ ਵਿਚ ਦਰਜ ਇਤਿਹਾਸਕ ਤੱਥ ਪਹਿਲਿਆਂ ਸਮਿਆਂ ਦੇ ਹੋਣ ਕਾਰਨ ਮੈਂ ਪਾਠਕਾਂ ਨਾਲ ਸਾਂਝੀ ਕਰਨ ਦਾ ਮੰਨ ਬਣਾ ਲਿਆ। ਇਸ ਦੇ ਲੇਖਕ ਤੇ ਪ੍ਰਕਾਸ਼ਕ ਗਿਆਨੀ ਹਜ਼ਾਰਾ ਸਿੰਘ 'ਆਸੀ' ਐਡੀਟਰ ਰਾਮਗੜੀਆਂ ਗਜ਼ਟ ਸ਼ਿਮਲਾ ਹਨ। ਇਹ ਪੁਸਤਕ 'ਰਾਮਗੜ੍ਹੀਆ ਪ੍ਰੈਸ ਸ਼ਿਮਲਾ' ਵਿਚ ਬੂੜ ਸਿੰਘ ਚੱਗਰ ਦੇ ਯਤਨ ਨਾਲ ਮਈ 1951 ਵਿਚ ਛਪੀ ਸੀ। ਗਿਆਨੀ ਹਜ਼ਾਰਾ ਸਿੰਘ ਜੀ ਆਸੀ ਦੇ ਪਿਤਾ ਦਾ ਨਾਮ ਸ੍ਰ. ਆਤਮਾ ਸਿੰਘ ਤੇ ਪਿੰਡ ਪੰਜੌੜ (ਹੁਸ਼ਿਆਰਪੁਰ) ਸੀ। ਲੇਖ ਸੂਚੀ (ਤਤਕਰੇ ਤੋਂ ਪਹਿਲਾਂ ਕਰਤਾ ਜੀ ਨੇ 20 ਸਤਰਾਂ ਦੀ ਕਵਿਤਾ ਵਿਚ ਆਪਣੇ ਬਾਬਾ ਨੱਥਾ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ, ਜਿਨ੍ਹਾਂ ਨੇ ਲੇਖਕ ਨੂੰ ਬਚਪਨ ਵਿਚ ਅਥਾਹ ਪਿਆਰ ਦੇ ਨਾਲ ਪਾਲਿਆ ਸੀ। ਇਸ ਪੁਸਤਕ ਦੇ ਮੁਖਬੰਧ ਵਿਚ ਸ੍ਰ. ਮੋਹਨ ਸਿੰਘ ਹਦੀਆਬਾਦ (ਫਗਵਾੜਾ) ਇਸ ਤਰ੍ਹਾਂ ਲਿਖਦੇ ਹਨ— "ਇਸ ਪੁਸਤਕ ਵਿਚ ਰਾਮਗੜ੍ਹੀਆ ਇਤਿਹਾਸ ਨੂੰ, ਜੇਹੜਾ ਨਿਰਸੰਦੇਹ ਭਾਰਤ ਦੀ ਮਹਾਨ ਤਾਕਤ ਸਰਬ ਸਾਂਝੀਵਾਲਤਾ ਦੇ ਸਮੁੱਚੇ ਇਤਿਹਾਸ ਦਾ ਇਕ ਬਹੁਤ ਵੱਡਾ ਅੰਗ ਹੈ, ਪੂਰੀ ਸਫ਼ਲਤਾ ਨਾਲ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਚਿਤਰਿਆ ਗਿਆ ਹੈ। ਪੁਸਤਕ ਦੇ ਜਿਸ ਗੁਣ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਹੈ, ਉਹ ਸਾਡੇ ਪੁਰਾਤਨ ਬਜ਼ੁਰਗਾਂ ਦੇ ਆਚਰਣ

ਦੀ ਤਸਵੀਰ ਹੈ ਜਿਸ ਦੀ ਗਵਾਹੀ 'ਪ੍ਰਾਚੀਨ ਪੰਥ ਪ੍ਰਕਾਸ਼' ਨੇ ਵੀ ਇਨ੍ਹਾਂ ਸ਼ਬਦਾਂ ਵਿਚ ਦਿੱਤੀ ਹੋਈ ਹੈ—

"ਰਾਮਗੜ੍ਹੀਆਂ ਭਾਈ ਅਤਿ ਵੱਡ ਸੂਰੇ।
ਜਿਨ ਸੋ ਲਰ ਕੋਊ ਉਤਰਿ ਨਾ ਪੂਰੇ।
ਉਨ ਕੀ ਪਿੱਠ ਦੇਖੀ ਕਿਨ ਨਾਹਿ।..."

ਆਸੀ ਜੀ ਨੇ ਅਣਥੱਕ ਖੋਜ, ਦੂਰ-ਦ੍ਰਿਸ਼ਟਾਤਾਂ ਤੇ ਵਿਗਿਆਨਕ ਤਰੀਕੇ ਨਾਲ ਇਤਿਹਾਸ ਦੀ ਘਾਟ ਨੂੰ ਪੂਰਾ ਕੀਤਾ ਹੈ ਅਤੇ ਸਾਡੇ ਗੌਰਵ ਨੂੰ ਟੁੰਬਿਆ ਹੈ। ਬਾਬਾ ਪ੍ਰੇਮ ਸਿੰਘ ਜੀ ਪਟਿਆਲਾ ਨੇ 'ਅਸੀਸ ਦਿੰਦਿਆਂ ਮੁਢ ਵਿਚ ਲਿਖਿਆ ਹੈ— "ਮੈਂ ਆਪ ਨੂੰ ਵਧਾਈ ਦਿੰਦਾ ਹਾਂ ਕਿ ਆਪ ਨੇ ਇੰਨੀ ਅਣਥਕ ਘਾਲ ਘਾਲ ਕੇ ਰਾਮਗੜ੍ਹੀਆਂ ਸੂਰਮਿਆਂ ਤੇ ਹੁਨਰਕਾਰਾਂ ਦਾ ਇਹ ਸਵਿਸਥਾਰ ਲਿਖਿਆ ਹੈ। ਖ਼ਾਲਸਾ ਪੰਥ ਦੇ ਮਾਨਯੋਗ ਅੰਗ, ਰਾਮਗੜ੍ਹੀਆਂ ਬੀਰਾਂ ਪੁਰ ਜਿੰਨਾਂ ਮਾਨ ਕੀਤਾ ਜਾਏ, ਇੰਨਾਂ ਹੀ ਉਹਨਾਂ ਦਾ ਹੱਕ ਹੈ।" ਇਸ ਪੁਸਤਕ ਦੀ ਲੇਖ ਸੂਚੀ (ਤਤਕਰੇ ਅਨੁਸਾਰ 28) ਸਿਰਲੇਖ ਇਸ ਤਰ੍ਹਾਂ ਹਨ-

ਰਾਮਗੜ੍ਹੀਆ ਇਤਿਹਾਸ, ਰਾਮਗੜ੍ਹੀਆ ਪਦਵੀ ਲਈ 275 ਸਾਲ ਦੀ ਘਾਲਣਾ, ਰਾਮਗੜ੍ਹੀਆ ਰਾਜ ਭਾਗ ਦਾ ਆਰੰਭ, ਭਾਈ ਮਾਧੋ ਸਿੰਘ ਜੀ ਦੀ ਸ਼ਹਾਦਤ, ਰਾਮਗੜ੍ਹੀਆ ਐਸ਼ਵਰਯ ਦੇ ਮੋਢੀ, ਸੁੱਖਾ ਸਿੰਘ ਕੰਬੋ ਕੀ ਮਾੜੀ, ਰਾਮਗੜ੍ਹ ਦੀ ਸਾਜਨਾ, ਰਾਮਗੜ੍ਹੀਆ ਮਿਸਲ ਦਾ ਇਕਬਾਲ, ਬਾਬਾ ਜੋਧ ਸਿੰਘ ਰਾਮਗੜ੍ਹੀਆ-ਯਾਦਗਾਰਾਂ, ਰਾਮਗੜ੍ਹੀਆਂ ਬੂੰਗਾ ਅੰਮ੍ਰਿਤਸਰ, ਰਾਮਗੜ੍ਹੀਏ ਸਰਦਾਰ ਦੇ ਹਥਿਆਰ, ਭਾਰਤੀ ਸੁਤੰਤਰਤਾ ਘੋਲ ਤੇ ਰਾਮਗੜ੍ਹੀਏ, ਕੂਕਾ ਲਹਿਰ, ਦੇਸ਼ ਵੰਡ ਦਾ ਘੱਲੂਘਾਰਾ ਵੀਹਵੀਂ ਸਦੀ ਦਾ ਰਾਮਗੜ੍ਹੀਆ ਐਸਵਰਯ, ਰਾਮਗੜ੍ਹੀਏ ਕਾਰਖਾਨੇਦਾਰ, ਰਾਮਗੜ੍ਹੀਆ ਇਸਤਰੀ ਸੰਸਾਰ, ਵੀਹਵੀਂ ਸਦੀ ਦਾ ਰਾਮਗੜ੍ਹੀਆ ਅੰਦੋਲਨ, ਰਾਮਗੜ੍ਹੀਆ ਸਭਾਵਾਂ ਦਾ ਜਾਲ, ਰਾਮਗੜ੍ਹੀਆ ਅੰਦੋਲਨ, ਪ੍ਰਦੇਸ਼ਾਂ ਵਿਚ ਰਾਮਗੜ੍ਹੀਆ ਵਿਦਿਅਕ ਆਸ਼ਰਮ, ਰਾਮਗੜ੍ਹੀਆ ਪਦ ਦੀ ਭਾਈਚਾਰਕ ਵਿਸ਼ੇਸ਼ਤਾ, ਰਾਮਗੜ੍ਹੀਆਂ ਦੀ ਜੱਦ, ਗੋਤਾਂ ਦਾ ਨਿਰਨਾ, ਸਾਡੇ ਜ਼ਮਾਨੇ ਦੇ ਅੰਕੜੇ ਰਾਮਗੜ੍ਹੀਆ ਬਾਰੇ ਸਰਕਾਰੀ ਹਵਾਲੇ, ਰਾਮਗੜ੍ਹੀਏ ਕਾਸ਼ਤਕਾਰ-ਰਾਜਸੀ ਘੋਲ, ਵਰਣ-ਵਿਵਸਥਾ ਅਤੇ ਲਾਰਡ ਵੈਲਜ਼ਲੀ ਤੇ ਜੱਸਾ ਸਿੰਘ ਰਾਮਗੜ੍ਹੀਆ।

ਮਿਸਟਰ ਜੇ. ਡੀ. ਕਨਿੰਘਮ ਅਨੁਸਾਰ—'ਮਾਝੇ ਵਿਚ ਪਹਿਲੋਂ ਤਾਕਤ ਫੜਨ ਵਾਲੇ ਰਾਮਗੜ੍ਹੀਏ ਸਰਦਾਰ ਸਨ। ਸਰ ਲੈਪਲ ਗਰਿਫਨ ਲਿਖਦਾ ਹੈ ਕਿ ਸਿੱਖ ਮਿਸਲਾਂ ਵਿਚੋਂ ਰਾਮਗੜ੍ਹੀਆ ਮਿਸਲ ਸਭ ਤੋਂ ਤਾਕਤ ਵਾਲੀ ਸੀ। ਲੇਖਕ ਨੇ ਪੁਰਾਤਨ ਇਤਿਹਾਸ ਵਿਚੋਂ ਤੱਥ ਨਿਖਾਰ ਕੇ ਪੇਸ਼ ਕੀਤੇ ਹਨ। ਗਿਆਨੀ ਗਿਆਨ ਸਿੰਘ ਲਿਖਦੇ ਹਨ-

ਪੰਥ ਖਾਲਸੇ ਜੇਤਕ ਜੰਗ।
ਤੇ ਤੁਰਕਨ ਸੇ ਕਰੇ ਨਿਸੰਗ॥
ਇਹ ਭੀ ਸਦਾ ਪੰਥ ਸੰਗ ਰਹੇ।
ਦੁਖ ਸੁੱਖ ਗੁਰ ਭਾਈਅਨ ਸੇ ਸਹੇ॥
ਜਬ ਮਿਸਲੇਂ ਸਿੰਘਨ ਕੀ ਭਈ।
ਤਬੈ ਮਿਸਲ ਇਨ ਭੀ ਨਿਜ ਲਈ॥

'ਵੀਹਵੀਂ ਸਦੀ ਦਾ ਰਾਮਗੜ੍ਹੀਆ ਐਸ਼ਵਰਯ' ਵਿਚ ਲੇਖਕ ਨੇ ਰਾਮਗੜ੍ਹੀਆ ਸਿੱਖਾਂ ਦੇ ਵਜ਼ੀਰ, ਐਮ. ਐਲ. ਏ. ਚੋਣ ਘੋਲ, ਕਾਰਪੋਰੇਸ਼ਨ ਮੈਂਬਰੀਆ, ਐਲਡੋਰੇਟ, ਮਿਉਨਸੀਪਲ ਪ੍ਰਧਾਨ ਤੇ ਮੈਂਬਰਾਨ, ਸਰ ਦਾ ਖਤਾਬ ਪ੍ਰਾਪਤ ਕਰਨ ਵਾਲੇ, ਸੀ. ਐਮ. ਆਈ. ਐਮ. ਬੀ. ਈ., ਐਮ. ਵੀ. ਓ. ਸਰਦਾਰ ਬਹਾਦਰਾਂ, ਚੀਫ਼ ਇੰਜੀਨੀਅਰਾਂ, ਰਾਏ ਬਹਾਦਰ, ਰਾਏ ਸਾਹਿਬ, ਸਰਦਾਰ ਸਾਹਿਬ, ਪੀ. ਸੀ. ਐਮ., ਪੀ. ਏ. ਐਸ. ਵੱਡੇ ਅਫਸਰ, ਰੈਕਰੂਟਿੰਗ ਅਫਸਰ, ਹਾਲ, ਗੁਰਦੁਆਰੇ ਤੇ ਧਰਮਸ਼ਾਲਾਵਾਂ, ਪੰਚਾਂ ਸਰਪੰਚਾਂ ਦੀ ਸੂਚੀ, ਰਾਮਗੜ੍ਹੀਏ ਉਪਦੇਸ਼ਕ, ਅਖਬਾਰਾਂ, ਕਵੀ ਤੇ ਜਰਨਾਲਿਸਟ, ਕਲਾਕਾਰ, ਕਾਰਖਾਨੇਦਾਰ ਤੇ ਹੋਰ ਵੱਡੇ ਕੌਮੀ ਵਰਕਰਾਂ ਦੀਆਂ ਵਿਸਥਾਰਮਈ ਸੂਚੀਆਂ ਦਿੱਤੀਆਂ ਹਨ ਜੋ ਲੇਖਕ ਦੀ ਨਿਰੰਤਰ ਸਾਧਨਾ ਤੇ ਮਿਹਨਤ ਦੀ ਗਵਾਹੀ ਭਰਦੀਆਂ ਹਨ। ਲੇਖਕ ਨੇ ਰਾਮਗੜ੍ਹੀਆਂ ਦੇ ਸਬੰਧ ਵਿਚ ਜਾਰੀ ਹੋਏ ਸਰਕਾਰੀ ਸਰਕੂਲਰਾਂ (ਗਜ਼ਟ ਨੋਟੀਫੀਕੇਸ਼ਨਜ਼) ਦਾ ਵੀ ਵੇਰਵਾ ਦਿੱਤਾ ਹੈ।

ਇਸ ਦੁਰਲੱਭ ਪੁਸਤਕ ਦਾ ਮਹੱਤਵਪੂਰਨ ਅੰਗ ਇਸ ਵਿਚ ਸ਼ਾਮਲ ਤਸਵੀਰਾਂ ਹਨ। ਸਭ ਤੋਂ ਪਹਿਲੀ ਉਚੇਚੀ ਖਿਚੀ

ਹੋਈ ਗਰੁੱਪ ਫੋਟੋ ਵਿਚ 60 ਕੁ ਰਾਮਗੜ੍ਹੀਏ ਸਰਦਾਰ ਹਨ ਜਿਸਦੀ ਇਬਾਰਤ (ਕੈਪਸ਼ਨ) ਇਸ ਤਰ੍ਹਾਂ – 'ਵੀਹਵੀਂ ਸਦੀ ਦੇ ਰਾਮਗੜ੍ਹੀਏ ਅੰਦੋਲਨ ਦੇ ਮੋਢੀ, ਰਾਮਗੜ੍ਹੀਆ ਸਭਾ ਸ਼ਿਮਲਾ ਦੇ ਮੈਂਬਰ 1921 ਈ. ਜਿਨ੍ਹਾਂ ਨੇ ਖਾਸ ਕਰਕੇ ਸ੍. ਰਾਮ ਸਿੰਘ ਚੀਫ ਡਰਾਫਟਸਮੈਨ ਤੋਂ ਕਰਤਾ ਨੇ ਸੇਵਾ ਦੀ ਪਹਿਲੀ ਸੰਥਾ ਲਈ। ਰਾਮਗੜ੍ਹੀਆ ਬੁੰਗਾ, ਮਹਾਰਾਜ ਰਾਮ ਸਿੰਘ ਜੀ ਨਾਮਧਾਰੀ ਤੇ ਰਾਮਗੜ੍ਹੀਆਂ ਦੀ ਰਾਜਸੀ ਤਾਕਤ ਨੂੰ ਬਹਾਲ ਕਰਨ ਵਾਲੇ, ਸ੍. ਇੰਦਰ ਸਿੰਘ ਐਮ. ਐਲ. ਏ. ਪੈਪਸੂ ਦੇ ਮਾਲ ਮੰਤਰੀ ਗਿਆਨੀ ਜੈਲ ਸਿੰਘ *(ਜੋ ਰਾਸ਼ਟਰਪਤੀ ਬਣੇ)* ਤੇ ਸ੍. ਮੋਹਨ ਸਿੰਘ (ਆਸਾਮ ਕੋਮਲ) ਦੀਆਂ ਤਸਵੀਰਾਂ ਬਹੁਤ ਮਹੱਤਵਪੂਰਨ ਹਨ। ਨੈਰੋਬੀ ਮਿਉਂਸੀਪਲ ਕਾਰਪੋਰੇਸ਼ਨ ਦੇ ਮੈਂਬਰਾਂ, ਰਾਮਗੜ੍ਹੀਆ ਸਭਾ ਕੰਪਾਲਾ ਦੇ ਪ੍ਰਧਾਨ ਮੇਹਰ ਸਿੰਘ ਪਨੇਸਰ ਅਤੇ ਬਿਸ਼ਨ ਸਿੰਘ ਇੰਜੀਨੀਅਰ ਕੁਵੈਤ ਦੀਆਂ ਤਸਵੀਰਾਂ ਪੁਸਤਕ ਦੀ ਮਹੱਤਤਾ ਵਧਾਉਂਦੀਆਂ ਹਨ। ਰਾਮਗੜ੍ਹੀਆ ਮੈਨਥਨਜ਼ ਨੈਰੋਬੀ ਦਾ ਨੀਂਹ ਪੱਥਰ ਰੱਖਣ ਸਮੇਂ ਖਿਚੀ ਗਈ ਗਰੁੱਪ ਫੋਟੋ ਵਿਚ ਵਿਖਾਈ ਦੇ ਰਹੇ ਸਾਰੇ ਮੈਂਬਰ ਸਚਮੁਚ ਕੌਮ ਦੇ ਉਸਰਈਆਂ ਵਜੋਂ ਨਜ਼ਰ ਆ ਰਹੇ ਹਨ। ਮੋਹਨ ਸਿੰਘ ਹਦੀਆਬਾਦ ਤੇ ਮੇਲਾ ਸਿੰਘ ਭੋਗਲ ਦੀਆਂ ਤਸਵੀਰਾਂ ਯਾਦਗਾਰੀ ਹਨ ਜਿਨ੍ਹਾਂ ਨੇ ਰਾਮਗੜ੍ਹੀਆ ਕਾਲਿਜ ਫਗਵਾੜਾ ਨੂੰ ਹੋਂਦ ਵਿਚ ਲਿਆਂਦਾ।

ਰਾਮਗੜ੍ਹੀਆ ਇੰਡਸਟਰੀਅਲ ਹਾਈ ਸਕੂਲ ਲੁਧਿਆਣਾ ਤੇ ਰਾਮਗੜ੍ਹੀਆ ਹਾਈ ਸਕੂਲ ਅੰਮ੍ਰਿਤਸਰ ਦੇ ਮੋਢੀਆਂ ਦਾ ਤਸਵੀਰਾਂ ਸਹਿਤ ਇਤਿਹਾਸ ਸੰਭਾਲਣਾ ਸ਼ਲਾਘਾਯੋਗ ਯਤਨ ਹੈ। ਦੇਸ਼ ਦੀ ਵੰਡ ਸਮੇਂ ਹੋਏ ਵੱਡੇ ਘੱਲੂਘਾਰੇ ਦੌਰਾਨ ਬਹੁਤ ਸਾਰੇ ਰਾਮਗੜ੍ਹੀਆ ਸੂਰਬੀਰ ਯੋਧਿਆਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਮਾਲ ਜਾਨ ਦੀ ਰੱਖਿਆ ਕੀਤੀ। ਉਸ ਸਮੇਂ ਦੇ ਮਿਉਂਸੀਪਲ ਪ੍ਰਧਾਨ ਧਰਮ ਸਿੰਘ (ਇੰਜੀਨੀਅਰ) ਨੇ ਉਜੜੇ ਪੁਜੜੇ ਲੋਕਾਂ ਦੀ ਅਣਥਕ ਸੇਵਾ ਕੀਤੀ। ਲੇਖਕ ਅਨੁਸਾਰ......'ਅੰਮ੍ਰਿਤਸਰ ਦਾ ਜੋ ਕੁਝ ਬਚਿਆ ਹੈ, ਉਹ ਇਸ ਜਵਾਂ ਮਰਦ (ਧਰਮ ਸਿੰਘ ਇੰਜੀਨੀਅਰ) ਦਾ ਸਦਕਾ ਹੈ। ਇਹ ਸੱਚ ਹੈ ਕਿ ਰਾਮਗੜ੍ਹੀਆ ਸਭਾ ਸ਼ਿਮਲਾ ਅਤੇ ਰਾਮਗੜ੍ਹੀਆ ਸਭਾ ਅੰਮ੍ਰਿਤਸਰ ਨੇ ਹਰ ਚੀਖ ਨਾਲ ਚੀਖ ਮਾਰੀ ਤੇ ਹਰ ਆਹ ਦੀ ਆਹ ਭਰ ਕੇ ਹਮਦਰਦੀ ਕੀਤੀ।

ਗੱਲ ਕੀ ਇਹ ਪੁਸਤਕ ਰਾਮਗੜ੍ਹੀਆ ਜਗਤ ਦਾ ਇਕ ਵਿਸ਼ਵਕੋਸ਼ ਹੈ ਜਿਸ ਵਿਚ ਹਰ ਤਰ੍ਹਾਂ ਦੇ ਵੇਰਵੇ ਨਾਵਾਂ-ਥਾਵਾਂ ਤਸਵੀਰਾਂ ਸਮੇਤ ਦਿੱਤੇ ਹੋਏ ਹਨ। ਆਪਣੇ ਵੱਡੇ ਵਡੇਰਿਆਂ ਦੀਆਂ ਘਾਲਣਾਵਾਂ ਤੇ ਕੁਰਬਾਨੀਆਂ ਨੂੰ ਯਾਦ ਰੱਖਣਾ ਸੱਚੇ ਵਾਰਿਸ ਹੋਣ ਦੀ ਨਿਸ਼ਾਨੀ ਹੈ ਕਿਉਂਕਿ ਅਸੀਂ ਅੱਜ ਜੋ ਕੁਝ ਹਾਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਹਾਂ। ਅਜਿਹਾ ਇਤਿਹਾਸ ਲਿਖਣਾ ਤੇ ਸੰਭਾਲਣਾ ਸਾਡਾ ਜਾਤੀ ਅਤੇ ਕੌਮੀ ਫਰਜ਼ ਹੈ।

—o—

## ਗ਼ਜ਼ਲ



○ ਮੁਖਤਾਰ ਸਿੰਘ ਚੰਦੀ ○

ਗੱਡਿਆਂ ਜਿੰਨਾ ਭਾਰ ਸਿਰਾਂ ਤੇ ਚੁੱਕੀ ਫਿਰਦੇ ਆਂ
ਚੰਦਰਾ ਇਹ ਸੰਸਾਰ ਸਿਰਾਂ ਤੇ ਚੁੱਕੀ ਫਿਰਦੇ ਆਂ

ਆਪਣੇ ਵਰਗਾ ਹੋਰ ਕੋਈ ਨ੍ਹੀਂ ਇਸ ਦੁਨੀਆਂ ਵਿੱਚ
ਹਾਉਂਮੈ ਤੇ ਹੰਕਾਰ ਸਿਰਾਂ ਤੇ ਚੁੱਕੀ ਫਿਰਦੇ ਆਂ

ਦੌੜ ਜੋ ਉੱਚੇ ਹੋਣ ਦੀ ਇਸ 'ਚੋਂ ਕੀ ਖੱਟਿਆ ਹੈ
ਗਿਠਮੁੱਠੀਏ ਕਿਰਦਾਰ ਸਿਰਾਂ ਤੇ ਚੁੱਕੀ ਫਿਰਦੇ ਆਂ

ਵਿੱਚ ਖੁਦਗਰਜ਼ੀ ਫਰਜ਼ ਪਛਾਣੇ ਅਪਣੇ ਨਾ ਯਾਰੋ
ਬੱਸ ਖਾਲੀ/ਕੱਲ੍ਹੇ ਅਧਿਕਾਰ ਸਿਰਾਂ ਤੇ ਚੁੱਕੀ ਫਿਰਦੇ ਆਂ

ਟਵਿਟਰ , ਮੀਡੀਆ ਤੇ ਹੀ ਅੱਜਕਲ੍ਹ ਦਿਸਦੀ ਹੈ
ਬਾਨ੍ਹਵੇਂ ਦੀ ਸਰਕਾਰ ਸਿਰਾਂ ਤੇ ਚੁੱਕੀ ਫਿਰਦੇ ਆਂ

ਹਥ ਮਿਲਾ ਕੇ ਕੀ ਕਰੀਏ ਜਦ ਦਿਲ ਹੀ ਮਿਲਦੇ ਨ੍ਹੀਂ
ਇਹ ਜੁ ਬੋਝਲ ਪਿਆਰ ਸਿਰਾਂ ਤੇ ਚੁੱਕੀ ਫਿਰਦੇ ਆਂ

ਸੜਕ ਤੇ ਲੰਗਰ ਰੋਕ ਟਰੈਫਿਕ ਵੰਡੀਏ ਜੀ
ਸੋਹਣਾ ਇਹ ਉਪਕਾਰ ਸਿਰਾਂ ਤੇ ਚੁੱਕੀ ਫਿਰਦੇ ਆਂ

ਚਿੱਟਿਆਂ ਨਾਵਾਂ ਹੇਠ ਜੋ ਧੰਦੇ ਕਾਲੇ ਚੱਲਣ ਜੀ
ਇਝ ਦੇ ਕਾਰੋਬਾਰ ਸਿਰਾਂ ਤੇ ਚੁੱਕੀ ਫਿਰਦੇ ਆਂ

ਦੂਜਿਆਂ ਦੇ ਰਾਹ ਬੀਜ ਕੇ ਕੰਡੇ ਸੁਖ ਦੀ ਆਸ ਕਰੇ
ਸੋਚ 'ਚੰਦੀ' ਬੇਕਾਰ ਸਿਰਾਂ ਤੇ ਚੁੱਕੀ ਫਿਰਦੇ ਆਂ

# ਏ.ਆਈ. ਭਾਵ ਮਸ਼ੀਨੀ ਬੁੱਧੀ ਕੀ ਹੁੰਦੀ ਹੈ?

ਰਾਜਪਾਲ ਸਿੰਘ

ਏ.ਆਈ. ਅੰਗਰੇਜ਼ੀ ਸ਼ਬਦ Artificial Intelligence ਦਾ ਸੰਖੇਪ ਰੂਪ ਹੈ। ਪੰਜਾਬੀ ਵਿੱਚ ਇਸ ਲਈ ਮਸ਼ੀਨੀ ਬੁੱਧੀ, ਮਸਨੂਈ ਬੁੱਧੀ, ਬਨਾਵਟੀ ਬੁੱਧੀ ਵਰਗੇ ਸ਼ਬਦ ਵਰਤੇ ਜਾ ਰਹੇ ਹਨ। ਇਹ ਕੰਪਿਊਟਰ ਵਿਗਿਆਨ ਦੀ ਇੱਕ ਸ਼ਾਖਾ ਹੈ ਜੋ ਮਸ਼ੀਨਾਂ ਨੂੰ ਮਨੁੱਖੀ ਬੁੱਧੀ ਵਰਗੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ। ਇਸ ਵਿੱਚ ਕੁਝ ਨਵਾਂ ਸਿੱਖਣ, ਭਾਸ਼ਾ ਨੂੰ ਸਮਝਣ, ਪੇਸ਼ ਕੀਤੀ ਸਮੱਸਿਆ ਨੂੰ ਹੱਲ ਕਰਨਾ ਅਤੇ ਫੈਸਲੇ ਲੈਣ ਵਰਗੀਆਂ ਸਮਰੱਥਾਵਾਂ ਸ਼ਾਮਲ ਹਨ। ਵੈਸੇ ਤਾਂ ਏ.ਆਈ. ਕਿਸੇ ਇੱਕ ਵਿਅਕਤੀ ਦੀ ਕਾਢ ਨਹੀਂ ਹੈ ਕਿਉਂਕਿ ਇਹ ਤਾਂ ਕੰਪਿਊਟਰ ਤੇ ਇੰਟਰਨੈੱਟ ਦੇ ਵਿਕਾਸ ਦੇ ਨਾਲ ਨਾਲ ਹੀ ਵਿਕਸਿਤ ਹੋ ਰਹੀ ਹੈ, ਇਸ ਵਿੱਚ ਹਜ਼ਾਰਾਂ ਕੰਪਿਊਟਰ ਵਿਗਿਆਨੀਆਂ ਦਾ ਯੋਗਦਾਨ ਹੈ। ਪਰ ਫਿਰ ਵੀ ਜੌਹਨ ਮੈਕਾਰਥੀ ਨੂੰ ਏ.ਆਈ. ਦਾ ਪਿਤਾਮਾ ਕਿਹਾ ਜਾਂਦਾ ਹੈ। ਜੋਹਨ ਮੈਕਾਰਥੀ ਨੇ 1955 ਵਿੱਚ ਸੋਚਣ ਵਾਲੀਆਂ ਮਸ਼ੀਨਾਂ ਬਾਰੇ ਇੱਕ ਵਰਕਸ਼ਾਪ ਆਯੋਜਿਤ ਕੀਤੀ ਅਤੇ ਉਸਨੇ ਹੀ ਪਹਿਲੀ ਵਾਰ ਏ.ਆਈ. ਸ਼ਬਦ ਵਰਤਿਆ।

**ਏ.ਆਈ. ਜਾਂ ਮਸ਼ੀਨੀ ਬੁੱਧੀ ਕਿਵੇਂ ਕੰਮ ਕਰਦੀ ਹੈ?**

ਇਸ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਮਨੁੱਖੀ ਬੁੱਧੀ ਕਿਵੇਂ ਕੰਮ ਕਰਦੀ ਹੈ। ਮਨੁੱਖ ਦੇ ਜਨਮ ਸਮੇਂ ਤੋਂ ਹੀ ਉਸ ਦੀਆਂ ਗਿਆਨ ਇੰਦਰੀਆਂ ਰਾਹੀਂ ਹਰ ਰੋਜ਼ ਬਹੁਤ ਸਾਰੀ ਜਾਣਕਾਰੀ ਉਸ ਦੇ ਦਿਮਾਗ ਵਿੱਚ ਜਮਾਂ ਹੁੰਦੀ ਰਹਿੰਦੀ ਹੈ। ਦਿਮਾਗ ਵਿੱਚ ਅਰਬਾਂ ਨਿਊਰਾਨ ਸੈਲ ਹਨ, ਜੋ ਆਪਣੇ ਵਿੱਚ ਇਹ ਜਾਣਕਾਰੀ ਸੰਭਾਲ ਕੇ ਰੱਖਦੇ ਹਨ। ਮਨੁੱਖ ਇਸ ਜਾਣਕਾਰੀ ਦੇ ਆਧਾਰ ਉੱਤੇ ਹੀ ਭਾਸ਼ਾ ਨੂੰ ਸਮਝਦਾ ਹੈ, ਸਮੱਸਿਆਵਾਂ ਨੂੰ ਜਾਣਦਾ ਹੈ, ਨਵੀਆਂ ਗੱਲਾਂ ਸੋਚਦਾ ਹੈ ਅਤੇ ਫੈਸਲੇ ਕਰਦਾ ਹੈ। ਮਸ਼ੀਨੀ ਬੁੱਧੀ ਵਿੱਚ ਇਹ ਜਾਣਕਾਰੀ ਕੰਪਿਊਟਰ ਵਿੱਚ ਜਮਾਂ ਹੁੰਦੀ ਹੈ, ਜਿਸ ਨੂੰ ਡਾਟਾ ਕਿਹਾ ਜਾਂਦਾ ਹੈ। ਹਰ ਪਲ ਦੁਨੀਆਂ ਦੇ ਲੱਖਾਂ ਕੰਪਿਊਟਰਾਂ ਵਿੱਚ ਨਵੀਂ ਨਵੀਂ ਜਾਣਕਾਰੀ ਟੈਕਸਟ ਜਾਂ ਆਡੀਓ ਵੀਡੀਓ ਫਾਈਲਾਂ ਦੇ ਰੂਪ ਵਿੱਚ ਪੈਂਦੀ ਰਹਿੰਦੀ ਹੈ। ਇੰਟਰਨੈੱਟ ਨਾਲ ਇਹ ਸਾਰਾ ਡਾਟਾ ਕਿਤੇ ਵੀ ਵਰਤਿਆ ਜਾ ਸਕਦਾ ਹੈ। ਏ.ਆਈ. ਕੰਪਿਊਟਰਾਂ ਅਤੇ ਇੰਟਰਨੈੱਟ ਉੱਤੇ ਪਏ ਇਸ ਡਾਟੇ ਨੂੰ ਵਰਤ ਕੇ ਹੀ ਕੰਮ ਕਰਦੀ ਹੈ। ਏ.ਆਈ. ਦਾ ਕੰਪਿਊਟਰ ਜਾਂ ਇੰਟਰਨੈੱਟ ਦੀ ਵਰਤੋਂ ਨਾਲੋਂ ਵੱਡਾ ਫਰਕ ਇਹ ਹੈ ਕਿ ਇਹ ਇਸ ਡਾਟੇ ਨੂੰ ਵਰਤ ਕੇ ਨਵੇਂ ਸਿੱਟੇ ਕੱਢ ਸਕਦੀ ਹੈ, ਖੁਦ ਫੈਸਲੇ ਕਰ ਸਕਦੀ ਹੈ ਜਦ ਕਿ ਕੰਪਿਊਟਰ ਉਸ ਨੂੰ ਚਲਾਉਣ ਵਾਲੇ ਮਨੁੱਖ ਵੱਲੋਂ ਦਿੱਤੀਆਂ ਹਦਾਇਤਾਂ 'ਤੇ ਹੀ ਕੰਮ ਕਰਦਾ ਹੈ।

ਪਹਿਲਾਂ ਜੋ ਮਸ਼ੀਨਾਂ ਬਣੀਆਂ, ਜਿਵੇਂ ਭਾਫ-ਇੰਜਨ, ਡੀਜ਼ਲ-ਇੰਜਨ, ਮੋਟਰਾਂ ਅਤੇ ਬਿਜਲੀ ਨਾਲ ਚੱਲਣ ਵਾਲੇ ਅਨੇਕਾਂ ਯੰਤਰ, ਇਨ੍ਹਾਂ ਸਭ ਨੇ ਮਨੁੱਖ ਦੀ ਸਰੀਰਕ ਮੁਸ਼ੱਕਤ ਨੂੰ ਘਟਾਇਆ ਸੀ। ਜੋ ਕੰਮ ਪਹਿਲਾਂ ਮਨੁੱਖ ਆਪਣੇ ਹੱਥਾਂ ਨਾਲ ਜਾਂ ਪਸ਼ੂਆਂ ਦੀ ਮਦਦ ਨਾਲ ਕਰਦਾ ਸੀ, ਉਹੀ ਕੰਮ ਮਸ਼ੀਨਾਂ ਵੱਧ ਤਾਕਤ ਅਤੇ ਵੱਧ ਤੇਜੀ ਨਾਲ ਕਰਨ ਲੱਗੀਆਂ। ਫਿਰ ਜਦ ਕੈਲਕੂਲੇਟਰ ਜਾਂ ਕੰਪਿਊਟਰ ਆਏ ਤਾਂ ਉਹਨਾਂ ਨੇ ਬੌਧਿਕ ਕੰਮ ਜਿਵੇਂ ਕੋਈ ਵੀ ਹਿਸਾਬ ਕਿਤਾਬ ਕਰਨ ਸਮੇਂ ਜੋੜ, ਘਟਾਓ, ਗੁਣਾ, ਤਕਸੀਮ ਕਰਨ ਦਾ ਕੰਮ ਸਾਂਭ ਲਿਆ। ਸੈਂਕੜੇ ਰਕਮਾਂ ਦਾ ਜੋੜ ਮਿੰਟਾਂ ਸਕਿੰਟਾਂ ਵਿੱਚ ਹੋਣ ਲੱਗਾ ਅਤੇ ਹੋਰ ਵੀ ਗੁੰਝਲਦਾਰ ਗਣਨਾਵਾਂ ਇਨ੍ਹਾਂ ਦੀ ਮਦਦ ਨਾਲ ਹੋਣ ਲੱਗੀਆਂ। ਪਰ ਦਿਮਾਗੀ ਕੰਮ ਕੇਵਲ ਅੰਕੜਿਆਂ ਦਾ ਹਿਸਾਬ ਕਿਤਾਬ ਕਰਨ ਤੱਕ ਸੀਮਤ

ਨਹੀਂ ਹੁੰਦਾ। ਮਨੁੱਖੀ ਜ਼ਿੰਦਗੀ ਵਿੱਚ ਵੀ ਅਤੇ ਸਮਾਜ ਅੱਗੇ ਵੀ ਅਨੇਕਾਂ ਸਵਾਲ ਹਨ, ਜਿਨ੍ਹਾਂ ਦਾ ਜਵਾਬ ਲੱਭਣ ਲਈ ਮਨੁੱਖ ਨੂੰ ਸੋਚਣ ਵਿਚਾਰਨ ਵਾਲੀ ਦਿਮਾਗੀ ਮਿਹਨਤ ਦੀ ਲੋੜ ਪੈਂਦੀ ਹੈ। ਏ.ਆਈ. ਮਨੁੱਖੀ ਬੁੱਧੀ ਦੁਆਰਾ ਕੀਤੇ ਜਾਂਦੇ ਅਜਿਹੇ ਕਾਰਜਾਂ ਨੂੰ ਵੀ ਕਰਨ ਦੇ ਕਾਬਲ ਹੋ ਰਹੀ ਹੈ ਕਿਉਂਕਿ ਇਹ ਸਾਧਾਰਨ ਹਿਸਾਬ ਕਿਤਾਬ ਤੋਂ ਅੱਗੇ ਸੋਚ ਵਿਚਾਰ ਕਰਕੇ ਹੋਰ ਫੈਸਲੇ ਲੈਣ ਦੇ ਵੀ ਸਮਰੱਥ ਹੈ।

ਏ.ਆਈ. ਦੀ ਇਸ ਸਮਰੱਥਾ ਨੂੰ ਇੱਕ ਉਦਾਹਰਣ ਰਾਹੀਂ ਸਮਝਿਆ ਜਾ ਸਕਦਾ ਹੈ- ਮੰਨ ਲਵੋ ਕਿ ਤੁਸੀਂ ਨਵਾਂ ਮੋਬਾਈਲ ਫੋਨ ਲੈਣਾ ਹੈ ਤਾਂ ਤੁਸੀਂ ਆਪਣੀਆਂ ਲੋੜਾਂ, ਬੱਜਟ ਅਤੇ ਵਰਤੋਂ ਦੱਸ ਕੇ ਏ.ਆਈ. ਤੋਂ ਪੁੱਛ ਸਕਦੇ ਹੋ ਕਿ ਤੁਹਾਡੇ ਲਈ ਕਿਹੜਾ ਫੋਨ ਸੈਟ ਖਰੀਦਣਾ ਠੀਕ ਰਹੇਗਾ। ਫੋਨ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਆਪਣੇ ਹਰ ਮਾਡਲ ਦੇ ਸੈੱਟ ਦੀਆਂ ਖੂਬੀਆਂ ਤੇ ਕੀਮਤਾਂ ਇੰਟਰਨੈੱਟ ਉੱਤੇ ਪਾਈਆਂ ਹੁੰਦੀਆਂ ਹਨ। ਏ.ਆਈ. ਇੰਟਰਨੈੱਟ ਤੋਂ ਹਰ ਤਰ੍ਹਾਂ ਦੇ ਫੋਨ ਸੈੱਟਾਂ ਦਾ ਡਾਟਾ ਖੰਘਾਲ ਕੇ ਤੁਹਾਡੀ ਰੇਂਜ ਅਤੇ ਲੋੜਾਂ ਅਨੁਸਾਰ ਫੋਨ ਸੈੱਟ ਸਿਫਾਰਸ਼ ਕਰ ਦੇਵੇਗਾ। ਤੁਹਾਨੂੰ ਸਾਰੀਆਂ ਕੰਪਨੀਆਂ ਦੇ ਸ਼ੋਅ-ਰੂਮਾਂ ਉੱਤੇ ਜਾ ਕੇ ਹਰ ਫੋਨ ਸੈੱਟ ਬਾਰੇ ਪੁੱਛ-ਗਿੱਛ ਕਰਨ ਦੀ ਲੋੜ ਨਹੀਂ ਪਵੇਗੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਏ.ਆਈ. ਵੱਲੋਂ ਸਿਫਾਰਸ਼ ਕੀਤਾ ਫੋਨ ਸੈੱਟ ਸੱਚਮੁੱਚ ਹੀ ਤੁਹਾਡੇ ਲਈ ਵਧੀਆ ਹੋਵੇਗਾ। ਇਥੇ ਹੀ ਏ.ਆਈ. ਦੀ ਸੀਮਾ ਆ ਜਾਂਦੀ ਹੈ ਕਿ ਉਸਨੇ ਤਾਂ ਜੋ ਇੰਟਰਨੈੱਟ ਉੱਤੇ ਡਾਟਾ ਪਿਆ ਹੈ ਉਸੇ ਦੇ ਆਧਾਰ ਉੱਤੇ ਫੈਸਲਾ ਲੈਣਾ ਹੈ। ਕੰਪਨੀਆਂ ਨੈੱਟ ਉੱਤੇ ਆਪਣੇ ਫੋਨ ਬਾਰੇ ਗਲਤ ਜਾਣਕਾਰੀ ਪਾ ਸਕਦੀਆਂ ਹਨ, ਆਪਣੇ ਸੈੱਟ ਦੀ ਪ੍ਰਸੰਸਾ ਵਿੱਚ ਖਰੀਦਦਾਰਾਂ ਦੇ ਜਾਅਲੀ ਰਿਵਿਊ ਪਾ ਸਕਦੀਆਂ ਹਨ।

ਇਸ ਇਕ ਉਦਾਹਰਨ ਤੋਂ ਏ.ਆਈ. ਦੇ ਲਾਭਾਂ ਅਤੇ ਖਤਰਿਆਂ ਦੋਹਾਂ ਦਾ ਅਭਾਸ ਹੋ ਜਾਂਦਾ ਹੈ। ਜੇ ਮਸ਼ੀਨੀ ਬੁੱਧੀ ਨਾਲ ਚਲਣ ਵਾਲੇ ਕਿਸੇ ਵੀ ਰੋਬੋਟ ਜਾਂ ਕਿਸੇ ਮਸ਼ੀਨ ਵਿੱਚ ਗਲਤ ਡਾਟਾ ਭਰ ਦਿੱਤਾ ਜਾਂਦਾ ਹੈ ਤਾਂ ਉਸ ਨਾਲ ਵਰਤਣ ਵਾਲੇ ਦਾ ਜਾਂ ਸਮੂਹ ਭਾਈਚਾਰੇ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਜੇ ਡਾਟਾ ਸਹੀ ਹੈ ਤਾਂ ਮਸ਼ੀਨੀ ਬੁੱਧੀ ਦਾ ਫੈਸਲਾ ਵੀ ਸਹੀ ਹੋਵੇਗਾ ਕਿਉਂਕਿ ਉਹ ਵੱਡੇ ਡਾਟੇ ਦਾ ਵਿਸ਼ਲੇਸ਼ਣ ਕਰ ਸਕਦੀ ਹੈ ਅਤੇ ਉਸ ਦੇ ਫੈਸਲੇ ਵਿੱਚ ਭਾਵਨਾਵਾਂ ਦਾ ਕੋਈ ਦਖਲ ਨਹੀਂ ਹੋਵੇਗਾ। ਪਰ ਜਿੱਥੋਂ ਤੱਕ ਗਲਤ ਡਾਟੇ ਦਾ ਸਵਾਲ ਹੈ, ਇਹ ਗੱਲ ਤਾਂ ਮਨੁੱਖਾਂ ਨਾਲ ਵੀ ਵਾਪਰਦੀ ਹੈ ਕਿ ਜਦ ਮਨੁੱਖ ਗਲਤ ਮਾਹੌਲ ਵਿੱਚ ਪਲਦਾ ਹੈ, ਉਸ ਨੂੰ ਝੂਠੀਆਂ ਸੂਚਨਾਵਾਂ ਦਿੱਤੀਆਂ ਜਾਂਦੀਆਂ ਹਨ, ਉਸ ਦੇ ਮਨ ਵਿਚ ਕਿਸੇ ਵਿਅਕਤੀ, ਵਰਗ ਜਾਂ ਫਿਰਕੇ ਪ੍ਰਤੀ ਨਫਰਤ ਭਰੀ ਜਾਂਦੀ ਹੈ ਤਾਂ ਉਸਦੇ ਫੈਸਲੇ ਵੀ ਗਲਤ ਅਤੇ ਹਾਨੀਕਾਰਕ ਹੁੰਦੇ ਹਨ। ਸੋ ਗਲਤ ਜਾਣਕਾਰੀ ਤਾਂ ਭਾਂਵੇਂ ਮਨੁੱਖਾਂ ਵਿੱਚ ਭਰੀ ਜਾਵੇ ਅਤੇ ਚਾਹੇ ਕੰਪਿਊਟਰਾਂ ਵਿੱਚ ਉਸ ਨੇ ਨੁਕਸਾਨ ਕਰਨਾ ਹੀ ਹੈ ਪਰ ਏ.ਆਈ. ਨੇ ਉਨ੍ਹਾਂ ਮਸ਼ੀਨਾਂ ਨੂੰ ਕੰਟਰੋਲ ਕਰਨਾ ਹੈ ਜੋ ਮਨੁੱਖ ਨਾਲੋਂ ਕਿਤੇ ਵੱਧ ਤਾਕਤਵਰ ਹਨ ਜਿਸ ਕਰਕੇ ਏ.ਆਈ. ਵੱਲੋਂ ਗਲਤ ਫੈਸਲੇ ਲਏ ਜਾਣ ਨਾਲ ਹੋਣ ਵਾਲੀ ਤਬਾਹੀ ਦੇ ਖਤਰੇ ਵੱਡੇ ਹਨ।

ਇਕ ਹੋਰ ਖਤਰਾ ਜੋ ਅਕਸਰ ਪੇਸ਼ ਕੀਤਾ ਜਾਂਦਾ ਹੈ ਕਿ ਕੀ ਏ.ਆਈ. ਨਾਲ ਚੱਲਣ ਵਾਲੀਆਂ ਮਸ਼ੀਨਾਂ, ਖਾਸ ਕਰ ਰੋਬੋਟ ਵਗੈਰਾ, ਐਨੇ ਵਿਕਸਿਤ ਤਾਂ ਨਹੀਂ ਹੋ ਜਾਣਗੇ ਕਿ ਉਹ ਮਨੁੱਖ ਨੂੰ ਹੀ ਆਪਣੇ ਗੁਲਾਮ ਬਣਾ ਲੈਣ। ਇਸ ਬਾਰੇ ਵੈਸੇ ਤਾਂ ਮਾਹਿਰਾਂ ਦੀ ਰਾਏ ਅਲੱਗ ਅਲੱਗ ਹੈ ਪਰ ਅਜਿਹਾ ਵਾਪਰਨ ਦੀ ਸੰਭਾਵਨਾ ਘੱਟ ਹੀ ਜਾਪਦੀ ਹੈ ਕਿ ਉਹ ਮਨੁੱਖਾਂ ਦੇ ਹੁਕਮ ਮੰਨਣੇ ਛੱਡ ਕੇ ਉਹਨਾਂ ਨੂੰ ਆਪਣੇ ਗੁਲਾਮ ਬਣਾ ਲੈਣਗੇ। ਕਿਉਂਕਿ ਏ.ਆਈ. ਨੂੰ ਜੋ ਮੂਲ ਹਦਾਇਤਾਂ ਜਾਂ ਡਾਟਾ ਦੇਣਾ ਹੈ ਉਹ ਤਾਂ ਮਨੁੱਖ ਪਾਸੋਂ ਹੀ ਆਉਣਾ ਹੈ। ਅਸਲ ਮਸਲਾ ਮਨੁੱਖ ਦੀ ਸੋਚ ਨੂੰ ਸਹੀ ਰੱਖਣ ਦਾ ਹੈ। ਮਨੁੱਖਾਂ ਨੂੰ ਏ.ਆਈ. ਦੁਆਰਾ ਕੰਟਰੋਲ ਕੀਤੇ ਜਾਣ ਨਾਲੋਂ ਇਸ ਵਕਤ ਸਾਹਮਣੇ ਆ ਰਿਹਾ ਮੁੱਦਾ ਏ.ਆਈ. ਵੱਲੋਂ ਮਨੁੱਖਾਂ ਦੀ ਸੋਚ ਨੂੰ ਵੱਡੀ ਪੱਧਰ ਉੱਤੇ ਪ੍ਰਭਾਵਿਤ ਕਰਨ ਦਾ ਹੈ। ਤਕਨੀਕ ਉੱਤੇ ਕਾਬਜ ਤਾਕਤਾਂ ਵੱਲੋਂ ਹੁਣ ਵੀ ਸੋਸ਼ਲ ਮੀਡੀਆ ਰਾਹੀਂ

ਲੋਕਾਂ ਦੀ ਸੋਚ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਦੇ ਸੁਹਜ ਸੁਆਦਾਂ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਦੇ ਜੀਵਨ ਢੰਗ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਨੂੰ ਗਲਤ ਕੰਮਾਂ ਲਈ ਪ੍ਰੇਰਿਆ ਜਾ ਰਿਹਾ ਹੈ। ਏ.ਆਈ. ਦੀ ਵਰਤੋਂ ਨਾਲ ਇਹ ਵਰਤਾਰਾ ਹੋਰ ਵਧਣਾ ਹੈ ਕਿਉਂਕਿ ਇਸ ਨਾਲ ਜਾਅਲੀ ਫੋਟੋਆਂ, ਜਾਅਲੀ ਵੀਡੀਓ ਇਸ ਤਰ੍ਹਾਂ ਦੀਆਂ ਬਣਾਈਆਂ ਜਾ ਸਕਦੀਆਂ ਹਨ ਕਿ ਸੂਝਵਾਨ ਆਦਮੀ ਵੀ ਅਸਲ ਅਤੇ ਨਕਲ, ਗਲਤ ਅਤੇ ਠੀਕ ਵਿੱਚ ਫਰਕ ਕਰਨ ਤੋਂ ਅਸਮਰਥ ਹੋ ਜਾਂਦਾ ਹੈ। ਏ.ਆਈ. ਦਾ ਇੱਕ ਹੋਰ ਮਾੜਾ ਪ੍ਰਭਾਵ ਇਹ ਗਿਣਿਆ ਜਾਂਦਾ ਹੈ ਕਿ ਇਸ ਨਾਲ ਦਿਮਾਗੀ ਕੰਮ ਕਰਨ ਵਾਲਿਆਂ ਦੇ ਵੀ ਬਹੁਤ ਸਾਰੇ ਕਿੱਤੇ ਖਤਮ ਹੋ ਜਾਣਗੇ ਅਤੇ ਬੇਰੁਜ਼ਗਾਰੀ ਵਧ ਜਾਵੇਗੀ।

ਅਸਲ ਵਿੱਚ ਹਰ ਨਵੀਂ ਤਕਨੀਕ ਦੇ ਚੰਗੇ ਅਤੇ ਮਾੜੇ ਅਸਰ ਹੁੰਦੇ ਹਨ। ਜੇ ਵਿਗਿਆਨ ਦੀ ਇਸ ਨਵੀਂ ਤਕਨੀਕ ਨੂੰ ਮਨੁੱਖਤਾ ਦੇ ਭਲੇ ਲਈ ਵਰਤਿਆ ਜਾਵੇ ਤਾਂ ਇਹ ਸਮਾਜ ਦੇ ਬਹੁਤ ਸਾਰੇ ਮਸਲੇ ਹੱਲ ਕਰਨ ਦੇ ਸਮਰੱਥ ਹੈ। ਪਰ ਜੇ ਇਸ ਤਕਨੀਕ ਨੂੰ ਗਲਤ ਪਾਸੇ ਵਰਤਿਆ ਜਾਂਦਾ ਹੈ ਤਾਂ ਇਸ ਨਾਲ ਸਮਾਜ ਦੇ ਵੱਡੇ ਨੁਕਸਾਨ ਹੋ ਸਕਦੇ ਹਨ। ਵਿਗਿਆਨ ਦੀਆਂ ਹੋਰ ਖੋਜਾਂ ਅਤੇ ਕਾਢਾਂ ਵਾਂਗ ਇਸ ਤੋਂ ਵੀ ਡਰਨ ਦੀ ਬਜਾਏ ਲੋੜ ਇਸਦੀ ਦੁਰਵਰਤੋਂ ਦੀਆਂ ਸੰਭਾਵਨਾਵਾਂ ਨੂੰ ਖਤਮ ਕਰਕੇ, ਇਸ ਨੂੰ ਮਨੁੱਖਤਾ ਦੀ ਖੁਸ਼ਹਾਲੀ ਲਈ ਵਰਤਣ ਦੀ ਹੈ।

98767-10809

ਤਰਕਸ਼ੀਲ (ਮਾਸਿਕ) ਤੋਂ ਧੰਨਵਾਦ ਸਹਿਤ

## .ਗ਼ਜ਼ਲ



ਨੱਕਾਸ਼ ਚਿੱਤੇਵਾਣੀ

ਕੋਈ ਮੇਰੇ ਨੈਣਾਂ 'ਚੋਂ ਪੜ੍ਹ ਹੀ ਨਾ ਸਕਿਆ
ਮੇਰੇ ਬਲ਼ਦੇ ਚਾਅ ਤੇ ਮੇਰੀ ਬੇ-ਕਰਾਰੀ
ਮੈਂ ਕਿੱਥੇ ਉਦਾਸੀ ਦੀ ਲੋਅ ਸਾਂਭ ਰੱਖਾਂ
ਨਵੇਂ ਦਿਲ ਦੀ ਕਿੱਦਾਂ ਕਰਾਂ ਮੈਂ ਉਸਾਰੀ

ਮੈਂ ਹੰਝੂਆਂ ਨੂੰ ਡੱਕਾਂ ਜਾਂ ਹਉਕੇ ਸੰਭਾਲਾਂ
ਤੇ ਕਿਹੜੇ ਨਗਰ 'ਚੋਂ ਖ਼ੁਸ਼ੀ ਨੂੰ ਉਧ?ਹਾਲਾਂ
ਮੇਰੀ ਪੀੜ ਨਿੱਤ ਸੀਰਮੇ ਮੇਰੇ ਪੀਵੇ
ਤੇ ਖ਼ਾਬਾਂ ਦੀ ਕਰਦੀ ਰਹੀ ਰੂਹ ਸਵਾਰੀ

ਮੈਂ ਪੀੜਾਂ ਨਾਲ ਕਰਦਾ ਰਿਹਾ ਜਰਬ ਨਜ਼ਮਾਂ
ਤੇ ਸੁੰਞੀਆਂ ਹੰਢਾਈਆਂ ਨੇ ਸੱਭੇ ਹੀ ਬਜ਼ਮਾਂ
ਇਹ ਗ਼ਮ ਦੇ ਪੰਖੇਰੂ ਉਡਾਰੂ ਨਾ ਹੋਏ
ਮੇਰੇ ਨਾਲ ਮੋਹ ਏ ਬੜੀ ਗੂੜ੍ਹੀ ਯਾਰੀ

ਬੜੀ ਅੱਗ ਫ਼ੱਕੀ ਤੇ ਸੁਣੀਆਂ ਫ਼ਿਟਕਾਰਾਂ
ਮੇਰੇ ਨਾਲ ਰੁੱਸੀਆਂ ਨੇ ਮੁੱਢੋਂ ਬਹਾਰਾਂ
ਇਹ ਜੀਵਨ ਦੇ ਥਲ ਮੈਥੋਂ ਹੋਏ ਨਾ ਸਰ
ਬੜੀ ਕੀਤੀ ਕੋਸ਼ਿਸ਼ ਬੜੀ ਹਿੰਮਤ ਮਾਰੀ

ਮੇਰੇ ਨਾਲਦੇ ਸਭ ਬਹਾਰਾਂ ਦੇ ਜਾਏ
ਮੇਰੇ ਹਿੱਸੇ ਦੁਨੀਆ ਦੇ ਮਾਤਮ ਨੇ ਆਏ
ਮੈਂ ਕਿਸ ਨੂੰ ਪੁਕਾਰਾਂ ਮੈਂ ਕਿਸ ਨੂੰ ਸੁਣਾਵਾਂ
ਇਹ ਅੱਗ ਦੇ ਸਫ਼ਰ ਦੀ ਕਹਾਣੀ ਕੁੰਵਾਰੀ

ਸਬਰ ਦੇ ਮੁਲੰਮੇ ਮੇਰੇ ਨਾਲ ਜੰਮੇਂ
ਰਹੇ ਨਾਲ ਹਉਕੇ ਇਹ ਵਿਹਲੇ ਨਿਕੰਮੇ
ਇਹ ਪੀੜਾਂ ਦੇ ਪੰਧ ਹਾਲੇ ਕਿੰਨੇ ਕੁ ਲੰਮੇ
ਕਦੋਂ ਠੀਕ ਹੋਣੀ ਮੁਹੱਬਤ ਬੀਮਾਰੀ

ਇਹ ਸਾਵਣ 'ਚ ਨੈਣਾਂ ਦੇ ਰੋਵਣ ਦਾ ਵਕਫ਼ਾ
ਮੇਰੇ ਦਿਲ ਦੇ ਜ਼ਖ਼ਮਾਂ ਨੂੰ ਧੋਵਣ ਦਾ ਵਕਫ਼ਾ
ਤੇ ਹੰਝੂਆਂ ਦੀ ਗਾਨੀ ਪਿਰੋਵਣ ਦਾ ਵਕਫ਼ਾ
ਤੇ ਰੱਖਣੀ ਵੀ ਹੋਠਾਂ 'ਤੇ ਮੁਸਕਾਨ ਪਿਆਰੀ

ਇਹ ਮਿਲਣੀ 'ਤੇ ਮੁਸਕਾਉਣਾ, ਰੋਣਾ ਪਾਬੰਦੀ
ਇਹ ਪਲਕਾਂ 'ਤੇ ਹੰਝੂ ਲਿਆਉਣਾ, ਪਾਬੰਦੀ
ਇਹ ਰਾਤਾਂ ਨੂੰ ਨੀਂਦਰ ਦਾ ਆਉਣਾ, ਪਾਬੰਦੀ
ਤੇ ਕਹਿਣਾ ਕਿ ਖ਼ੁਸ਼ ਹਾਂ ਮੇਰੀ ਹੋਸ਼ਿਆਰੀ



# ‘ਗੁਲਾਬੀ ਤਿਕੋਣ’ ਕਹਾਣੀ ਸੰਗ੍ਰਹਿ ਵਿਚ ਪੇਸ਼ ਪ੍ਰਮੁੱਖ ਸਰੋਕਾਰ

**ਡਾ. ਅਮਨਦੀਪ ਹੀਰਾ**
**ਪ੍ਰਿੰਸੀਪਲ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ (ਹੁਸ਼ਿਆਰਪੁਰ)**

ਰਾਣੀ ਨਗਿੰਦਰ ਅਮਰੀਕੀ ਪਰਵਾਸੀ ਪੰਜਾਬੀ ਕਹਾਣੀ ਦੀ ਇੱਕ ਚਰਚਿਤ ਲੇਖਿਕਾ ਹੈ ਉਸਨੇ ‘ਧੁਖਦਾ ਸ਼ਹਿਰ’, ‘ਗਰਾਊਂਡ ਜ਼ੀਰੋ’ ਅਤੇ ‘ਗੁਲਾਬੀ ਤਿਕੋਣ’ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ ਹੈ ਇਸ ਖੋਜ ਪੱਤਰ ਵਿਚ ਉਸਦੇ ਕਹਾਣੀ ਸੰਗ੍ਰਹਿ ‘ਗੁਲਾਬੀ ਤਿਕੋਣ’ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ ਇਸ ਕਹਾਣੀ ਸੰਗ੍ਰਹਿ ਵਿਚ ਕੁੱਲ 18 ਕਹਾਣੀਆਂ ਸ਼ਾਮਲ ਹਨ੍ਹ ਉਸ ਦੀਆਂ ਇਹਨਾਂ ਕਹਾਣੀਆਂ ਵਿਚ ਪੇਸ਼ ਪ੍ਰਮੁੱਖ ਸਰੋਕਾਰਾਂ ਦੀ ਨਿਸ਼ਾਨਦਿਹੀ ਕੀਤੀ ਗਈ ਹੈ

ਰਾਣੀ ਨਗਿੰਦਰ ਦੀਆਂ ਕਹਾਣੀਆਂ ਵਿਚ ਘਰ, ਪਰਿਵਾਰ, ਔਰਤ, ਜਿਨਸੀ ਸੰਬੰਧਾਂ, ਭੂ-ਹੇਰਵਾ ਆਦਿ ਮਨੁੱਖੀ ਜ਼ਿੰਦਗੀ ਨਾਲ ਸੰਬੰਧਿਤ ਸਰੋਕਾਰ ਕੇਂਦਰੀ ਰੂਪ ਵਿਚ ਪੇਸ਼ ਹੋਏ ਹਨ੍ਹ ਕਹਾਣੀਕਾਰਾ ਪੂੰਜੀਵਾਦੀ ਦੌਰ ਵਿਚ ਬਦਲ ਰਹੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਮਨੁੱਖ ਨੂੰ ਕੇਂਦਰੀ ਧੁਰੇ ਵਿਚ ਰੱਖ ਕੇ ਉਸ ਨਾਲ ਸੰਬੰਧਤ ਸਰੋਕਾਰਾਂ ਦੀ ਪੇਸ਼ਕਾਰੀ ਕਰਦੀ ਹੈ

ਵਰਤਮਾਨ ਸਮੇਂ ਵਿਚ ਪਰੰਪਰਾਗਤ ਸੰਸਥਾਗਤ ਪ੍ਰਬੰਧ ਵਿਚ ਮਨੁੱਖ ਦਾ ਵਿਸ਼ਵਾਸ ਘੱਟਦਾ ਜਾ ਰਿਹਾ ਹੈ ਉਹ ਵਿਆਹ ਤੋਂ ਬਾਹਰੇ ਸੰਬੰਧਾਂ ਵਿਚ ਰਹਿਣ ਨੂੰ ਤਰਜੀਹ ਦੇ ਰਿਹਾ ਹੈ ਅਜਿਹੀ ਸੋਚ ਨੂੰ ਲੇਖਿਕਾ ਨੇ ‘ਨੰਦਿਨੀ’ ਕਹਾਣੀ ਦੇ ਅਮਰੀਕਾ ਵਿਚ ਰਹਿ ਰਹੇ ਪਾਤਰ ਵਿਕਰਮ ਤੇ ਪਰਸੰਨਾ ਦੀ ਸੈਕਸ ਨਾਲ ਹੀ ਖਬਤ ਰੱਖਣ ਦੀ ਰੁਚੀ ਰਾਹੀਂ ਪੇਸ਼ ਕੀਤਾ ਹੈ ਉਹ ਗ੍ਰਹਿਸਥ ਨੂੰ ਨਿਰਾ ਚਿੱਕੜ ਸਮਝਦੇ ਹਨ, ਪਰ ਕਹਾਣੀਕਾਰਾ ਅਜਿਹੀ ਸੋਚ ਨੂੰ ਸਿਰਫ਼ ਪੱਛਮੀ ਸਭਿਆਚਾਰ ਦਾ ਹੀ ਖ਼ਾਸਾ ਨਹੀਂ ਮੰਨਦੀ, ਸਗੋਂ ‘ਗਰਾਊਂਡ ਜ਼ੀਰੋ’ ਕਹਾਣੀ ਸੰਗ੍ਰਹਿ ਦੀ ਕਹਾਣੀ ‘ਰਤਿ ਕੰਠ’ ਦਾ ਪਾਤਰ ਸੁਖਦੇਵ ਭਾਰਤ ਵਿਚ ਰਹਿ ਕੇ ਵੀ ਵਿਆਹ ਦੇ ਸੰਸਥਾਗਤ ਪ੍ਰਬੰਧ ਤੋਂ ਇਨਕਾਰੀ ਹੁੰਦਾ ਹੈ ਕਹਾਣੀਕਾਰਾ ਨੇ ਆਪਣੀਆਂ ਕਹਾਣੀਆਂ ਵਿਚ ਇਹ ਵੀ ਕੇਂਦਰੀ ਸਰੋਕਾਰ ਪੇਸ਼ ਕੀਤਾ ਹੈ ਕਿ ਇਸ ਬਦਲ ਰਹੀਆਂ ਪ੍ਰਸਥਿਤੀਆਂ ਵਿਚ ਭਾਵੇਂ ਸਭ ਕੁਝ ਤੇਜ਼ੀ ਨਾਲ ਬਦਲ ਰਿਹਾ ਹੈ, ਪਰ ਜਿਹੜੇ ਸੰਸਥਾਗਤ ਪ੍ਰਬੰਧ ਮਨੁੱਖ ਦੀ ਬਿਹਤਰੀ ਲਈ ਸਿਰਜੇ ਗਏ ਹਨ, ਉਹਨਾਂ ਦਾ ਮਹੱਤਵ ਅੱਜ ਵੀ ਖ਼ਤਮ ਨਹੀਂ ਹੋਇਆ ਹੈ ‘ਨੰਦਿਨੀ’ ਕਹਾਣੀ ਦੇ ਅਮਰੀਕਾ ਵਿਚ ਰਹਿ ਰਹੇ ਪਾਤਰ ਇਕਬਾਲ ਦੀ ਸੋਚ ਭਾਵੇਂ ਪਹਿਲਾ ਵਿਅਕਤੀਗਤ ਸੁਤੰਤਰਤਾ ‘ਤੇ ਕੇਂਦਰਿਤ ਹੁੰਦੀ ਹੈ ਪਰ ਜਲਦੀ ਹੀ ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਇਹ ਜੀਵਨ ਸ਼ੈਲੀ ਘਰ ਤੇ ਪਰਿਵਾਰ ਵਰਗਾ ਸੁਖਦ ਅਹਿਸਾਸ ਨਹੀਂ ਦੇ ਸਕਦੀ੍ਹ ਇਸ ਲਈ ਉਹ ਵਿਆਹ ਬੰਧਨ ਵਿਚ ਬੱਝਣ ਲਈ ਰਾਜ਼ੀ ਹੋ ਜਾਂਦਾ ਹੈ ਕਹਾਣੀਕਾਰਾ ਨੇ ਸਿਰਲੇਖ ‘ਨੰਦਿਨੀ’ ਡੂੰਘੇ ਅਰਥਾਂ ਵਜੋਂ ਪੇਸ਼ ਕੀਤਾ ਹੈ ‘ਪਗਡੰਡੀ’ ਕਹਾਣੀ ਦੇ ਸਿਰਲੇਖ ਰਾਹੀਂ ਕਹਾਣੀਕਾਰਾ ਨੇ ਭਾਰਤੀ ਪਹਾੜੀ ਜੀਵਨ ਸ਼ੈਲੀ ਵਿਚ ਜਨਮੇ ਤੇ ਜਵਾਨ ਹੋਏ ਇਸ ਕਹਾਣੀ ਦੇ ਅਮਰੀਕਾ ਵਿਚ ਰਹਿ ਰਹੇ ਪਾਤਰ ਗੌਤਮ ਦੇ ਪਹਾੜੀ ਜੀਵਨ ਸ਼ੈਲੀ ਦੇ ਰਸਤੇ ‘ਤੇ ਚੱਲਣ ਦਾ ਪ੍ਰਤੀਕਾਤਮਕ ਰੂਪ ਵਿਚ ਸੁਨੇਹਾ ਦਿੱਤਾ ਹੈ

‘ਤਿੰਨ ਪਹਾੜ’ ਕਹਾਣੀ ਵਿਚ ਲੇਖਿਕਾ ਨੇ ਇਹ ਸਰੋਕਾਰ ਪੇਸ਼ ਕੀਤਾ ਹੈ ਕਿ ਪਦਾਰਥਵਾਦੀ ਯੁਗ ਵਿਚ ਦੂਜਿਆਂ ਦੀਆਂ ਵਸਤਾਂ ‘ਤੇ ਕਬਜ਼ਾ ਕਰਨਾ ਤਾਂ ਸੌਖਾ ਹੈ ਪਰ ਆਪਣੇ ਹਿੱਸੇ ਦਾ ਪੂਰੀ ਤਰ੍ਹਾਂ ਫੈਲ ਕੇ ਡੂੰਘਾਈ ‘ਚ ਖੁਭ ਕੇ ਜਿਊਣਾ ਕਿਸੇ ਲਈ ਵੀ ਆਸਾਨ ਨਹੀਂ ਹੈ ਇਸ ਕਹਾਣੀ ਵਿਚ ਔਰਤ ਦੀ ਸਭਿਅਤਾ ਦੀ ਵਲਗਣਾਂ ਵਿਚੋਂ ਆਜ਼ਾਦੀ ਦਾ ਸਰੋਕਾਰ ਵੀ ਪੇਸ਼ ਕੀਤਾ ਗਿਆ ਹੈ ‘ਹਨੀਮੂਨ’ ਕਹਾਣੀ ਨਵ ਵਿਆਹੀ ਔਰਤ ਦੇ ਸੁਪਨਿਆਂ ਤੇ ਚੇਸ਼ਟਾਵਾਂ ਦੇ ਕੇਂਦਰੀ ਧੁਰੇ ਦੁਆਲੇ ਘੁੰਮਦੀ ਹੈ

‘ਪੁੱਲ’ ਕਹਾਣੀ ਵੀ ਪਰਿਵਾਰਕ ਸਰੋਕਾਰਾਂ ਨਾਲ ਸੰਬੰਧ ਰੱਖਣ

ਵਾਲੀ ਕਹਾਣੀ ਹੈ ਵਿਦੇਸ਼ੀ ਧਰਤੀ 'ਤੇ ਪਾਲ ਨਾਮਕ ਵਿਅਕਤੀ ਮੈਰਲਿਨ ਨਾਲ ਪਿਆਰ ਵਿਆਹ ਦੇ ਬੰਧਨ ਵਿਚ ਬੱਝਦਾ ਹੈ ਬੱਚੀ ਮਿਸ਼ੈਲ ਦੇ ਜਨਮ ਤੋਂ ਬਾਅਦ ਪਤੀ-ਪਤਨੀ ਆਪਣੇ ਆਪਣੇ ਉਦੇਸ਼, ਅਨੁਭੂਤੀਆਂ ਤੇ ਆਪਣੇ ਆਪਣੇ ਚੇਤਨਾ ਸਤਰ ਕਰਕੇ ਇੱਕ ਦੂਜੇ ਤੋਂ ਅੱਲਗ ਹੋ ਜਾਂਦੇ ਹਨ੍ਹ ਪਰ ਜਦੋਂ ਉਨ੍ਹਾਂ ਦੀ ਇਹ ਕਾਲਪਨਿਕ ਜ਼ਿੰਦਗੀ ਉਨ੍ਹਾਂ ਦੇ ਬਣਾਏ ਪੁਲ ਭਾਵ ਬੱਚੀ ਮਿਸ਼ੈਲ ਨੂੰ ਥਪੇੜੇ ਮਾਰਦੀ ਹੈ ਤਾਂ ਉਹ ਫਿਰ ਇੱਕਠੇ ਹੋ ਜਾਂਦੇ ਹਨ੍ਹ ਉਨ੍ਹਾਂ ਦੇ ਪਰਿਵਾਰ ਵਿਚ ਬੱਚੀ 'ਪੁਲ' ਸਾਬਤ ਹੁੰਦੀ ਹੈ 'ਗੰਢ-ਤਰੁੱਪ' ਕਹਾਣੀ ਪਰਿਵਾਰਕ ਰਿਸ਼ਤਿਆਂ ਦੇ ਤਿੜਕਣ ਦੇ ਬਿਰਤਾਂਤ ਦੁਆਲੇ ਸਿਰਜੀ ਗਈ ਕਹਾਣੀ ਹੈ ਜਾਵੇਦ ਤੇ ਮਾਲਾ ਅੰਤਰ ਧਰਮੀ ਵਿਆਹ ਕਰਵਾਉਂਦੇ ਹਨ੍ਹ ਘਰੇਲੂ ਪ੍ਰਸਥਿਤੀਆਂ ਕਾਰਨ ਦੋਵੇਂ ਅਲੱਗ ਹੋ ਜਾਂਦੇ ਹਨ ਤੇ ਅਮਰੀਕਾ ਚਲੇ ਜਾਂਦੇ ਹਨ੍ਹ ਦੋਵੇਂ ਪਤੀ-ਪਤਨੀ ਚਾਹ ਕੇ ਵੀ ਇੱਕਠੇ ਨਹੀਂ ਹੁੰਦੇ੍ਹ ਜਦੋਂ ਬੱਚੇ ਜਵਾਨ ਹੁੰਦੇ ਹਨ ਤਾਂ ਉਹ ਆਪਣੇ ਵਿਆਹ ਤੋਂ ਬਾਅਦ ਆਪਣੇ ਮਾਤਾ-ਪਿਤਾ ਦੇ ਅੱਲਗ-ਅੱਲਗ ਰਹਿਣ ਨੂੰ ਇਕ ਸੰਕਟ ਵੱਜੋਂ ਦੇਖਦੇ ਹੋਏ, ਦੋਵਾਂ ਨੂੰ ਰਿਸ਼ਤੇ ਦੀ 'ਗੰਢ-ਤਰੁੱਪ' ਲਈ ਆਖਦੇ ਹਨ੍ਹ ਪਤਨੀ ਲਈ ਇਥੇ ਮਸਲਾ ਸਵੈ ਦੀ ਹੋਂਦ ਦਾ ਆ ਜਾਂਦਾ ਹੈ ਪਰ ਕਹਾਣੀਕਾਰਾ ਨੇ ਗੰਢ-ਤਰੁੱਪ ਦੀ ਸੰਭਾਵਨਾ ਪ੍ਰਤੀ ਆਸਥਾ ਰੱਖਣ ਦਾ ਕਹਾਣੀ ਰਾਹੀਂ ਕਲਾਤਮਕ ਸੰਦੇਸ਼ ਦਿੱਤਾ ਹੈ

ਵਰਤਮਾਨ ਦੌਰ ਵਿਚ ਮਨੁੱਖ ਦਾ ਵਿਆਹ ਵਰਗੀ ਸੰਸਥਾ ਵਿਚ ਤਾਂ ਵਿਸ਼ਵਾਸ ਘੱਟ ਹੀ ਰਿਹਾ ਸਗੋਂ ਔਰਤ-ਮਰਦ ਦੇ ਪਰੰਪਰਾਗਤ ਰਿਸ਼ਤੇ ਵਿਚ ਔਰਤ ਦੀ ਸਪੇਸ ਮਰਦ ਲੈ ਰਿਹਾ ਹੈ ਤੇ ਮਰਦ ਦੀ ਸਪੇਸ ਔਰਤ ਲੈ ਰਹੀ ਹੈ ਅਜਿਹੇ ਸਮਲਿੰਗੀ ਵਰਤਾਰੇ ਨੂੰ ਰਾਣੀ ਨਗਿੰਦਰ ਨੇ ਆਪਣੀਆਂ ਕਹਾਣੀਆਂ 'ਸਨੋਬਰ ਦੇ ਸਾਏ' ਅਤੇ 'ਗੁਲਾਬੀ ਤਿਕੋਣ' ਵਿਚ ਪੇਸ਼ ਕੀਤਾ ਹੈ

'ਸਨੋਬਰ ਦੇ ਸਾਏ' ਕਹਾਣੀ ਵਿਚ ਕਹਾਣੀਕਾਰਾ ਨੇ ਨਿਊਯਾਰਕ ਦੇ 'ਮੈਡੋਨਾ' ਦਾ ਅੰਦਰੂਨੀ ਦ੍ਰਿਸ਼ ਪੇਸ਼ ਕੀਤਾ ਹੈ, ਜਿਥੇ ਖੁਲ੍ਹੇਆਮ ਔਰਤਾਂ ਹੀ ਔਰਤਾਂ ਦੀ ਜਿਸਮਾਨੀ ਅੱਗ ਸ਼ਾਂਤ ਕਰਦੀਆਂ ਹਨ ਤੇ ਪਾਰਟਨਰ ਦਾ ਰੋਲ ਨਿਭਾਉਂਦੀਆਂ ਹਨ੍ਹ ਕਹਾਣੀਕਾਰਾ ਨੇ ਇਨ੍ਹਾਂ ਔਰਤਾਂ ਦੁਆਰਾ ਸਮਲਿੰਗੀ ਸੰਬੰਧ ਸਥਾਪਿਤ ਕਰਨ ਪਿਛੇ ਕਾਰਨਾਂ ਦੀ ਪੜਚੋਲ ਕਰਦੇ ਹੋਏ 'ਨੂਮਾਂ' ਪਾਤਰ ਦੀ ਸੋਚ ਦੇ ਗਲਪੀ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ:

"- ਕਿ ਇਹ ਜ਼ਰੂਰ ਟੁੱਟਦੇ ਘਰ, ਉਮਰ ਦੀਆਂ ਸਖ਼ਤੀਆਂ, ਪਰੇਸ਼ਾਨ ਪਰਿਸਥਿਤੀਆਂ, ਫ਼ਰੇਬ, ਢੌਂਗ, ਨਸ਼ੇ, ਬਨਾਵਟ ਤੋਂ ਬਚਣ ਦਾ ਜਾਂ ਗੁਲਾਮੀ ਦਾ ਬੌਂਡ ਲਿਖਣ ਤੋਂ ਪਹਿਲੇ ਦਾ ਪ੍ਰੀਣਾਮ ਹੋਵੇਗਾ ਜਾਂ ਫਿਰ ਨਵਯੁਗ ਦੀ ਨਵੋਦਿਤ ਮਹਾਂਨਗਰੀ 'ਚ ਬਦਲਦੇ ਵਿਚਾਰਾਂ ਦੀ ਤਰ੍ਹਾਂ ਲੋਕ ਵੀ ਆਪਣੀਆਂ ਅਭਿਰੁਚੀਆਂ, ਆਪਣੇ ਸ਼ੌਂਕ ਤੇ ਵਿਚਾਰ ਬਦਲ ਲੈਂਦੇ ਹੋਣਗੇ।"1

ਕਹਾਣੀਕਾਰਾ ਖੁਦ ਇਨ੍ਹਾਂ ਸਮਲਿੰਗੀ ਸੰਬੰਧਾਂ ਨੂੰ ਪਰਿਵਰਤਨ ਵਜੋਂ ਦੇਖਦੀ ਹੈ:

"ਸ਼ਾਇਦ ਕੋਈ ਆਦਰਸ਼ ਜੜ੍ਹ ਨਹੀਂ ਹੁੰਦਾ। ਘੜੀ ਦੀਆਂ ਸੂਈਆਂ ਵਾਂਗ ਸਭ ਪਰਿਵਰਤਨਸ਼ੀਲ ਹੈ। ਮਾਨਵੀ ਭਾਵਨਾ, ਵਿਚਾਰ, ਮੌਸਮ, ਜੀਵਨ। ਹੱਥਲੀ ਕਿਤਾਬ ਦੀ ਤਰ੍ਹਾਂ ਜੀਵਨ ਦੀ ਕਿਤਾਬ ਵੀ ਸਮੇਂ ਅਨੁਸਾਰ ਬਦਲਦੀ ਹੈ। ਹਵਾ, ਪੌਣ, ਸਮਾਂ, ਪਾਣੀ ਆਪਣਾ-ਆਪਣਾ ਵਹਿਣ ਬਦਲਦੇ ਹਨ ਤੇ ਫਿਰ ਚਲਦੇ ਪਾਣੀਆਂ ਨੂੰ ਦੁਨੀਆਂ 'ਚ ਕੌਣ ਰੋਕ ਸਕਦਾ ਹੈ? ਕੌਣ ਬੰਨ੍ਹ ਸਕਿਆ ਹੈ?"2

'ਗੁਲਾਬੀ ਤਿਕੋਣ' ਕਹਾਣੀ ਦੋ ਮਰਦਾਂ ਦੇ ਜਿਨਸੀ ਸੰਬੰਧਾਂ ਦੇ ਆਧਾਰ 'ਤੇ ਸਿਰਜੀ ਗਈ ਹੈ। ਇਸ ਕਹਾਣੀ ਦੇ ਸਿਰਲੇਖ ਦੇ ਆਧਾਰ 'ਤੇ ਹੀ ਇਸ ਕਹਾਣੀ ਸੰਗ੍ਰਹਿ ਦਾ ਨਾਮ ਰੱਖਿਆ ਹੈ। ਕਹਾਣੀਕਾਰਾ ਨੇ ਕਹਾਣੀ ਸੰਗ੍ਰਹਿ ਦੇ ਸ਼ੁਰੂ ਵਿਚ ਹੀ 'ਗੁਲਾਬੀ ਤਿਕੋਣ' ਸਿਰਲੇਖ ਹੇਠ ਗੁਲਾਬੀ ਤਿਕੋਣ ਦੇ ਅਰਥਾਂ ਦੀ ਵਿਆਖਿਆ ਕੀਤੀ ਹੈ ਗੁਲਾਬੀ ਤਿਕੋਣ ਦੇ ਵਿਸ਼ੇਸ਼ ਅਰਥਾਂ ਦੀ ਵਿਆਖਿਆ ਤੋਂ ਪਹਿਲਾ ਕਹਾਣੀਕਾਰਾ ਨੇ ਦੱਸਿਆ ਹੈ ਕਿ 'ਤਿਕੋਣ' ਦੇ Symbol ਦੀ ਵਰਤੋਂ ਜਰਮਨ ਫੌਜ ਵੱਲੋਂ ਦੋ ਵੱਡੀਆਂ ਵਿਸ਼ਵ ਜੰਗਾਂ ਦੌਰਾਨ ਫੌਜੀ ਕਾਨੂੰਨ ਵਿਵਸਥਾ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਤੇ ਜੰਗੀ ਕੈਦੀਆਂ ਨੂੰ ਖ਼ਾਸ ਪਹਿਚਾਣ ਦੇਣ ਲਈ ਵੱਖ-ਵੱਖ ਰੰਗ ਦੀ ਟਾਕੀ ਉਪਯੋਗ 'ਚ ਲਿਆਂਦੀ ਜਾਂਦੀ ਸੀ੍ਹ ਇਸ ਨੂੰ ਕੈਦੀਆਂ ਦੀ ਕਮੀਜ਼, ਜੈਕਟ ਜਾਂ ਪੈਂਟ ਨਾਲ ਨੱਥੀ ਕੀਤਾ ਜਾਂਦਾ ਸੀ ਤੇ ਇਸ ਤੋਂ ਕੈਦੀਆਂ ਦੀ ਜ਼ਿੰਦਗੀ ਤੇ

ਉਨ੍ਹਾਂ ਨਾਲ ਫ਼ੌਜ ਵੱਲੋਂ ਕੀਤਾ ਜਾਂਦਾ ਵਰਤਾਰਾ ਡੀਕੋਡ ਹੁੰਦਾ ਸੀ। 'ਗੁਲਾਬੀ ਤਿਕੋਣ' ਦੇ ਵਿਸ਼ੇਸ਼ ਅਰਥਾਂ ਬਾਰੇ ਲੇਖਿਕਾ ਦੱਸਦੀ ਹੈ ਕਿ ਇਹ ਸਮਲਿੰਗਕ ਯਾਨਿ ਗੇਅ (Gay) ਮਰਦ ਕੈਦੀਆਂ ਲਈ ਸੀ ਤੇ ਅਖੀਰ ਵਿਚ ਇਹ ਸਮਲਿੰਗ ਮਰਦਾਂ ਲਈ ਸ਼ਰਮ ਦਾ ਚਿੰਨ੍ਹ ਬਣ ਗਿਆ। ਪਰ ਵਰਤਮਾਨ ਵਿਚ ਬਦਲੀ ਸੋਚ ਨੇ ਗੁਲਾਬੀ ਤਿਕੋਣ ਨੂੰ ਹੋਮੋ ਸੈਕਸੁਐਲਿਟੀ ਦੇ ਆਤਮ ਸਨਮਾਨ ਤੇ ਫਖ਼ਰ ਦਾ ਚਿੰਨ੍ਹ ਬਣਾ ਦਿੱਤਾ ਹੈ। ਅੱਜ ਗੁਲਾਬੀ ਤਿਕੋਣ ਹੋਮੋਜ਼ ਦੇ ਅਧਿਕਾਰਾਂ ਤੇ ਅੰਦੋਲਨ ਦਾ ਪ੍ਰਤੀਕ ਬਣ ਗਿਆ ਹੈ।ਇਸ ਕਹਾਣੀ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਡਾ. ਹਰਚੰਦ ਸਿੰਘ ਬੇਦੀ ਲਿਖਦੇ ਹਨ;

"ਹਮ ਜਿਨਸੀ ਸੰਬੰਧਾਂ ਦੇ ਵਰਤਾਰੇ;ਦੋ ਲਿੰਗੀ-ਵਿਹਾਰ ਤੇ ਵਿਆਹ ਦੀ ਸੰਸਥਾ, ਹਮ ਜਿਨਸੀ ਵਿਹਾਰ ਦੀ ਸੰਸਥਾ, ਘਰ ਦਾ ਸਰੂਪ ਤੇ ਸੰਕਲਪ, ਮਾਨਵੀ ਆਜ਼ਾਦੀ ਤੇ ਮਰਿਆਦਾ,ਮਨੁੱਖ ਦੀ ਇੱਛਾ, ਮਨੁੱਖ ਦੇ ਇਸ ਪ੍ਰਚੱਲਤ ਸਮਾਨਯ ਵਿਹਾਰ ਵੱਲ ਪਿੱਠ ਕਰਨ ਦੀ ਪ੍ਰਕਿਰਿਆ ਪਿੱਛੇ ਕੰਮ ਕਰਦੀਆਂ ਕੁੰਠਾ ਕੇਂਦ੍ਰਿਤ ਪ੍ਰਸਥਿਤੀਆਂ, ਅਸਾਧਾਰਣ ਪਰਿਵਾਰਕ ਸੰਕਟ ਤੇ ਇਸਤਰੀ ਦੀ ਮਾਂ, ਭੈਣ ਤੇ ਪਤਨੀ ਵਜੋਂ ਅਸੁਭਾਵਿਕ ਤੇ ਸਵੈ-ਕੇਂਦ੍ਰਿਤ ਠੰਢੀ ਭੂਮਿਕਾ,ਔਰਤ ਨੂੰ ਮਰਦ ਦੀ ਜ਼ਿੰਦਗੀ ਤੋਂ ਸਥਾਈ ਤੌਰ 'ਤੇ ਨਿਸ਼ਕਾਸ਼ਿਤ ਕੀਤੇ ਜਾਣ ਦਾ ਸਬੱਬ ਬਣਦੀ ਹੈ ਤੇ ਇਹ ਮਨੋਗ੍ਰੰਥੀਆਂ ਖੁੱਲਣ ਦੀ ਥਾਂ, ਔਰਤ ਦੇ ਨਿਸ਼ੇਧ ਦਾ ਕਾਰਣ ਬਣਦੀਆਂ ਹਨ ਤੇ ਓੜਕ ਇੱਕਲ, ਬਿਮਾਰੀ ਤੇ ਮੌਤ ਜਹੇ ਵਰਤਾਰੇ ਇਸ ਨੂੰ ਤ੍ਰਾਸਦਿਕ ਅੰਤਕਾਲ ਨਾਲ ਜੋੜ ਦੇਂਦੇ ਹਨ।"3

'ਬਨਫਸ਼ਾ' ਕਹਾਣੀ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਸਰੋਕਾਰਾਂ ਨਾਲ ਸੰਬੰਧਿਤ ਕਹਾਣੀ ਹੈ।'ਫ਼ੈਸਲਾ' ਕਹਾਣੀ ਵਿਚ ਕਹਾਣੀਕਾਰਾ ਨੇ ਇਨਸਾਨੀ ਸਭਿਅਤਾ ਦੇ ਭਵਿੱਖ ਨੂੰ ਸੌਦਾਗਰੀ ਸਭਿਅਤਾ ਵਿਚ ਪਰਿਵਰਤਿਤ ਹੋਣ ਦੀ ਪ੍ਰਕਿਰਿਆ ਨੂੰ ਗਲਪੀ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ। 'ਫ਼ੈਸਲਾ' ਕਹਾਣੀ ਦੀ ਪਾਤਰ 'ਮੀਰਾ' ਦਿੱਲੀ ਵਰਗੇ ਮਹਾਂਨਗਰ ਵਿਚ ਰਹਿੰਦੀ ਆਪਣੀ ਰੂਮ ਮੇਟ ਦੇ ਚਲੇ ਜਾਣ 'ਤੇ ਅਮਰੀਕਾ ਤੋਂ ਆਏ ਮੋਟੋਰੋਲਾ ਆਊਟ ਸੋਰਸਿੰਗ ਸੈਂਟਰ ਦੇ ਮੈਨੇਜਿੰਗ ਡਾਇਰੈਕਟਰ ਕਨੂੰ ਚੌਹਾਨ ਨਾਲ ਪੂਰਾ ਕਿਰਾਇਆ ਉਸ ਵੱਲੋਂ ਦਿੱਤੇ ਜਾਣ ਦੀ ਪੇਸ਼ਕਸ਼ 'ਤੇ ਰੂਮ ਸ਼ੇਅਰ ਕਰਨ ਦਾ 'ਫ਼ੈਸਲਾ' ਲੈਂਦੀ ਹੈ। ਥੋੜ੍ਹੇ ਸਮੇਂ ਬਾਅਦ ਉਹ ਲਿਵਿੰਗ ਰਿਲੇਸ਼ਨ ਵਿਚ ਰਹਿਣਾ ਸ਼ੁਰੂ ਕਰ ਦਿੰਦੇ ਹਨ। ਕਨੂੰ ਦੀਆਂ ਨਜ਼ਰਾਂ ਵਿਚ ਉਹ 'ਫਿਫਟੀ ਫਿਫਟੀ ਲਾਈਫ਼ ਪਾਰਟਨਰਜ਼' ਹਨ। ਮੀਰਾ ਤੇ ਕਨੂੰ ਦੀ ਸੋਚ ਸੌਦਾਗਰੀ ਸੱਭਿਅਤਾ ਦਾ ਹੀ ਪ੍ਰਗਟਾਵਾ ਕਰਦੀ ਹੈ। ਕਨੂੰ ਕੋਲ ਜਦੋਂ ਕੋਈ ਨੌਕਰੀ ਨਹੀਂ ਰਹਿੰਦੀ ਤੇ ਐਚ ਵਨ ਵੀਜ਼ਾ ਵੀ ਨਹੀਂ ਰਹਿੰਦਾ ਤਾਂ ਉਹ ਸੌਦਾਗਰੀ ਸੋਚ ਤਹਿਤ ਮੀਰਾ ਨਾਲ ਵਿਆਹ ਕਰਨ ਦਾ ਫ਼ੈਸਲਾ ਲੈਂਦਾ ਹੈ। ਕਹਾਣੀਕਾਰਾ ਇਸ ਤਬਦੀਲੀ ਪ੍ਰਤੀ ਚੇਤਨ ਹੈ। ਉਹ ਲਿਖਦੀ ਹੈ:-

"ਸਾਨੂੰ ਜੋ ਦਿੱਤਾ ਜਾ ਰਿਹੈ, ਉਹ ਲੈਣਾ ਪੈ ਰਿਹੈ। ਇਸ ਨਾਲ ਬੰਦੇ ਦੀ ਹੋਂਦ ਨੂੰ ਖ਼ਤਰਾ ਪੈ ਗਿਐ। ਅੱਜ ਦੇ ਮਨੁੱਖ ਦਾ ਸੁੱਖ, ਸਕੂਨ, ਸੁਫ਼ਨੇ ਕੈਦ ਕੀਤੇ ਜਾ ਰਹੇ ਨੇ ਮੁਨਾਫ਼ੇ ਦੀਆਂ ਤਿਜੌਰੀਆਂ 'ਚ। ਔਰ ਇਨਸਾਨੀ ਸੱਭਿਅਤਾ ਦਾ ਭਵਿੱਖ ਬਦਲਦਾ ਜਾ ਰਿਹੈ, ਸੌਦਾਗਰੀ ਸਭਿਅਤਾ 'ਚ। ਔਰ ਐਸੇ ਨਾਜ਼ੁਕ ਵੇਲੇ, ਸਿਰਫ਼ ਬਾਜ਼ਾਰ ਦੀਆਂ ਕਦਰਾਂ-ਕੀਮਤਾਂ ਹੀ ਨਹੀਂ ਬਦਲ ਰਹੀਆਂ ਸਗੋਂ ਰਿਸ਼ਤਿਆਂ ਦੇ ਮਿਆਰ ਤੇ ਮੁੱਲ ਵੀ ਬਦਲਦੇ ਜਾ ਰਹੇ ਨੇ।"4

ਰਾਣੀ ਨਗਿੰਦਰ ਨੇ ਬਾਕੀ ਪਰਵਾਸੀ ਪੰਜਾਬੀ ਲੇਖਕਾਂ ਵਾਂਗ ਰੂ ਹੇਰਵੇ ਨੂੰ ਵੀ ਆਪਣੀਆਂ ਕਹਾਣੀਆਂ ਵਿਚ ਪੇਸ਼ ਹੈ। ਪਰ ਕਹਾਣੀਕਾਰਾ ਪੰਜਾਬ ਵਿਚ ਵਾਪਰ ਰਹੀਆਂ ਸਮਾਜਿਕ-ਆਰਥਿਕ ਪ੍ਰਸਥਿਤੀਆਂ ਤੇ ਬਦਲ ਰਹੇ ਨੈਤਿਕ ਮੁੱਲ ਵਿਧਾਨ ਪ੍ਰਤੀ ਸੁਚੇਤ ਹੈ। ਲੇਖਿਕਾ ਚੇਤਨ ਹੈ ਕਿ ਪੂੰਜੀਵਾਦ ਸਿਰਫ਼ ਪੱਛਮ ਵਿਚ ਹੀ ਪੈਰ ਨਹੀਂ ਪਾਸਾਰ ਰਿਹਾ ਸਗੋਂ ਏਸ਼ੀਆ ਦੇ ਦੇਸ਼ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕੇ। 'ਟਾਪੂ', 'ਕਿਸ ਪਹਿ ਖੋਲਉ ਗੱਠੜੀ' ਤੇ 'ਗੁੱਲੂ ਬਾਦਸ਼ਾਹ' ਉਸ ਦੀਆਂ ਪਰਵਾਸੀ ਸਰੋਕਾਰਾਂ ਨਾਲ ਸੰਬੰਧਤ ਕਹਾਣੀਆਂ ਹਨ। 'ਟਾਪੂ' ਕਹਾਣੀ ਦੀ ਪਾਤਰ ਅੰਮਿਤਾ ਦਸ ਸਾਲ ਅਮਰੀਕਾ ਰਹਿ ਕੇ ਵੀ ਅਚੇਤ ਤੌਰ 'ਤੇ ਆਪਣੀ ਜੰਮਣ ਭੋਇ ਨਾਲ ਜੁੜੀ ਰਹਿੰਦੀ ਹੈ। ਉਸ ਨੂੰ ਅਮਰੀਕਾ ਦੀ ਜ਼ਿੰਦਗੀ ਦੀ ਦੌੜ ਭੱਜ, ਵਕਤ ਦੀ ਘਾਟ, ਬਜ਼ੁਰਗਾਂ ਦਾ ਇੱਕਲਾਪਨ, ਖਾਨਦਾਨਾਂ ਦੇ ਟੁੱਟਣ, ਮਾਵਾਂ ਵਿਚ ਮਮਤਾ ਦੀ

ਘਾਟ ਦੀ ਤੁਲਨਾ ਵਿਚ ਆਪਣੇ ਦੇਸ ਪੰਜਾਬ ਦੀਆਂ ਕਦਰਾਂ-ਕੀਮਤਾਂ, ਬਜ਼ੁਰਗਾਂ ਦਾ ਸਤਿਕਾਰ ਤੇ ਆਪਣਾਪਨ ਕਿਤੇ ਖਿੱਚ ਪਾਉਂਦਾ ਹੈ। ਪਰ ਕਹਾਣੀਕਾਰਾ ਇਸ ਵਰਤਾਰੇ ਤੋਂ ਸੁਚੇਤ ਹੈ ਕਿ ਪੰਜਾਬ ਵੀ ਹੁਣ ਉਹੋ ਜਿਹਾ ਨਹੀਂ ਰਿਹਾ। ਇਸ ਕੌੜੇ ਸੱਚ ਨੂੰ ਲੇਖਿਕਾ ਨੇ ਅੰਮਿਤਾ ਦੇ ਪਿਤਾ ਦੀ ਦੇਸੋ ਆਈ ਚਿੱਠੀ ਦੀ ਜੁਗਤ ਰਾਹੀਂ ਉਜਾਗਰ ਕੀਤਾ ਹੈ੍ਰ ਵਰਤਮਾਨ ਵਿਚ ਆਲਮ ਇਹ ਹੈ ਕੀ ਦੇਸ ਤੇ ਪ੍ਰਦੇਸ ਦੋਵਾਂ ਵਿਚ ਹੀ ਮਨੁੱਖ 'ਬੇਗਾਨਗੀ' ਦਾ ਅਹਿਸਾਸ ਹੰਢਾਅ ਰਿਹਾ ਹੈ ਤੇ ਹਰ ਮਨੁੱਖ ਆਪਣੇ ਆਪ ਵਿਚ ਹੀ ਸਿਮਟ ਕੇ ਰਹਿ ਗਿਆ ਹੈ। 'ਟਾਪੂ' ਕਹਾਣੀ ਵਿਚ ਔਰਤ ਦੀਆਂ ਅਤ੍ਰਿਪਤ ਸਰੀਰਕ ਅਕਾਂਖਿਆਵਾਂ ਨਾਲ ਸੰਬੰਧਤ ਸਰੋਕਾਰ ਵੀ ਪੇਸ਼ ਕੀਤਾ ਹੈ, ਜਿਸ ਕਾਰਨ ਉਸ ਨੂੰ ਰੂਹ ਦੇ ਖਾਲੀਪਨ ਦਾ ਅਹਿਸਾਸ ਹੁੰਦਾ ਹੈ।

'ਕਿਸ ਪਹਿ ਖੋਲਉ ਗੱਠੜੀ' ਕਹਾਣੀ ਵਿਚ ਪਰਵਾਸ ਧਾਰਨ ਕਰਕੇ ਵੀ ਮਨੁੱਖ ਦੀ ਭਟਕਣਾ ਨਾ ਖ਼ਤਮ ਹੋਣ ਦੇ ਸਰੋਕਾਰ ਨੂੰ ਪੇਸ਼ ਕੀਤਾ ਗਿਆ ਹੈ੍ਰ ਮਨੁੱਖ ਚੰਗੀ ਜ਼ਿੰਦਗੀ ਜਿਊਣ ਦੇ ਸੁਪਨੇ ਲੈ ਕੇ ਤੇ ਖਤਰੇ ਸਹੇੜ ਕੇ ਗੈਰ ਕਾਨੂੰਨੀ ਢੰਗ ਨਾਲ ਭਾਵੇਂ ਇਸ ਕਹਾਣੀ ਦੇ ਪਾਤਰ ਡੀਡੋਸ ਵਾਂਗ ਆਪਣੇ ਸੁਪਨਿਆਂ ਦੀ ਧਰਤੀ 'ਤੇ ਤਾਂ ਪਹੁੰਚ ਜਾਂਦਾ ਹੈ ਪਰ ਉਥੇ ਵੀ ਭਟਕਣਾ ਉਸ ਦਾ ਪਿੱਛਾ ਨਹੀਂ ਛੱਡਦੀ ਤੇ ਵਤਨ ਦੀ ਖਿੱਚ ਬੇਚੈਨ ਕਰੀ ਰਖਦੀ ਹੈ੍ਰ 'ਗੁੱਲੂ ਬਾਦਸ਼ਾਹ' ਕਹਾਣੀ ਵਿਚ ਕਹਾਣੀਕਾਰਾ ਨੇ ਵਿਦੇਸ਼ੀ ਸਿਸਟਮ ਤੇ ਕਲਚਰ ਦੀ ਤਾਰੀਫ਼ ਵੀ ਕੀਤੀ ਹੈ ਕਿ ਇਥੇ ਕੋਈ ਕਿਸੇ ਦਾ ਗੁਲਾਮ ਨਹੀਂ ਹੈ੍ਰ ਪਰਵਾਸੀ ਸੰਵੇਦਨਾ ਦੇ ਸੰਦਰਭ ਵਿਚ ਖਾਲਿਦ ਸੁਹੇਲ ਦੀ ਲੇਖਿਕਾ ਬਾਰੇ ਟਿੱਪਣੀ ਇਥੇ ਵਰਨਣਯੋਗ ਹੈ, "ਰਾਣੀ ਨਗੇਂਦਰ ਦੀ ਦੂਜੀ ਵਿਸ਼ੇਸ਼ਤਾ ਜਿਹੜੀ ਏਸ਼ੀਆ ਦੇ ਬਾਕੀ ਲੇਖਕਾਂ ਤੋਂ ਇਹਨਾਂ ਨੂੰ ਨਿਵੇਕਲਾ ਕਰਦੀ ਹੈ ਉਹ ਇਹਨਾਂ ਦਾ ਪ੍ਰਵਾਸੀਆਂ ਦੇ ਮਸਲਿਆਂ ਨੂੰ ਘੋਖਣ ਦਾ ਇਕ ਵਿਸ਼ਿਸ਼ਟ ਦ੍ਰਿਸ਼ਟੀਕੋਣ ਹੈ੍ਰ"5

'ਕੈਦ-ਦਰ-ਕੈਦ' ਤੇ 'ਰਿਹਾਈ' ਕਹਾਣੀਆਂ ਵਿਚ ਔਰਤ ਦੇ ਹੋ ਰਹੇ ਜਿਨਸੀ ਸੋਸ਼ਣ ਕਾਰਨ ਉਸ ਅੰਦਰ ਪ੍ਰਬਲ ਹੋ ਰਹੀ ਬਦਲੇ ਦੀ ਭਾਵਨਾ ਨਾਲ ਸੰਬੰਧਤ ਸਰੋਕਾਰ ਪੇਸ਼ ਕੀਤੇ ਹਨ। 'ਕੈਦ-ਦਰ-ਕੈਦ' ਕਹਾਣੀ ਦੀ ਮੁੱਖ ਪਾਤਰ ਲਾਰਾ ਕਲਿੰਟਨ ਆਪਣੇ ਮਤਰੇਏ ਪਿਤਾ ਦੁਆਰਾ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਛੋਟੀ ਉਮਰ ਵਿਚ ਹੀ ਹੋਣਾ ਸ਼ੁਰੂ ਹੋ ਜਾਂਦੀ ਹੈ ਤੇ 12 ਸਾਲ ਦੀ ਉਮਰ ਵਿਚ ਆਪਣੇ ਪਿਤਾ ਦੀ ਬੱਚੀ ਨੂੰ ਜਨਮ ਦਿੰਦੀ ਹੈ। ਉਸ ਦੀ ਮਾਂ ਇਕ ਮੂਕ ਦਰਸ਼ਕ ਦੀ ਤਰ੍ਹਾਂ ਹੀ ਭੂਮਿਕਾ ਨਿਭਾਉਂਦੀ ਹੈ। ਉਹ ਆਪਣੇ ਮਤਰੇਏ ਪਿਤਾ ਦੇ ਰਸੂਖ ਤੇ ਪੈਸੇ ਦੇ ਸਿਰ 'ਤੇ ਪੁਲਿਸ ਅਫ਼ਸਰ ਬਣਦੀ ਹੈ। ਉਹ ਆਪਣੇ ਅੰਦਰ ਸੁਲਗ ਰਹੀ ਬਦਲੇ ਭਾਵਨਾ ਨੂੰ ਸ਼ਾਂਤ ਕਰਨ ਲਈ ਆਪਣੇ ਬੁਆਏ ਫਰੈਂਡ ਦਾ ਇਸਤੇਮਾਲ ਕਰਦੀ ਹੋਈ, ਕਿਸੇ ਤੀਜੀ ਪਾਰਟੀ ਤੋਂ ਆਪਣੇ ਮਾਤਾ-ਪਿਤਾ ਦਾ ਕਤਲ ਕਰਵਾ ਦਿੰਦੀ ਹੈ। ਘਰ ਦੀ ਤਲਾਸ਼ੀ ਦੌਰਾਨ ਪੁਲਿਸ ਹੱਥ ਲੱਗੇ ਸਬੂਤਾਂ ਦੇ ਆਧਾਰ 'ਤੇ ਉਸ ਨੂੰ ਜ਼ੇਲ੍ਹ ਭੇਜ ਦਿੱਤਾ ਜਾਂਦਾ ਹੈ। ਉਹ ਆਪਣੇ ਮਤਰੇਏ ਪਿਤਾ ਤੋਂ ਬਦਲਾ ਲੈਣ ਲਈ ਅਪਣੀ ਜ਼ਿੰਦਗੀ, ਨੌਕਰੀ ਤੇ ਐਸ਼ੋ ਇਸ਼ਰਤ ਸਭ ਕੁਝ ਦਾਅ 'ਤੇ ਲਾ ਦਿੰਦੀ ਹੈ। ਉਸ ਦੀ 21 ਵਰ੍ਹਿਆਂ ਦੀ ਧੀ ਲੀਜਾ ਵੀ ਜ਼ੁਰਮ ਦੀ ਦੁਨੀਆ ਵਿਚ ਪੈਰ ਰੱਖਣ ਕਰਕੇ ਜ਼ੇਲ੍ਹ ਪਹੁੰਚ ਜਾਂਦੀ ਹੈ। ਲਾਰਾ ਦਾ ਦੁਖਾਂਤ ਇਹ ਵੀ ਬਣਦਾ ਹੈ ਕਿ ਉਹ ਮਜ਼ਬੂਰੀ ਵਿਚ ਲੀਜਾ ਦੀ ਮਾਂ ਹੋਣ ਦਾ ਫ਼ਰਜ਼ ਨਹੀਂ ਸੀ ਨਿਭਾਅ ਸਕੀ ਤੇ ਲੀਜਾ ਨੂੰ ਜੰਮਦਿਆਂ ਹੀ ਉਸ ਤੋਂ ਦੂਰ ਕਰ ਦਿੱਤਾ ਜਾਂਦਾ ਹੈ ਤੇ ਲੀਜਾ ਰਸਤੇ ਤੋਂ ਭਟਕ ਜਾਂਦੀ ਹੈ। ਇਥੇ ਹੁਣ ਸਭ ਤੋਂ ਵੱਡਾ ਪ੍ਰਸ਼ਨ ਇਹ ਖੜ੍ਹਾ ਹੁੰਦਾ ਹੈ ਕਿ ਕਸੂਰਵਾਰ ਕੌਣ ਹੈ? ਉਹ ਸਿਸਟਮ ਜਿਸ ਵਿਚ ਔਰਤ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ ਜਾਂ ਉਹ ਔਰਤ ਜੋ ਆਪਣੇ ਨਾਲ ਹੋਏ ਅਨਿਆਂ ਦਾ ਬਦਲਾ ਲੈਣ ਲਈ ਆਪ ਫੈਸਲਾ ਕੁੰਨ ਭੂਮਿਕਾ ਨਿਭਾਉਂਦੀ ਹੈ।

'ਤਲਾਸ਼ ਜਾਰੀ ਹੈ' ਕਹਾਣੀ ਅਫਗਾਨਿਸਤਾਨ ਦੇਸ਼ ਨਾਲ ਸੰਬੰਧਤ ਮਾਨਵਤਾ ਦੇ ਸੰਕਟ ਨੂੰ ਪੇਸ਼ ਕਰਦੀ ਅੰਤਰ ਰਾਸ਼ਟਰੀ ਸਰੋਕਾਰਾਂ ਨਾਲ ਸੰਬੰਧਤ ਕਹਾਣੀ ਹੈ। ਇਸ ਕਹਾਣੀ ਦੀ ਸ਼ੁਰੂਆਤ ਰੂਸੀ ਫ਼ੌਜਾਂ ਦੀ ਅਫ਼ਗਾਨਿਸਤਾਨ ਦੀ ਧਰਤੀ 'ਤੇ ਆਮਦ ਨਾਲ ਹੁੰਦੀ ਹੈ ਤੇ ਅੰਤ 9/11 ਦੇ ਆਤੰਕੀ ਹਮਲੇ ਤੋਂ ਬਾਅਦ ਅਮਰੀਕੀ ਫ਼ੌਜਾਂ ਦੀ ਇਸ ਦੀ ਧਰਤੀ ਤੇ ਆਮਦ ਨਾਲ ਹੁੰਦਾ ਹੈ। ਦੋ ਮਹਾਨ ਤਾਕਤਾਂ ਵਿਚਕਾਰ ਅਫਗਾਨਿਸਤਾਨ ਚੱਕੀ ਦੇ ਦੋ ਪੁੜਾਂ ਦੇ ਦਾਣਿਆਂ ਦੀ ਤਰ੍ਹਾਂ ਪਿਸਦਾ ਹੈ। ਰੂਸੀ ਫ਼ੌਜਾਂ ਦੇ ਦਸ ਸਾਲ ਦੇ ਲਗਭਗ ਇਸ ਧਰਤੀ 'ਤੇ ਬੋਲਬਾਲੇ ਨਾਲ ਇਸ ਮੁਲਕ ਦਾ ਨਿਜ਼ਾਮ ਡਗਮਗਾਉਣ ਲੱਗਦਾ ਹੈ੍ਰ ਰੂਸੀਆਂ ਨੂੰ ਖਦੇੜਨ ਲਈ ਜਹਾਦੀ ਪੈਦਾ ਹੋਣ ਲਗਦੇ ਹਨ, ਜਦੋਂ ਰੂਸੀ ਫ਼ੌਜਾਂ ਦੇ ਪਰਤਣ ਤੋਂ

ਬਾਅਦ ਮੁਲਕ ਦੀ ਵਾਂਗ ਡੋਰ ਤਾਲਿਬਾਨ ਲੋਕਾਂ ਦੇ ਹੱਥ ਆਉਂਦੀ ਹੈ ਤਾਂ ਉਹ 'ਤਾਲਿਬਾਨੀ ਹੁਕਮ' ਜਾਰੀ ਕਰਕੇ ਆਮ ਲੋਕਾਂ ਦੀ ਨਿੱਜੀ ਆਜ਼ਾਦੀ 'ਤੇ ਕਈ ਪ੍ਰਕਾਰ ਦੀਆਂ ਪਾਬੰਦੀਆਂ ਲਾ ਦਿੰਦੇ ਹਨ ਤੇ ਬਹੁਤ ਸਾਰੇ ਪ੍ਰੋਫ਼ੈਸ਼ਨਲ ਲੋਕ ਇਸ ਧਰਤੀ ਤੋਂ ਹਿਜ਼ਰਤ ਕਰ ਜਾਂਦੇ ਹਨ। ਕਹਾਣੀਕਾਰਾ ਨੇ ਕਹਾਣੀ ਦੀ ਮੁੱਖ ਪਾਤਰ ਗੁਲ ਦੀ ਜ਼ਿੰਦਗੀ ਦੇ ਬਿਰਤਾਂਤ ਦੇ ਸਮਨਾਂਤਰ ਅਫਗਾਨਿਸਤਾਨ ਦੇ ਸੰਕਟ ਦਾ ਬਿਰਤਾਂਤ ਵੀ ਸਿਰਜਿਆ ਹੈ੍ ਕਹਾਣੀ ਵਿਚ ਗੁਲ ਤੇ ਉਸ ਦੇ ਪਤੀ ਤਾਰਿਕ ਦਾ ਦੁਖਾਂਤ ਅਫਗਾਨਿਸਤਾਨੀ ਹੋਣ ਕਰਕੇ ਉਪਜਦਾ ਹੈ੍ ਜਿਸ ਤੋਂ ਅਫਗਾਨਿਸਤਾਨੀ ਲੋਕਾਂ ਦੇ ਦੁਖਾਂਤ ਬੋਧ ਦਾ ਵੀ ਗਿਆਨ ਹੁੰਦਾ ਹੈ।

'ਤਲਾਸ਼ ਜਾਰੀ ਹੈ' ਕਹਾਣੀ ਦੇ ਸਿਰਲੇਖ ਰਾਹੀਂ ਇਹ ਕੇਂਦਰੀ ਨੁਕਤਾ ਪੇਸ਼ ਕੀਤਾ ਹੈ ਕਿ ਮਨੁੱਖਤਾ ਲਈ ਖ਼ਤਰਾ ਆਤੰਕਵਾਦੀਆਂ ਦੀ ਤਲਾਸ਼ ਜਾਰੀ ਰਹੇਗੀ੍ ਇਸ ਕਹਾਣੀ ਵਿਚ ਕਹਾਣੀਕਾਰਾ ਨੇ ਰੂਸੀ ਫ਼ੌਜਾਂ ਦੇ ਦੇਸ਼ ਛੱਡਣ ਸਮੇਂ ਕਾਬੁਲ ਸ਼ਹਿਰ ਦਾ ਜੋ ਮਾਰਮਿਕ ਦ੍ਰਿਸ਼ 'ਸ਼ਹਿਰੇ ਖਾਮੋਸ਼ਾਂ' ਦੇ ਰੂਪ ਵਿਚ ਚਿਤਰਿਆ ਹੈ, ਇਹੋ ਜਿਹਾ ਦ੍ਰਿਸ਼ ਹੀ ਪਿਛਲੇ ਸਾਲ ਸੰਨ 2021 ਵਿਚ ਅਮਰੀਕਾ ਦੀਆਂ ਫ਼ੌਜਾਂ ਦੀ ਅਫਗਾਨਿਸਤਾਨ ਵਿਚੋਂ ਵਾਪਸੀ ਸਮੇਂ ਕਾਬੁਲ ਸ਼ਹਿਰ ਦਾ ਟੀ.ਵੀ. 'ਤੇ ਦਿਖਾਇਆ ਗਿਆ੍ ਇਹ ਇਸ ਕਹਾਣੀ ਦੀ ਇੱਕ ਕਲਾਤਮਕ ਪ੍ਰਾਪਤੀ ਵੀ ਹੈ।

'ਸ਼ਹਿਰੇ ਖਾਮੋਸ਼ਾਂ' ਇੱਕ ਹੋਰ ਅੰਤਰ ਰਾਸ਼ਟਰੀ ਸਰੋਕਾਰਾਂ ਵਾਲੀ ਕਹਾਣੀ ਹੈ੍ ਇਸ ਕਹਾਣੀ ਵਿਚ ਮਿਸਰ ਦੀ ਰਾਜਧਾਨੀ ਕਾਇਰਾ ਦੇ ਸ਼ਹਿਰ ਅਲ ਅਰਾਫਾ ਯਾਨਿ ਨੈਕਰੋਪੋਲਿਸ ਮ੍ਰਿਤਕਾਂ ਦੇ ਸ਼ਹਿਰ ਦੇ ਬਿਰਤਾਂਤ ਰਾਹੀਂ ਦੁਨੀਆ ਭਰ ਵਿਚ ਮੁਰਦਿਆਂ ਦੇ ਦਫ਼ਨਾਉਣ ਲਈ ਘੱਟ ਰਹੀ 'ਸਪੇਸ' ਦੇ ਸਰੋਕਾਰ ਰਾਹੀਂ, ਇੱਕ ਨਵਾਂ ਸਰੋਕਾਰ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਕੇਂਦਰੀ ਸਰੋਕਾਰ ਇਹ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਜੇਕਰ ਲੋਕ ਇਵੇਂ ਹੀ ਕਬਰਾਂ ਵਿਚ ਮੁਰਦੇ ਦਫਨਾਉਂਦੇ ਰਹੇ ਤਾਂ ਮਲਟੀ ਸਟੋਰੀ ਕਬਰਸਤਾਨਾਂ ਦੀ ਸਿਰਜਨਾ ਕਰਨੀ ਪਵੇਗੀ੍ ਇਸ ਕਹਾਣੀ ਵਿਚ ਦੂਜਾ ਸਰੋਕਾਰ ਔਰਤ ਦੀ ਦੇਹ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ ਕਿ ਔਰਤ ਕਿਤੇ ਵੀ ਸੁਰੱਖਿਅਤ ਨਹੀਂ ਹੈ। ਤੀਜਾ ਸਰੋਕਾਰ ਲੇਖਿਕਾ ਨੇ ਇਹ ਪੇਸ਼ ਕੀਤਾ ਹੈ ਕਿ ਜਦੋਂ ਸਟੇਟ ਤੇ ਆਤੰਕਵਾਦੀਆਂ ਵਿਚਕਾਰ ਟਕਰਾਅ ਪੈਦਾ ਹੁੰਦਾ ਹੈ ਤਾਂ ਆਮ ਜਨਤਾ ਨੂੰ ਅਜਾਈ ਹੀ ਜਾਨਾਂ ਗਵਾ ਕੇ ਖ਼ਮਿਆਜਾ ਭੁਗਤਨਾ ਪੈਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਰਾਣੀ ਨਗਿੰਦਰ ਆਪਣੀਆਂ ਕਹਾਣੀਆਂ ਵਿਚ ਘਰ, ਪਰਿਵਾਰ, ਨਾਰੀ ਤੇ ਪਰਵਾਸ ਨਾਲ ਸੰਬੰਧਤ ਸਰੋਕਾਰਾਂ ਨੂੰ ਬਦਲਦੀਆਂ ਸਮਾਜਿਕ-ਆਰਥਿਕ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਕਈ ਧਰਾਤਲਾਂ 'ਤੇ ਪੇਸ਼ ਕਰਦੀ ਹੈ੍ ਉਹ ਸਮੇਂ ਨਾਲ ਆ ਰਹੀ ਤਬਦੀਲੀ ਨੂੰ ਤਾਂ ਸਵੀਕਾਰਦੀ ਹੈ ਪਰ ਨਾਲ ਹੀ ਉਨ੍ਹਾਂ ਪਰੰਪਰਾਗਤ ਮੁੱਲਾਂ ਨੂੰ ਤਿਲਾਂਜਲੀ ਦੇਣ ਦੇ ਹੱਕ ਵਿਚ ਨਹੀਂ ਜਿਹੜੇ ਮਨੁੱਖਤਾ ਦੀ ਬਿਹਤਰੀ ਲਈ ਸਿਰਜੇ ਗਏ ਹਨ੍ ਉਸ ਨੇ ਆਪਣੇ ਕਥਾ-ਸੰਸਾਰ ਨੂੰ ਪਰਵਾਸੀ ਸਰੋਕਾਰਾਂ ਤੱਕ ਹੀ ਸੀਮਿਤ ਨਹੀਂ ਰੱਖਿਆ, ਸਗੋਂ ਪੰਜਾਬੀ ਕਹਾਣੀ ਦੇ ਪਾਠਕਾਂ ਨੂੰ ਸੰਸਾਰ ਪੱਧਰ 'ਤੇ ਪੈਦਾ ਹੋ ਰਹੀਆਂ ਨਵੀਆਂ ਚੁਣੌਤੀਆਂ ਤੋਂ ਵੀ ਪਰਿਚਿਤ ਕਰਵਾਉਂਦੀ ਹੋਈ, ਪੰਜਾਬੀ ਪਰਵਾਸੀ ਕਹਾਣੀ ਨੂੰ ਵਿਸ਼ਵ ਪੱਧਰੀ ਸਰੋਕਾਰਾਂ ਨਾਲ ਜੋੜਦੀ ਹੈ੍ ਇਹ ਉਸ ਦੀ ਇੱਕ ਅਹਿਮ ਪ੍ਰਾਪਤੀ ਹੈ।

## ਹਵਾਲੇ ਤੇ ਟਿੱਪਣੀਆਂ


1. ਰਾਣੀ ਨਗਿੰਦਰ ਕੌਰ, ਗੁਲਾਬੀ ਤਿਕੋਣ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪਹਿਲੀ ਵਾਰ 2019, ਪੰਨਾ 76।

2. ਉਹੀ, ਪੰਨੇ 76-77।

3. ਹਰਚੰਦ ਸਿੰਘ ਬੇਦੀ, "ਰਾਣੀ ਨਗਿੰਦਰ ਦੀਆਂ ਕਹਾਣੀਆਂ ਬਾਰੇ", ਗੁਲਾਬੀ ਤਿਕੋਣ, ਰਾਣੀ ਨਗਿੰਦਰ ਕੌਰ, ਪੰਨੇ 15-16

4. ਰਾਣੀ ਨਗਿੰਦਰ ਕੌਰ, ਗੁਲਾਬੀ ਤਿਕੋਣ, ਪੰਨਾ 142.

5. ਖ਼ਾਲਿਦ ਸੁਹੇਲ, "ਰਾਣੀ ਨਗੇਂਦਰ ਤੇ ਅਜਨਬੀ ਸ਼ਹਿਰ", ਧੁਖਦਾ ਸ਼ਹਿਰ, ਰਾਣੀ ਨਗੇਂਦਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲੀ ਵਾਰ 1986, ਪੰਨਾ 8।





# ਪੈੜ ਜਗੀਰੋ ਦੀ


**ਸੰਤ ਸਿੰਘ ਸੰਧੂ**


| | |
|---|---|
| ਦਲਾਈਲਾਮਾ | – ਇਹ ਤਿੱਬਤ ਬਾਗ ਦਾ ਮਾਲੀ ਏ, ਜਿਥੇ ਆ ਗਿਆ ਹੁਣ ਅਬਦਾਲੀ ਏ। |
| ਫੌਜਾ ਸਿੰਘ | – ਕਿਹੜਾ ਇਸ ਦੁਨੀਆਂ ਦੇ ਦਰਾਂ ਉਤੇ, ਖੜਾ ਜੋਗੀਆਂ ਦੇ ਵਾਂਗ ਰਹੇ। |
| ਬਹਾਦਰ ਸ਼ਾਹ ਜ਼ਫ਼ਰ | – ਵਾਰਸ ਸ਼ਾਹ, ਉਹ ਸਦਾ ਹੀ ਜੀਉਂਦੇ ਨੇ, ਜਿਨ੍ਹਾਂ ਨੀਤੀਆਂ ਨੇਕ ਕਮਾਈਆਂ ਜੀ |
| ਭਗਵੰਤ ਮਾਨ | – ਬਹੁਤਿਆਂ ਭਰਾਵਾਂ ਵਾਲੀਏ, ਤੈਨੂੰ ਲੈਣ ਮਿਰਾਸੀ ਆਇਆ |
| ਨਰਿੰਦਰ ਮੋਦੀ | – ਇਕ ਛੜਾ ਕਹਿੰਦਾ ਤੈਨੂੰ ਕਾਂਟੇ ਕਰਵਾ ਦਿਆਂ |
| ਨਿਤੀਸ਼ ਕੁਮਾਰ | – ਦੂਜਾ ਛੜਾ ਕਹਿੰਦਾ ਤੇਰੇ ਕੰਨਾਂ ਵਿਚ ਪਾ ਦਿਆਂ |
| ਜੱਗ ਮਾਈ ਲਾਹੌਰ | – ਮੋਹ ਮਿੱਟੀ ਦੀਆਂ ਗੂੰਜਾਂ, ਜੁਗੋ-ਜੁਗ ਪੈਂਦੀਆਂ ਰਹਿਣਗੀਆਂ। |
| ਸੁਰਿੰਦਰ ਸਿੰਘ ਸੁੰਨੜ | – ਆ ਜਾ ਬਹਿ ਜਾ ਵੇ ਸਿਪਾਹੀਆ ਸਾਡੇ ਕੋਲ, ਤੇਰਾ ਮਨ ਖੁਸ਼ ਰੱਖੀਏ। |
| ਕੁਲਜੀਤ ਕੌਰ ਸਰਾਏ | – ਸਭ ਦੀਆਂ ਦੁਆਵਾਂ ਨਾਲ ਤੇਰੇ, ਤੈਨੂੰ ਚਹੁੰ ਕੂੰਟਾਂ ਵਿਚ ਪਿਆਰ ਮਿਲੇ। |
| ਪੂਨਮ ਘਈ | – ਮੈਂ ਲਗਰ ਤੂਤ ਦੀ, ਲੜ ਕਾਲੇ ਦੇ ਲਾਈ ਵੇ |
| ਰਾਮ ਮੂਰਤੀ | – ਵੇਖੀਂ ਕਿਤੇ ਨਿੰਦ ਨ ਦੇਈਂ, ਮੁੰਡਾ ਪਿਛਲੇ ਜਨਮ ਦਾ ਸਾਧੂ |
| ਧਨਖੜ | – ਆਦਮ ਛੱਡ ਬਹਿਸ਼ਤ ਦਾ ਬਾਗ ਵੇਖੋ, ਭੁਲੇ ਵਿਸਰੇ ਕਣਕ ਨੂੰ ਖਾਇ ਗਿਆ |
| ਲਾਲ ਬਹਾਦਰ ਸ਼ਾਸਤਰੀ | – ਮੈਂ ਤੈਨੂੰ ਵਰਜ ਰਹੀ, ਨਾ ਜਾਂਦਾ ਦੇਸ ਬਿਗਾਨੇ |
| ਕੇਜਰੀਵਾਲ | – ਵਾਰਸ ਨਹੀਂ ਦਾੜ੍ਹੀ ਕੰਨ ਨੱਕ, ਪਾਟੇ, ਕੌਣ ਭਰੇਗਾ ਤਿਨਾਂ ਦੀਆਂ ਹਾਮੀਆਂ ਜੀ |
| ਡਾ. ਵਿਨੀਤਾ | – ਮੱਥਾ ਟੇਕਦਾ ਅੰਮੀ ਦੀਏ ਜਾਈਏ, ਬੋਤਾ ਦੱਸ ਕਿਥੇ ਬੰਨ੍ਹੀਏ |
| ਪੁਤਿਨ | – ਖੂਨ ਭੇਡ ਦੇ ਪਿੰਡ ਜੇ ਮਾਰ ਦਈਏ, ਉਜੜ ਜਾਏ ਜਹਾਨ ਤੇ ਜੱਗ ਸਾਰਾ |
| ਡੋਨਾਲਡ ਟ੍ਰੰਪ | – ਨੀ ਮਰ ਜਾਣਾ ਅਮਲੀ ਪਿੰਡ 'ਚ ਲੜਾਈਆ ਪਾਵੇ |
| ਗਗਨ ਮਾਨ | – ਕੋਈ ਨਹੀਂ ਵਿਸਾਹ ਕੁਆਰੀਆਂ ਦਾ, ਐਵੇਂ ਲੋਕ ਨਿਕੰਮੜੇ ਕਰਨ ਝੇੜੇ |
| ਪਿਆਰਾ ਸਿੰਘ ਸੰਘਾ | – ਇਕ ਵੀਰ ਦਈ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿਤ ਕਰਦਾ |
| ਇਮਰਾਨ ਖਾਨ | – ਜਿਹੜੇ ਫੁੱਲ ਦਾ ਨਿਤ ਤੂੰ ਰਿਹਾ ਰਾਖਾ, ਉਸ ਫੁੱਲ ਨੂੰ ਤੋੜ ਲੈ ਗਏ ਖੇੜੇ |
| ਨਵਜੋਤ ਸਿੱਧੂ | – ਯਾਰ ਤੇਰਾ ਡੱਕਿਆ ਪਿਆ, ਭੁਗਤੂਗਾ ਕੌਣ ਤਰੀਕਾਂ |
| ਮੋਤਾ ਸਿੰਘ ਸਰਾਏ | – ਦਰ ਵਿਚ ਗੰਗਾ ਵਗੇ ਵਗ ਜਾਵੇ ਕੋਈ ਕੋਈ ਧਰਮੀ ਨਹਾਵੇਗਾ |
| ਸੁਖਬੀਰ ਬਾਦਲ | – ਮਲਵੇ ਦਿਆ ਮੱਲ ਗੁਜਰਾ, ਘੋੜੀ ਤੇਰੀ ਵੇ, ਕਿੱਲਾ ਪੁਟਾ ਗਈ ਆ |
| ਸੰਸਦ | – ਕਿਕਰੇ ਡਿਗ ਨ ਪਈ, ਤੇਰੇ ਹੇਠ ਪਏ ਪਟਵਾਰੀ |
| ਚਿੱਟੇ ਦੇ ਸਿੱਟੇ | – ਵਿਚ ਪੰਜਾਬ ਨਸ਼ਈਆਂ ਦੇ ਰੁਲਣ ਮੁਰਦੇ, ਜਿਵੇਂ ਮੰਡੀ ਵਿਚ ਰੁਲਦੀਆਂ ਬੋਰੀਆਂ ਜੀ |
| ਖੇਤੀ ਕਾਨੂੰਨ | – ਨਾਲੇ ਸਾਡਾ ਦੁੱਧ ਪੀ ਗਿਆ, ਨਾਲੇ ਭੰਨਿਆਂ ਗਿਲਾਸ ਬਲੌਰੀ |
| ਦਿੱਲੀ ਸਰਕਾਰ | – ਮੇਰੇ ਚੰਦਰੇ ਜੇਠ ਕੇ ਛੋਲੇ ਕਦੇ ਨੀ ਕਿਹਾ ਸਾਗ ਤੋੜ ਲਾ |
| ਯੂਕ੍ਰੇਨ | – ਗਲੀਆਂ ਹੋਈਆਂ ਸੁੰਨੀਆਂ, ਤੇ ਮਿਰਜੇ ਵੀਰ ਮਰੇ |
| ਪੰਜਾਬ | – ਇਕ ਤਾਂ ਕਾਲੀ ਰਾਤ ਹਨੇਰੀ, ਦੂਜਾ ਚੰਦ ਬੱਦਲਾਂ ਹੇਠ ਆਇਆ। |

ਤਲਵੰਡੀ ਸਲੇਮ (ਜਲੰਧਰ)
97794-79169



ਬਹਿਰ
ਮਲਵਿੰਦਰ



ਗ਼ਜ਼ਲ ਸੰਗ੍ਰਹਿ
ਟੂਮਾਂ



ਜ਼ਮਾਨੇ ਬਦਲ ਗਏ
ਬੀਤੇ ਸੱਭਿਆਚਾਰ ਦਾ
ਕਾਵਿ-ਕੋਸ਼
ਜੈਲਦਾਰ ਸਿੰਘ ਹਸਮੁੱਖ



ਨਗਨ ਅਵਸਥਾ ਦੇ
ਅੱਖਰ
ਸਤਿਨਾਮ ਔਜਲਾ

Apni Aawaaz | Volume 4 | Issue 1 | August 2025 | RNI : PUNPUN/2022/82997




Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
Publication Date : 16/8/2025

ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -144702 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ - ਡਾ. ਰਾਮ ਮੂਰਤੀ
ਪ੍ਰਕਾਸ਼ਕ ਮਿਤੀ : 16/8/2025